ਕੌਮਾਂਤਰੀ
# ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

West/East Coast Edition | Volume 12 | Issue 80 | 19 to 25 July, 2023 | Ph.: (510) 240-5949 | Email: asrtimes@gmail.com



# ਡੁੱਬਦਾ ਪੰਜਾਬ

## ਕੁਦਰਤੀ ਕਰੋਪੀ ਜਾਂ ਮਨੁੱਖੀ ਅਣਗਹਿਲੀ

## 1947, 1955, 1988 ਅਤੇ 1993 ਦੇ ਹੜ੍ਹਾਂ ਤੋਂ ਕੀ ਅਸੀਂ ਕੁੱਝ ਸਿੱਖਿਆ?

- ਹੜ੍ਹਾਂ ਦੇ ਪਾਣੀ 'ਚ ਰੁੜ੍ਹ ਗਏ ਸਰਕਾਰ ਦੇ ਹੜ੍ਹ ਰੋਕੂ ਪ੍ਰਬੰਧ
- ਬਰਸਾਤੀ ਪਾਣੀ ਨੂੰ ਧਰਤੀ ਹੇਠਾਂ ਭੇਜਣ ਲਈ ਕੀਤੇ ਜਾਣ ਠੋਸ ਉਪਰਾਲੇ
- ਹੜ੍ਹਾਂ ਸੰਬੰਧੀ ਡੀਬੇਟ ਅਤੇ ਵਿਚਾਰ ਚਰਚਾਵਾਂ ਦਾ ਵੀ ਆਇਆ ਹੜ੍ਹ
- ਧਰਮ ਤੇ ਰਾਜਨੀਤੀ ਤੋਂ ਉੱਪਰ ਉੱਠ ਕੇ ਪੰਜਾਬੀਆਂ ਨੇ ਦਿੱਤਾ ਸਾਂਝੀਵਾਲਤਾ ਦਾ ਸੁਨੇਹਾ

ਪਟਿਆਲਾ/ਏ.ਟੀ.ਨਿਊਜ਼ : ਉੱਤਰੀ ਭਾਰਤ ਦੇ ਸੂਬਿਆਂ ਪੰਜਾਬ, ਹਰਿਆਣਾ, ਹਿਮਾਚਲ ਪ੍ਰਦੇਸ਼, ਜੰਮੂ-ਕਸ਼ਮੀਰ ਅਤੇ ਉੱਤਰਾਖੰਡ ਵਿੱਚ ਇਸ ਸਮੇਂ ਹੜ੍ਹਾਂ ਦਾ ਕਹਿਰ ਜਾਰੀ ਹੈ। ਵੱਡੀ ਹੈਰਾਨੀ ਅਤੇ ਦੁੱਖ ਦੀ ਗਲ ਇਹ ਹੈ ਕਿ 1947, 1955, 1988, 1993 ਦੇ ਹੜ੍ਹਾਂ ਤੋਂ ਮਨੁੱਖ ਨੇ ਕੁੱਝ ਨਹੀਂ ਸਿੱਖਿਆ ਸਗੋਂ ਹੁਣ 2023 ਦੇ ਦੌਰਾਨ ਆਏ ਹੜ੍ਹਾਂ ਤੋਂ ਬਚਾਓ ਲਈ ਯੋਗ ਉਪਰਾਲੇ ਕਰਨ ਵਿੱਚ ਮਨੁੱਖ ਪੂਰੀ ਤਰਾਂ ਅਸਫ਼ਲ ਹੋ ਗਿਆ ਹੈ। ਵਿਡੰਬਨਾ ਇਹ ਹੈ ਕਿ ਇੱਕ ਪਾਸੇ ਹੜ੍ਹ ਦਾ ਪਾਣੀ ਕਹਿਰ ਬਣਿਆ ਹੋਇਆ ਹੈ, ਦੂਜੇ ਪਾਸੇ ਹੜ੍ਹਾਂ ਸਬੰਧੀ ਡੀਬੇਟ ਅਤੇ ਵਿਚਾਰ ਚਰਚਾ ਦਾ ਹੜ੍ਹ



ਆਇਆ ਹੋਇਆ ਹੈ, ਜਿਸ ਵਿੱਚ ਹੜ੍ਹਾਂ ਦੀ ਮਾਰ ਅਤੇ ਹੜ੍ਹ ਪ੍ਰਭਾਵਿਤ ਲੋਕਾਂ ਦੀਆਂ ਤਸਵੀਰਾਂ ਦਿਖਾਉਣ 'ਤੇ ਜਿਆਦਾ ਜੋਰ ਹੁੰਦਾ ਹੈ। ਇਸ ਦੇ ਬਾਵਜੂਦ ਹੜ੍ਹਾਂ ਤੋਂ ਬਚਾਓ ਲਈ ਪੂਰੇ ਪ੍ਰਬੰਧ ਕਰਨ ਵਿੱਚ ਸਰਕਾਰ, ਪ੍ਰਸ਼ਾਸਨ ਅਤੇ ਸਮਾਜ ਬਿਲਕੁਲ ਫੇਲ੍ਹ ਹੋ ਗਏ ਹਨ। ਹੜ੍ਹਾਂ ਨੂੰ ਸਿਰਫ਼ ਕੁਦਰਤੀ ਆਫ਼ਤ ਕਹਿ ਕੇ ਨਹੀਂ ਸਰਨਾ, ਹੜ੍ਹਾਂ ਦੇ ਲਈ ਮਨੁੱਖਤਾ ਵੀ ਜਿੰਮੇਵਾਰ ਹੈ, ਜਿਸ ਵਿੱਚ ਲੈਂਡ ਸ਼ਾਰਕ ਵੀ ਜਿੰਮੇਵਾਰ ਹਨ।

ਪਿਛਲੇ ਲੰਬੇ ਸਮੇਂ ਤੋਂ ਪੰਜਾਬ ਵਿੱਚ ਡਰੇਨਾ, ਬਰਸਾਤੀ ਨਦੀਆਂ ਅਤੇ ਚੋਆਂ ਨੂੰ ਸਾਫ ਅਤੇ ਡੂੰਘਾ ਕਰਨ ਲਈ ਕੁਝ ਨਹੀਂ ਕੀਤਾ ਗਿਆ। ਇਸ ਵਾਰ ਮਾਨਸੂਨ ਆਉਣ ਤੋਂ ਪਹਿਲਾਂ ਪੰਜਾਬ ਦੀ ਮੌਜੂਦਾ ਸਰਕਾਰ ਵੀ ਇਹ ਕੰਮ ਕਰਨ ਵਿੱਚ ਅਵੇਸਲੀ ਰਹੀ, ਜਿਸ ਕਾਰਨ ਪੰਜਾਬ ਨੂੰ ਹੜ੍ਹਾਂ ਦੀ ਮਾਰ ਦਾ ਸਾਹਮਣਾ ਕਰਨਾ ਪਿਆ। ਇਹ ਵੀ (ਬਾਕੀ ਸਫ਼ਾ 29 'ਤੇ)

## ਆਧੁਨਿਕਤਾ ਬਣੀ ਸ਼ਰਾਪ



ਅਸੀਂ ਨਵੇਂ ਸ਼ਹਿਰ ਤਾਂ ਬਣਾਏ, ਡੈਮ ਬਣਾਏ, ਉੱਚੀਆਂ ਬਿਲਡਿੰਗਾਂ ਵੀ ਬਣਾਈਆਂ। ਪਰ ਕਿੰਨੇ ਦੁੱਖ ਦੀ ਗਲ ਹੈ ਕਿ ਪੁੱਡਾ, ਗਮਾਡਾ, ਨਗਰ ਨਿਗਮ ਅਤੇ ਹੋਰ ਜ਼ਿੰਮੇਵਾਰ ਅਥਾਰਿਟੀਆਂ ਵੱਲੋਂ ਨਵੇਂ ਸ਼ਹਿਰ ਜਾਂ ਨਵੇਂ ਇਲਾਕੇ ਬਣਾਉਣ/ ਵਸਾਉਣ ਸਮੇਂ ਬਰਸਾਤੀ ਪਾਣੀ ਦੀ ਨਿਕਾਸੀ ਦੇ ਪੁਖਤਾ ਇੰਤਜ਼ਾਮ ਹੀ ਨਹੀਂ ਕੀਤੇ ਗਏ, ਇਸੇ ਕਾਰਨ ਪੁੱਡਾ/ਗਮਾਡਾ ਵੱਲੋਂ ਵਸਾਏ ਗਏ ਮਹਿੰਗੇ ਇਲਾਕਿਆਂ 'ਚ ਵੀ ਬਰਸਾਤੀ ਪਾਣੀ ਵੱਡੀ ਆਫ਼ਤ ਬਣ ਗਿਆ, ਜੋ ਕਿ ਨਿਕਾਸੀ ਲਈ ਰਸਤਾ ਨਾ ਮਿਲਣ ਕਾਰਨ ਲੋਕਾਂ ਦੇ ਘਰਾਂ ਅਤੇ ਦੁਕਾਨਾਂ ਅੰਦਰ ਚਲਾ ਗਿਆ। ਇਸ ਤੋਂ ਸਾਬਤ ਹੋ ਜਾਂਦਾ ਹੈ ਕਿ ਪੁੱਡਾ ਅਤੇ ਗਮਾਡਾ ਜਾਂ ਜ਼ਿੰਮੇਵਾਰੀ ਅਥਾਰਿਟੀਆਂ ਵੱਲੋਂ ਨਵੇਂ ਇਲਾਕੇ ਵਸਾਉਣ ਵੇਲੇ ਬਰਸਾਤੀ ਪਾਣੀ ਦੀ ਨਿਕਾਸੀ ਨੂੰ ਅਣਗੌਲਿਆ ਕਰ ਦਿੱਤਾ ਗਿਆ ਜਾਂ ਇਸ ਦੀ ਅਹਿਮੀਅਤ ਹੀ ਨਹੀਂ ਸਮਝੀ ਗਈ। ਹੁਣ ਵੱਡਾ ਸਵਾਲ ਇਹ ਪੈਦਾ ਹੁੰਦਾ ਹੈ ਕਿ ਹੜ੍ਹਾਂ ਦੀ ਇਸ ਕਰੋਪੀ ਲਈ ਕੀ ਜ਼ਿੰਮੇਵਾਰ ਮਹਿਕਮੇ ਅਤੇ ਸਬੰਧਿਤ ਅਧਿਕਾਰੀ ਆਪਣੀ ਜ਼ਿੰਮੇਵਾਰੀ ਨੂੰ ਸਮਝਣਗੇ।

## ਨੱਥ ਚੂੜਾ ਚੜ੍ਹਾਉਣ ਦੀ ਰਸਮ



ਪਟਿਆਲਾ ਵਿੱਚ ਆਏ ਹੜ੍ਹ ਮੌਕੇ ਪਟਿਆਲਾ ਰਾਜ ਘਰਾਣੇ ਦੀ ਨੂੰਹ ਪ੍ਰਨੀਤ ਕੌਰ ਵੱਲੋਂ ਨਦੀ ਵਿੱਚ ਨੱਥ ਤੇ ਚੂੜਾ ਚੜ੍ਹਾਇਆ ਗਿਆ। ਜਦੋਂ ਵੀ ਇਸ ਨਦੀ ਵਿੱਚ ਹੜ੍ਹ ਆਉਂਦਾ ਹੈ ਹਰ ਵਾਰੀ ਰਾਜ ਘਰਾਣੇ ਦੇ ਮੈਂਬਰ ਵੱਲੋਂ ਇਹੋ ਰਸਮ ਨਿਭਾਈ ਜਾਂਦੀ ਹੈ। ਇਹ ਕੋਈ ਨਵੀਂ ਰਸਮ ਨਹੀਂ ਹੈ ਸਗੋਂ ਰਾਜ ਦੀ ਹੋਂਦ ਦੇ ਨਾਲ ਹੀ ਇਹ ਵਰਤਾਰਾ ਸ਼ੁਰੂ ਹੋ ਗਿਆ ਸੀ ਅਤੇ ਅੱਜ ਵੀ ਇਹ ਵਰਤਾਰਾ ਜਾਰੀ ਹੈ। ਪਟਿਆਲਾ ਇਲਾਕੇ ਦੇ ਅਨੇਕਾਂ ਲੋਕ ਇਸ ਨੂੰ ਜ਼ਰੂਰੀ ਰਸਮ ਮੰਨਦੇ ਹਨ, ਜਦੋਂ ਕਿ ਕੁਝ ਤਰਕਸ਼ੀਲ ਸੋਚ ਵਾਲੇ ਵਿਅਕਤੀ ਇਸ ਰਸਮ ਨੂੰ ਅੰਧ ਵਿਸ਼ਵਾਸ ਕਹਿ ਰਹੇ ਹਨ। ਕੁਝ ਵਿਦਵਾਨ ਕਹਿ ਰਹੇ ਹਨ ਕਿ ਨਦੀ ਨੂੰ ਨੱਥ ਚੂੜਾ ਚੜ੍ਹਾ ਕੇ ਹੜ੍ਹਾਂ ਤੋਂ ਬਚਾਓ ਨਹੀਂ ਹੋ ਸਕਦਾ ਸਗੋਂ ਹੜ੍ਹਾਂ ਤੋਂ ਬਚਾਓ ਲਈ ਪੱਕੇ ਅਤੇ ਪੁਖਤਾ ਪ੍ਰਬੰਧ ਕਰਨੇ ਜਰੂਰੀ ਹਨ। ਹੜ੍ਹਾਂ ਤੋਂ ਬਚਾਓ ਲਈ ਜ਼ਰੂਰੀ ਹੈ ਕਿ ਪੰਜਾਬ ਦੀਆਂ ਪੁਰਾਤਨ ਬਰਸਾਤੀ ਨਦੀਆਂ, ਬਰਸਾਤੀ ਨਾਲਿਆਂ, ਛੱਪੜਾਂ, ਬਰਸਾਤੀ ਚੋਆਂ ਨੂੰ ਮੁੜ ਸੁਰਜੀਤ ਕੀਤਾ ਜਾਵੇ ਅਤੇ ਇਹਨਾਂ 'ਤੇ ਹੋਏ ਨਾਜਾਇਜ਼ ਕਬਜ਼ੇ ਹਟਾ ਕੇ ਹੜ੍ਹਾਂ ਦੇ ਪਾਣੀ ਦੀ ਨਿਕਾਸੀ ਲਈ ਯੋਗ ਪ੍ਰਬੰਧ ਕੀਤੇ ਜਾਣ।

## ਹੜ੍ਹਾਂ ਤੋਂ ਬਚਾਓ ਲਈ ਕੀਤੇ ਜਾਣ ਪੁਖ਼ਤਾ ਪ੍ਰਬੰਧ

ਹੜ੍ਹਾਂ ਦੇ ਕਹਿਰ ਤੋਂ ਬਚਾਓ ਲਈ ਪੰਜਾਬ ਸਰਕਾਰ, ਲੋਕਲ ਪ੍ਰਸ਼ਾਸਨ ਅਤੇ ਸਮਾਜ ਨੂੰ ਰਲ ਮਿਲ ਕੇ ਵੱਡੇ ਉਪਰਾਲੇ ਕਰਨ ਦੀ ਲੋੜ ਹੈ। ਸਭ ਤੋਂ ਪਹਿਲਾਂ ਤਾਂ ਪੰਜਾਬ ਵਿੱਚ ਅਲੋਪ ਹੋਏ ਛੱਪੜਾਂ, ਬਰਸਾਤੀ ਨਦੀਆਂ, ਚੋਆਂ ਨੂੰ ਮੁੜ ਸੁਰਜੀਤ ਕੀਤਾ ਜਾਣਾ ਚਾਹੀਦਾ ਹੈ। ਇਸ ਦੇ ਨਾਲ ਹੀ ਬਰਸਾਤੀ ਪਾਣੀ ਦੀ ਨਿਕਾਸੀ ਲਈ ਹਰ ਸਾਲ ਬਰਸਾਤਾਂ ਤੋਂ ਪਹਿਲਾਂ ਬਰਸਾਤੀ ਨਦੀਆਂ, ਨਾਲਿਆਂ, ਡਰੇਨਾਂ, ਰਜਵਾਹਿਆਂ ਦੀ ਸਹੀ ਤਰੀਕੇ ਨਾਲ ਸਫਾਈ ਕਰਵਾਉਣੀ ਜ਼ਰੂਰੀ ਹੈ। ਇਸ ਤੋਂ ਇਲਾਵਾ ਪੂਰੇ ਪੰਜਾਬ ਵਿੱਚ ਬਰਸਾਤੀ ਪਾਣੀ ਦੀ ਧਰਤੀ ਹੇਠ ਨਿਕਾਸੀ ਲਈ ਠੋਸ ਯਤਨ ਕੀਤੇ ਜਾਣੇ ਚਾਹੀਦੇ ਹਨ। ਜੇ ਬਰਸਾਤ ਦਾ ਪਾਣੀ ਯੋਗ ਪ੍ਰਣਾਲੀ ਰਾਹੀਂ ਧਰਤੀ ਹੇਠਾਂ ਭੇਜਿਆ ਜਾਵੇ ਤਾਂ ਧਰਤੀ ਹੇਠਲੇ ਪਾਣੀ ਦੇ ਪੱਧਰ ਵਿੱਚ ਵੀ ਵਾਧਾ ਹੋਵੇਗਾ ਅਤੇ ਹੜ੍ਹਾਂ ਦਾ ਪਾਣੀ ਆਮ ਲੋਕਾਂ ਲਈ ਕਹਿਰ ਨਹੀਂ ਬਣੇਗਾ।

## ਡਿਪਟੀ ਕਮਿਸ਼ਨਰਾਂ ਦੇ ਸ਼ਲਾਘਾਯੋਗ ਯਤਨ



ਪੰਜਾਬ ਦੇ ਸਾਰੇ ਜ਼ਿਲਿਆਂ ਦੇ ਡਿਪਟੀ ਕਮਿਸ਼ਨਰਾਂ ਨੇ ਹੜ੍ਹਾਂ ਦੌਰਾਨ ਆਮ ਲੋਕਾਂ ਦੀ ਸਹਾਇਤਾ ਲਈ ਸ਼ਲਾਘਾਯੋਗ ਕੰਮ ਕੀਤਾ। ਇਸੇ ਦੌਰਾਨ ਪਟਿਆਲਾ 'ਚ ਆਏ ਹੜ੍ਹਾਂ ਦੌਰਾਨ ਪਟਿਆਲਾ ਦੀ ਡਿਪਟੀ ਕਮਿਸ਼ਨਰ ਸ਼ਾਕਸੀ ਸਾਹਨੀ ਦਾ ਕੰਮ ਸਲਾਹੁਣਯੋਗ ਰਿਹਾ। ਉਹਨਾਂ ਵੱਲੋਂ ਦਿਨ ਰਾਤ ਪੀੜਤ ਲੋਕਾਂ ਦੀ ਸਹਾਇਤਾ ਲਈ ਉਪਰਾਲੇ ਕੀਤੇ ਗਏ। ਲੋਕਾਂ ਨੂੰ ਕਿਹੜੀ ਸ਼ਬਦਾਵਲੀ ਸਮਝ ਆਉਂਦੀ ਹੈ, ਮਾਹੌਲ ਮੁਤਾਬਕ ਕਿਵੇਂ ਸਮਝਾਉਣਾ ਹੈ, ਹਰ ਸੰਭਵ ਮਦਦ ਕਿਵੇਂ ਕਰਨੀ ਹੈ, ਇਸ ਦਾ ਉਹਨਾਂ ਨੂੰ ਕਾਫ਼ੀ (ਬਾਕੀ ਸਫ਼ਾ 29 'ਤੇ)

## ਭਗਤ ਪੂਰਨ ਸਿੰਘ ਦਾ ਸੰਦੇਸ਼

ਸਾਡੇ ਬੁੱਧੀਜੀਵੀ ਹੁਣ ਵਾਤਾਵਰਨ ਬਚਾਉਣ ਦੀਆਂ ਗੱਲਾਂ ਕਰ ਰਹੇ ਹਨ ਪਰ ਭਗਤ ਪੂਰਨ ਸਿੰਘ ਨੇ ਤਾਂ 1960 ਵਿੱਚ ਹੀ ਕਹਿ ਦਿੱਤਾ ਸੀ ਕਿ ਪੰਜਾਬ ਦੇ ਵਾਤਾਵਰਣ ਤੇ ਪਾਣੀ ਨੂੰ ਬਚਾਉਣ ਦੀ ਲੋੜ ਹੈ। ਭਗਤ ਪੂਰਨ ਸਿੰਘ ਤੋਂ ਇਲਾਵਾ ਹੋਰ ਵੀ ਕਈ ਵਿਦਵਾਨਾਂ ਨੇ ਸਮੇਂ ਸਮੇਂ ਸਾਨੂੰ ਵਾਤਾਵਰਨ ਅਤੇ ਪਾਣੀ ਬਚਾਉਣ ਦਾ ਹੋਕਾ ਦਿੱਤਾ ਪਰ ਇਸ ਦੇ ਬਾਵਜੂਦ ਅਸੀਂ ਆਪਣੇ ਮਾਹਿਰਾਂ ਤੋਂ ਕੋਈ ਸਿੱਖਿਆ ਨਹੀਂ ਲਈ। ਹੈਰਾਨੀ ਤਾਂ ਇਸ ਗੱਲ ਦੀ ਵੀ ਹੈ ਕਿ ਸਾਡੇ ਪੰਜਾਬ ਸਟੇਟ ਪਲੈਨਿੰਗ ਬੋਰਡ ਦੀ ਪਿਛਲੇ 20 ਸਾਲਾਂ ਤੋਂ ਕੋਈ ਮੀਟਿੰਗ ਹੀ ਨਹੀਂ ਹੋਈ। ਕੀ ਅਸੀਂ ਹੁਣ ਬਹੁਤ ਕੁਝ ਗਵਾਉਣ ਤੋਂ ਬਾਅਦ ਵੀ ਉਮੀਦ ਰੱਖੀਏ ਕਿ ਇਹ ਮੀਟਿੰਗ ਹੁਣ ਹੋਵੇਗੀ? ਕੀ ਹੜ੍ਹਾਂ ਤੋਂ ਬਚਾਓ ਲਈ 'ਸਟੌਰਮ ਸਿਸਟਮ' ਲਾਗੂ ਕੀਤਾ ਜਾਵੇਗਾ?

ਇਤਿਹਾਸ ਗਵਾਹ ਹੈ ਕਿ ਜਦੋਂ ਭਾਰਤ ਦੇ ਦੱਖਣੀ ਹਿੱਸੇ ਵਿੱਚ ਕਾਲ ਪਿਆ ਸੀ ਤਾਂ ਇੱਕ (ਬਾਕੀ ਸਫ਼ਾ 29 'ਤੇ)




# ਲੋਕ ਸਭਾ ਚੋਣਾਂ ਤੋਂ ਪਹਿਲਾਂ ਭਾਰਤ ’ਚ ਬਣ ਰਹੇ ਨੇ ਨਵੇਂ ਸਿਆਸੀ ਸਮੀਕਰਨ

## ਕਾਂਗਰਸ ਸਮੇਤ 26 ਪਾਰਟੀਆਂ ਨੇ ਬਣਾਇਆ ‘ਇੰਡੀਅਨ ਨੈਸ਼ਨਲ ਡੈਮੋਕ੍ਰੇਟਿਕ ਇਨਕਲੂਸਿਵ ਅਲਾਇੰਸ (ਇੰਡੀਆ)’

## ਭਾਜਪਾ ਵੱਲੋਂ ਐਨ.ਡੀ.ਏ. ਨੂੰ ਮਜ਼ਬੂਤ ਕਰਨ ਦੇ ਯਤਨ ਸ਼ੁਰੂ

### ਲੋਕ ਸਭਾ ਚੋਣਾਂ ’ਚ ਗਠਜੋੜ ਸਿਆਸਤ ਰਹੇਗੀ ਭਾਰੂ

ਭਾਰਤ ਵਿੱਚ 2024 ਵਿੱਚ ਹੋਣ ਵਾਲੀਆਂ ਲੋਕ ਸਭਾ ਚੋਣਾਂ ਲਈ ਗੰਭੀਰ ਸਿਆਸੀ ਸਰਗਰਮੀਆਂ ਆਰੰਭ ਹੋ ਚੁੱਕੀਆਂ ਹਨ। ਇਹਨਾਂ ਚੋਣਾਂ ’ਚ ਭਾਜਪਾ ਦਾ ਮੁਕਾਬਲਾ ਕਰਨ ਲਈ ਜਿਥੇ ਵਿਰੋਧੀ ਪਾਰਟੀਆਂ ਇੱਕ ਮੰਚ ’ਤੇ ਆ ਰਹੀਆਂ ਹਨ, ਉਥੇ ਭਾਜਪਾ ਵੱਲੋਂ ਵੀ ਆਪਣੇ ਪੁਰਾਣੇ ਸਹਿਯੋਗੀਆਂ ਨੂੰ ਮੁੜ ਆਪਣੇ ਨਾਲ ਜੋੜਨ ਦੇ ਯਤਨ ਕੀਤੇ ਜਾ ਰਹੇ ਹਨ, ਜਿਸ ਕਾਰਨ ਭਾਰਤ ਵਿੱਚ ਨਵੇਂ ਸਿਆਸੀ ਗਠਜੋੜ ਬਣ ਰਹੇ ਹਨ। ਇਸ ਤਰਾਂ ਭਾਰਤ ਵਿੱਚ ਲੋਕ ਸਭਾ ਚੋਣਾਂ ਤੋਂ ਪਹਿਲਾਂ ਹੀ ਨਵੇਂ ਸਿਆਸੀ ਸਮੀਕਰਨ ਬਣ ਰਹੇ ਹਨ। ਭਾਰਤ ਦੀ ਸਿਆਸਤ ਦੀ ਮੌਜੂਦਾ ਤਸਵੀਰ ਤੋਂ ਇਹ ਮਹਿਸੂਸ ਹੁੰਦਾ ਹੈ ਕਿ ਅਗਲੀਆਂ ਲੋਕ ਸਭਾ ਚੋਣਾਂ ਵਿੱਚ ਗਠਜੋੜ ਸਿਆਸਤ ਭਾਰੂ ਰਹੇਗੀ)



ਕਰਨਾਟਕ ਦੀ ਰਾਜਧਾਨੀ ਬੈਂਗਲੁਰੂ ’ਚ 2024 ਦੀਆਂ ਲੋਕ ਸਭਾ ਚੋਣਾਂ ’ਚ ਭਾਰਤੀ ਜਨਤਾ ਪਾਰਟੀ ਨੂੰ ਹਰਾਉਣ ਦੇ ਉਦੇਸ਼ ਨਾਲ ਕਾਂਗਰਸ ਦੀ ਅਗਵਾਈ ’ਚ 26 ਵਿਰੋਧੀ ਪਾਰਟੀਆਂ ਇਕੱਠੀਆਂ ਹੋਈਆਂ ਅਤੇ ਹੁਣ ਇਸ ਮੋਰਚੇ ਦਾ ਨਾਂ ‘ਇੰਡੀਅਨ ਨੈਸ਼ਨਲ ਡੈਮੋਕ੍ਰੇਟਿਕ ਇਨਕਲੂਸਿਵ ਅਲਾਇੰਸ’ ਯਾਨੀ ‘ਇੰਡੀਆ’ ਰੱਖਿਆ ਗਿਆ ਹੈ। ਦੂਜੇ ਪਾਸੇ ਵਿਰੋਧੀ ਧਿਰ ਦੇ ਹਮਲੇ ਤੋਂ ਆਪਣਾ ਕਿਲਾ ਬਚਾਉਣ ਲਈ ਭਾਜਪਾ ਨੇ ਛੋਟੀਆਂ-ਵੱਡੀਆਂ 38 ਸਿਆਸੀ ਪਾਰਟੀਆਂ ਨੂੰ ਆਪਣੇ ਹੱਕ ਵਿੱਚ ਲਾਮਬੰਦ ਕੀਤਾ ਹੈ। ਵਿਰੋਧੀ ਪਾਰਟੀਆਂ ਨਾਲੋਂ 12 ਹੋਰ ਪਾਰਟੀਆਂ ਦੀ ਹਮਾਇਤ ਹਾਸਲ ਕਰਕੇ ਕੌਮੀ ਜਮਹੂਰੀ ਮੋਰਚੇ (ਐਨ.ਡੀ.ਏ.) ਨੇ ਆਪਣੇ ਆਪ ਨੂੰ ਵੱਡਾ ਦਿਸਣ ਦੀ ਕੋਸ਼ਿਸ਼ ਕੀਤੀ ਹੈ, ਪਰ ਇਨ੍ਹਾਂ ਦੋਵਾਂ ਵਿਚਲੇ ਫ਼ਰਕ ਨੂੰ ਸਮਝਣ ਦੀ ਲੋੜ ਹੈ, ਤਾਂ ਹੀ ਇਸ ਵਰਤਾਰੇ ਦੀ ਮਹੱਤਤਾ ਅਤੇ ਭਵਿੱਖ ਦੇ ਸਿਆਸੀ ਦ੍ਰਿਸ਼ ਨੂੰ ਡੂੰਘਾਈ ਨਾਲ ਸਮਝਿਆ ਜਾ ਸਕਦਾ ਹੈ

ਉਂਝ ਤਾਂ ਲੰਬੇ ਸਮੇਂ ਤੋਂ ਇਹ ਮੰਨਿਆ ਜਾ ਰਿਹਾ ਸੀ ਕਿ ਨਾ ਤਾਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਕੋਈ ਬਦਲ ਹੈ ਅਤੇ ਨਾ ਹੀ ਭਾਜਪਾ ਨੂੰ ਹਰਾਇਆ ਜਾ ਸਕਦਾ ਹੈ। ਪਿਛਲੇ ਸਾਲ ਮਈ ਦੇ ਦੂਜੇ ਹਫ਼ਤੇ ਦੇਸ਼ ਦੀ ਸਭ ਤੋਂ ਪੁਰਾਣੀ ਪਾਰਟੀ ਕਾਂਗਰਸ ਦੀ ਉਦੈਪੁਰ ਵਿੱਚ ਸੰਕਲਪ ਮੀਟਿੰਗ ਵਿੱਚ ਕਾਂਗਰਸ ਨੇ ਆਪਣੇ ਆਪ ਨੂੰ ਰੀਚਾਰਜ ਕਰ ਲਿਆ। ਇਸ ਮੀਟਿੰਗ ਵਿੱਚ ਲਏ ਗਏ ਫੈਸਲੇ ਅਨੁਸਾਰ ਰਾਹੁਲ ਗਾਂਧੀ ਨੇ 7 ਸਤੰਬਰ 2022 ਨੂੰ ਕੰਨਿਆਕੁਮਾਰੀ ਤੋਂ ਲੰਬੀ ਦੂਰੀ ਦੀ ਪੈਦਲ ਯਾਤਰਾ ਸ਼ੁਰੂ ਕੀਤੀ ਅਤੇ 30 ਜਨਵਰੀ 2023 ਨੂੰ ਕਸ਼ਮੀਰ (ਸ੍ਰੀਨਗਰ) ਪਹੁੰਚ ਕੇ ਭਾਰਤ ਦੀ ਸਿਆਸੀ ਤਸਵੀਰ ਬਦਲਣੀ ਸ਼ੁਰੂ ਹੋ ਗਈ। ਜਿਸ ਤਰ੍ਹਾਂ ਰਾਹੁਲ ਨੇ ਯਾਤਰਾ ਦੌਰਾਨ ਅਤੇ ਸੰਸਦ ਅਤੇ ਬਾਅਦ ਵਿੱਚ ਇੰਗਲੈਂਡ ਦੀ ਕੈਂਬਰਿਜ ਯੂਨੀਵਰਸਿਟੀ ਵਿੱਚ ਮੋਦੀ ’ਤੇ ਹਮਲਾ ਕੀਤਾ, ਉਸ ਨੂੰ ਪਹਿਲਾਂ ਮਾਮੂਲੀ ਮਾਨਹਾਨੀ ਦੇ ਮਾਮਲੇ ਵਿੱਚ ਸਜ਼ਾ ਦਿੱਤੀ ਗਈ। ਫੇਰ ਬੁਲੇਟ ਟਰੇਨ ਦੀ ਰਫਤਾਰ ਨਾਲ ਉਨ੍ਹਾਂ ਤੋਂ ਸੰਸਦ ਮੈਂਬਰੀ ਨੂੰ ਖੋਹ ਲਿਆ ਗਿਆ ਅਤੇ ਉਨ੍ਹਾਂ ਦਾ ਸਰਕਾਰੀ ਬੰਗਲਾ ਖਾਲੀ ਕਰਵਾ ਦਿੱਤਾ ਗਿਆ। ਇਸ ਤੋਂ ਬਾਅਦ ਦੇਸ਼ ਦਾ ਮੂਡ ਬਦਲ ਗਿਆ। ਕਾਂਗਰਸ, ਜੋ ਪਹਿਲਾਂ ਬਹੁਤ ਸਾਰੀਆਂ ਪਾਰਟੀਆਂ ਲਈ ਨਾ ਸਿਰਫ਼ ਅਸਵੀਕਾਰਨਯੋਗ ਸੀ, ਸਗੋਂ ਖਾਰਜ ਕੀਤੀ ਜਾਣੀ ਸੀ, ਉਸ ਵਿੱਚ ਉਨ੍ਹਾਂ ਨੂੰ ਭਾਜਪਾ ਵਿਰੁੱਧ ਲੜਾਈ ਦੀ ਲੀਡਰਸ਼ਿਪ ਦੇ ਤੱਤ ਨਜ਼ਰ ਆਉਣ ਲੱਗੇ।



ਬੈਂਗਲੁਰੂ ਵਿੱਚ ਵਿਰੋਧੀ ਪਾਰਟੀਆਂ ਦੇ ਇਸ ਵਿਸ਼ਾਲ ਇਕੱਠ ਵਿੱਚ ਅਗਲੇ ਸਾਲ ਹੋਣ ਵਾਲੀਆਂ ਆਮ ਚੋਣਾਂ ਰਾਹੀਂ ਭਾਜਪਾ ਨੂੰ ਸੱਤਾ ਤੋਂ ਲਾਂਭੇ ਕਰਨ ਦਾ ਪ੍ਰੋਗਰਾਮ ਉਲੀਕਿਆ ਗਿਆ। ਹੁਣ ‘ਇੰਡੀਆ’ ਦੀ ਇੱਕ ਹੋਰ ਮੀਟਿੰਗ ਮਹਾਰਾਸ਼ਟਰ ਵਿੱਚ ਹੋਵੇਗੀ। ਜਿਸ ਵਿੱਚ ਚੋਣ ਰਣਨੀਤੀ ਤਿਆਰ ਕੀਤੀ ਜਾਵੇਗੀ। ਗਰੀਬੀ, ਬੇਰੁਜ਼ਗਾਰੀ, ਭੁੱਖਮਰੀ, ਸਿੱਖਿਆ, ਸਿਹਤ, ਖੇਤੀਬਾੜੀ, ਅਗਨੀਵੀਰ, ਪੁਰਾਣੀ ਪੈਨਸ਼ਨ ਸਕੀਮ ਵਰਗੇ ਜਨਤਕ ਚਿੰਤਾਵਾਂ ਦੇ ਮੁੱਦਿਆਂ ’ਤੇ ਕੇਂਦਰ ਦੇ ਖ਼ਿਲਾਫ਼ ਸਮੂਹਿਕ ਅੰਦੋਲਨ ਕਰਨ ਦਾ ਫੈਸਲਾ ਕੀਤਾ ਜਾ ਸਕਦਾ ਹੈ ਜੋ ਪਹਿਲਾਂ ਭਾਰਤ ਦਾ ਸਾਂਝਾ ਘੱਟੋ-ਘੱਟ ਪ੍ਰੋਗਰਾਮ ਬਣੇਗਾ ਅਤੇ ਆਉਣ ਵਾਲੇ ਸਮੇਂ ਵਿੱਚ ਇਸ ਦਾ ਹਿੱਸਾ ਹੋਵੇਗਾ। ਇਸ ਦੇ ਸਾਂਝੇ ਚੋਣ ਮੈਨੀਫੈਸਟੋ ਦੇ ਵੱਖ-ਵੱਖ ਵਿਸ਼ੇ ਵੀ।

ਵਿਰੋਧ ਦੇ ਤੂਫ਼ਾਨ ਨੂੰ ਰੋਕਣ ਲਈ ਭਾਜਪਾ ਨੇ ਨਾ ਸਿਰਫ਼ ਐਨ.ਡੀ.ਏ. ਨੂੰ ਮੁੜ ਸੁਰਜੀਤ ਕੀਤਾ ਹੈ, ਸਗੋਂ ਅਜਿਹੀਆਂ ਪਾਰਟੀਆਂ ਨੂੰ ਵੀ ਆਪਣੇ ਡੇਰੇ ਵਿੱਚ ਸ਼ਾਮਲ ਕਰ ਲਿਆ ਹੈ, ਜੋ ਜਾਂ ਤਾਂ ਬਹੁਤ ਘੱਟ ਜਾਣੀਆਂ ਜਾਂਦੀਆਂ ਹਨ ਜਾਂ ਜਿਨ੍ਹਾਂ ਬਾਰੇ ਬਹੁਤਿਆਂ ਨੇ ਪਹਿਲਾਂ ਕਦੇ ਨਹੀਂ ਸੁਣਿਆ ਸੀ। ਇਸ ਨਾਲ ਕੁਝ ਨਵੀਆਂ ਪਾਰਟੀਆਂ ਜੁੜੀਆਂ ਹੋਈਆਂ ਹਨ ਜਿਨ੍ਹਾਂ ਦਾ ਨਾ ਤਾਂ ਕੋਈ ਵਿਧਾਇਕ ਹੈ ਅਤੇ ਨਾ ਹੀ ਸੰਸਦ ਮੈਂਬਰ। ਕੁਝ ਪਾਰਟੀਆਂ ਦੀ ਵਿਧਾਨ ਸਭਾ ਵਿੱਚ ਮੌਜੂਦਗੀ ਬਹੁਤ ਘੱਟ ਹੈ। ਪਿਛਲੀਆਂ ਦੋ ਲੋਕ ਸਭਾ ਚੋਣਾਂ ਵਿੱਚ ਭਾਜਪਾ ਦੇ ਕਈ ਸਹਿਯੋਗੀ, ਜੋ ਕੁਝ ਸਮਾਂ ਪਹਿਲਾਂ ਐਨਡੀਏ ਤੋਂ ਵੱਖ ਹੋ ਗਏ ਸਨ, ਨੂੰ ਵੀ ਸੱਦਾ ਦਿੱਤਾ ਗਿਆ ਹੈ। ਕੁਝ ਉਹ ਪਾਰਟੀਆਂ ਹਨ, ਜਿਨ੍ਹਾਂ ਦੇ ਆਗੂਆਂ ਨਾਲ ਭਾਜਪਾ ਦੇ ਕੜਵਾਹਟ ਵਾਲੇ ਸਬੰਧ ਰਹੇ ਹਨ। ਅਪਮਾਨ ਦਾ ਸੰਤਾਪ ਝੱਲਣ ਤੋਂ ਬਾਅਦ ਭਾਜਪਾ ਉਨ੍ਹਾਂ ਨੂੰ ਆਪਣੇ ਕੋਲ ਬਿਠਾਉਣ ਲਈ ਮਜਬੂਰ ਹੈ। ਇਹ ਸੱਤਾਧਾਰੀ ਪਾਰਟੀ ਦੀ ਬੇਚੈਨੀ ਅਤੇ ਘਬਰਾਹਟ ਦਾ ਹੀ ਸੰਕੇਤ ਹੈ ਕਿਉਂਕਿ ਪੂਰੀ ਤਰ੍ਹਾਂ ਮੋਦੀ ਬ੍ਰਾਂਡ ’ਤੇ ਨਿਰਭਰ ਐੱਨ.ਡੀ.ਏ. ਨੂੰ ਜ਼ਮੀਨੀ ਹਕੀਕਤ ਦਾ ਅਹਿਸਾਸ ਹੁੰਦੇ ਹੀ ਪਤਾ ਲੱਗ ਗਿਆ ਸੀ ਕਿ ਅਗਲੀਆਂ ਚੋਣਾਂ ਇਕੱਲੇ ਜਿੱਤਣਾ ਉਸ ਲਈ ਸੰਭਵ ਨਹੀਂ ਹੈ। ਜਦੋਂ ਕਿ ਐਨ.ਡੀ.ਏ ਕੈਂਪ ਇੱਕ ਸਥਿਤੀ ਅਤੇ ਸੁਆਰਥੀ ਗਠਜੋੜ ਹੈ, ਪਹਿਲਾਂ ਯੂ.ਪੀ.ਏ. ਅਤੇ ਹੁਣ ਇੰਡੀਆ ਜਮਹੂਰੀਅਤ ਅਤੇ ਜਨਤਕ ਹਿੱਤਾਂ ਨੂੰ ਬਚਾਉਣ ਦੇ ਵਿਆਪਕ ਉਦੇਸ਼ ਲਈ ਬਣਾਇਆ ਗਿਆ ਇੱਕ ਸਵੈ-ਇੱਛਕ ਗਠਜੋੜ ਹੈ। ਫਰਕ ਇਹ ਵੀ ਸਪੱਸ਼ਟ ਹੈ ਕਿ ਭਾਜਪਾ ਐਨਡੀਏ ਨੂੰ ਮਜ਼ਬੂਤ ਕਰਨ ਲਈ ਛੋਟੀਆਂ ਪਾਰਟੀਆਂ ਕੋਲ ਜਾ ਰਹੀ ਹੈ, ਜਦੋਂ ਕਿ ਵੱਡੀਆਂ ਪਾਰਟੀਆਂ ਖ਼ੁਦ ‘ਇੰਡੀਆ’ ਵਿੱਚ ਸ਼ਾਮਲ ਹੋਣ ਲਈ ਆ ਰਹੀਆਂ ਹਨ। ਇਨ੍ਹਾਂ ਵਿੱਚੋਂ ਉਹ ਪਾਰਟੀਆਂ ਵੀ ਹਨ ਜੋ ਕਦੇ ਕਾਂਗਰਸ ਨੂੰ ਜ਼ਲੀਲ ਕਰਦੀਆਂ ਸਨ ਜਾਂ ਕਮਜ਼ੋਰ ਸਮਝ ਕੇ ਇਸ ਨੂੰ ਰੱਦ ਕਰਦੀਆਂ ਰਹੀਆਂ ਹਨ।



ਇੰਡੀਆ ਅਤੇ ਐਨਡੀਏ ਕੈਂਪਾਂ ਵਿੱਚ ਵੱਡਾ ਅੰਤਰ ਇਹ ਹੈ ਕਿ ਭਾਰਤ ਵਿੱਚ ਜ਼ਿਆਦਾਤਰ ਅਜਿਹੀਆਂ ਪਾਰਟੀਆਂ ਅਤੇ ਨੇਤਾ ਹਨ ਜਿਨ੍ਹਾਂ ਦੀ ਆਪਣੇ-ਆਪਣੇ ਰਾਜਾਂ ਵਿੱਚ ਮਜ਼ਬੂਤ ਸਥਿਤੀ ਹੈ। ਕਈਆਂ ਨੇ ਤਾਂ ਆਪਣੇ ਰਾਜਾਂ ਵਿੱਚ ਭਾਜਪਾ ਨੂੰ ਹਰਾ ਦਿੱਤਾ ਹੈ ਜਾਂ ਦੂਜੇ ਨੰਬਰ ’ਤੇ ਹਨ। ਅੱਧੀ ਦਰਜਨ ਤੋਂ ਵੱਧ ਮੁੱਖ ਮੰਤਰੀਆਂ ਅਤੇ ਕਈ ਮਜ਼ਬੂਤ ਨੇਤਾਵਾਂ ਦੀ ਮੌਜੂਦਗੀ ਕਾਰਨ ਭਾਜਪਾ ਨੇ ਭਾਰਤ ਦੇ ਪ੍ਰਭਾਵ ਨੂੰ ਫਿੱਕਾ ਕਰਨ ਲਈ ‘ਹੈੱਡਲਾਈਨ ਮੈਨੇਜਮੈਂਟ’ ਨਾਂ ਦੀ ਆਪਣੀ ਪੁਰਾਣੀ ਖੇਡ ਖੇਡੀ ਹੈ। ਵਿਰੋਧੀ ਧਿਰ ਦੀ ਇਸ ਪਹਿਲਾਂ ਤੋਂ ਤੈਅ ਮੀਟਿੰਗ (ਜੋ ਪਹਿਲਾਂ 12 ਜੁਲਾਈ ਨੂੰ ਸ਼ਿਮਲਾ ਵਿੱਚ ਹੋਣੀ ਸੀ) ਦਾ ਜਵਾਬ ਦੇਣ ਲਈ ਭਾਜਪਾ ਨੇ ਜਲਦਬਾਜ਼ੀ ਵਿੱਚ ਮੰਗਲਵਾਰ ਸ਼ਾਮ ਨੂੰ ਦਿੱਲੀ ਵਿੱਚ ਐਨਡੀਏ ਦੀ ਮੀਟਿੰਗ ਸੱਦ ਲਈ ਸੀ।

2024 ਦੀਆਂ ਚੋਣਾਂ ਦੇ ਮੱਦੇ-ਨਜ਼ਰ ਹੋਣ ਵਾਲੀ ਇਸ ਸਿਆਸੀ ਉਥਲ-ਪੁਥਲ ਨੂੰ ਸਮਝਣ ਲਈ, ਦੋਵਾਂ ਮੋਰਚਿਆਂ ਦੇ ਰੂਪਾਂ ਅਤੇ ਉਦੇਸ਼ਾਂ ਨੂੰ ਸਮਝੇ ਬਿਨਾਂ, ਇਸ ਦਾ ਸਹੀ ਢੰਗ ਨਾਲ ਵਿਸ਼ਲੇਸ਼ਣ ਨਹੀਂ ਕੀਤਾ ਜਾ ਸਕੇਗਾ ਅਤੇ ਨਾ ਹੀ ਵੋਟਰ ਢੁਕਵੇਂ ਫੈਸਲੇ ਲੈ ਸਕਣਗੇ।





# ਪੰਜਾਬੀਆਂ ਦੇ ਡੀ.ਐਨ.ਏ. 'ਚ ਹੈ ਸੇਵਾ ਭਾਵਨਾ

## ਮੁਸੀਬਤਾਂ ਦੇ ਹੜ੍ਹ 'ਚ ਡੁੱਬੀ ਜ਼ਿੰਦਗੀ ਨੂੰ ਬਚਾਉਣ ਲਈ ਅੱਗੇ ਆਏ ਸਿੱਖ

## ਬਾਬੇ ਨਾਨਕ ਦੇ 20 ਦਮੜੇ ਹਲੇ ਤੱਕ ਚੱਲ ਰਹੇ ਹਨ

### ਸਿੱਖ ਸੰਸਥਾਵਾਂ ਬਣੀਆਂ ਹੜ੍ਹ ਪੀੜਤਾਂ ਦਾ ਸਹਾਰਾ, ਇਨਸਾਨਾਂ ਦੇ ਨਾਲ ਪਸ਼ੂਆਂ ਲਈ ਵੀ ਕੀਤੇ ਲੋੜੀਂਦੇ ਪ੍ਰਬੰਧ



ਪਟਿਆਲਾ/ਏ.ਟੀ.ਨਿਊਜ਼ : ਪੰਜਾਬ 'ਚ ਹੜ੍ਹਾਂ ਦਾ ਕਹਿਰ ਝੱਲ ਰਹੇ ਪੰਜਾਬੀਆਂ ਦੀ ਸਹਾਇਤਾ ਲਈ ਖੁਦ ਪੰਜਾਬੀ ਹੀ ਅੱਗੇ ਆਏ ਹਨ, ਜਿਸ ਤੋਂ ਪਤਾ ਚੱਲ ਜਾਂਦਾ ਹੈ ਕਿ ਸੇਵਾ ਭਾਵਨਾ ਪੰਜਾਬੀਆਂ ਦੇ ਡੀ.ਐਨ.ਏ. ਵਿੱਚ ਹੈ। ਪੰਜਾਬ ਦੇ ਹੜ੍ਹ ਪੀੜਤ ਲੋਕਾਂ ਦੀ ਸਹਾਇਤਾ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਜਿਥੇ ਪੂਰੀ ਤਰਾਂ ਸਰਗਰਮ ਹੈ, ਉਥੇ ਕਾਰ ਸੇਵਾ ਅਤੇ ਹੋਰਨਾਂ ਸਿੱਖ ਸੰਸਥਾਵਾਂ ਵੱਲੋਂ ਹੀ ਖੁੱਲ ਦੇ ਹੜ੍ਹ ਪੀੜਤਾਂ ਦੀ ਹਰ ਤਰਾਂ ਦੀ ਸਹਾਇਤਾ ਕੀਤੀ ਜਾ ਰਹੀ ਹੈ। ਸ਼੍ਰੋਮਣੀ ਕਮੇਟੀ ਨੇ ਹੜ੍ਹ ਪੀੜਤ ਇਨਸਾਨਾਂ ਦੇ ਨਾਲ ਨਾਲ ਬੇਜ਼ੁਬਾਨ ਜਾਨਵਰਾਂ/ਪਸ਼ੂਆਂ ਲਈ ਵੀ ਦਾਣੇ ਹੋਰ ਖਾਣ ਪੀਣ ਦੇ ਸਮਾਨ ਦਾ ਢੁਕਵਾਂ ਪ੍ਰਬੰਧ ਕੀਤਾ ਹੈ।

ਰਾਸ਼ਟਰੀ ਮੀਡੀਆ ਅਤੇ ਹੋਰ ਪੰਜਾਬ ਵਿਰੋਧੀ ਸ਼ਕਤੀਆਂ ਵੱਲੋਂ ਜਿਹੜੇ ਪੰਜਾਬੀਆਂ ਨੂੰ ਵਾਰ ਵਾਰ ਨਸ਼ੇੜੀ ਕਿਹਾ ਜਾਂਦਾ ਸੀ, ਉਹੀ ਪੰਜਾਬੀ ਹੁਣ ਹੜ੍ਹ ਤੋਂ ਪ੍ਰਭਾਵਿਤ ਲੋਕਾਂ ਦੇ ਘਰਾਂ ਅੱਗੇ ਕੰਧ ਬਣ ਕੇ ਖੜੇ ਹਨ ਅਤੇ ਪੀੜਤਾਂ ਦੀ ਹਰ ਸੰਭਵ ਸਹਾਇਤਾ ਕਰ ਰਹੇ ਹਨ। ਸ਼੍ਰੋਮਣੀ ਕਮੇਟੀ ਨੇ ਹੜ੍ਹ ਪੀੜਤਾਂ ਦੀ ਸਹਾਇਤਾ ਲਈ ਵੱਖ- ਵੱਖ ਇਲਾਕਿਆਂ ਵਿੱਚ ਰਾਹਤ ਕੈਂਪ ਲਗਾਏ ਹਨ ਅਤੇ ਪੀੜਤਾਂ ਦੀ ਹਰ ਤਰਾਂ ਸਹਾਇਤਾ ਕੀਤੀ ਜਾ ਰਹੀ ਹੈ।

ਇਸ ਤੋਂ ਪਹਿਲਾਂ ਕਰੋਨਾ ਮਹਾਂਮਾਰੀ ਦੌਰਾਨ ਵੀ ਸ਼੍ਰੋਮਣੀ ਕਮੇਟੀ ਕਰੋਨਾ ਮਰੀਜ਼ਾਂ ਤੱਕ ਆਪਣੀਆਂ ਸੇਵਾਵਾਂ ਦਿੱਤੀਆਂ। ਕੁਦਰਤ ਦੀ ਕਰੋਪੀ ਕਿਸੇ ਵੀ ਰੂਪ ਵਿੱਚ ਹੋਵੇ ਗੁਰਬਾਣੀ ਫ਼ਲਸਫ਼ੇ ਅਨੁਸਾਰ ਸਰਬੱਤ ਦੇ ਭਲੇ ਵਾਲਾ ਕਾਰਜ ਕਰਨ ਨੂੰ ਸ਼੍ਰੋਮਣੀ ਕਮੇਟੀ ਅਤੇ ਹੋਰ ਸਿੱਖ ਸੰਸਥਾਵਾਂ ਵੱਲੋਂ ਪਹਿਲ ਦਿੱਤੀ ਜਾਂਦੀ ਹੈ।

ਇਤਿਹਾਸ ਗਵਾਹ ਹੈ ਕਿ ਪੰਜਾਬ ਸਮੇਤ ਦੁਨੀਆਂ ਦੇ ਵੱਖ- ਵੱਖ ਇਲਾਕਿਆਂ ਵਿੱਚ ਆਈਆਂ ਕੁਦਰਤੀ ਆਫ਼ਤਾਂ ਸਮੇਂ ਪੰਜਾਬੀ ਅਤੇ ਸਿੱਖ ਸੰਸਥਾਵਾਂ ਵੱਲੋਂ ਲੰਗਰ ਲਗਾਏ ਜਾਂਦੇ ਹਨ ਅਤੇ ਹਰ ਤਰਾਂ ਦੀ ਸਹਾਇਤਾ ਪੀੜਤਾਂ ਤਕ ਪਹੁੰਚਦੀ ਕੀਤੀ ਜਾਂਦੀ ਹੈ। ਸ਼੍ਰੋਮਣੀ ਕਮੇਟੀ ਵਾਂਗ ਹੀ ਖਾਲਸਾ ਏਡੇ ਅਤੇ ਹੋਰ ਸਿੱਖ ਸੰਸਥਾਵਾਂ ਹਮੇਸ਼ਾਂ ਹੀ ਪੀੜਤ ਲੋਕਾਂ ਦੀ ਭਲਾਈ ਲਈ ਤਿਆਰ ਰਹਿੰਦੀਆਂ ਹਨ।

ਭਾਵੇਂ ਪੰਜਾਬ ਸਰਕਾਰ ਵੱਲੋਂ ਵੀ ਹੜ੍ਹ ਪੀੜਤਾਂ ਦੀ ਸਹਾਇਤਾ ਕਰਨ ਦਾ ਦਾਅਵਾ ਕੀਤਾ ਜਾਂਦਾ ਹੈ, ਪਰ ਇਹ ਦਾਅਵੇ ਕਿੰਨੇ ਕੁ ਸਹੀ ਹਨ, ਸਭ ਨੂੰ ਪਤਾ ਹੈ। ਅਨੇਕਾਂ ਲੋਕ ਮੌਜੂਦ ਪੰਜਾਬ ਸਰਕਾਰ ਨੂੰ ਇਸ਼ਤਿਹਾਰਬਾਜ਼ੀ ਦੀ ਸਰਕਾਰ ਕਹਿ ਰਹੇ ਹਨ। ਇਹਨਾਂ ਲੋਕਾਂ ਦਾ ਕਹਿਣਾ ਹੈ ਕਿ ਮੌਜੂਦਾ ਸਰਕਾਰ ਹੜ੍ਹ ਪੀੜਤਾਂ ਦੀ ਮਦਦ ਕਰਨ ਦੇ ਨਾਂਅ 'ਤੇ ਵੀ ਇਸ਼ਤਿਹਾਰਬਾਜ਼ੀ ਕਰ ਰਹੀ ਹੈ। ਹੜ੍ਹ ਪ੍ਰਭਾਵਿਤ ਲੋਕਾਂ ਦੀ ਟੇਕ ਸਰਕਾਰ ਨਾਲੋਂ ਜਿਆਦਾ ਸ਼੍ਰੋਮਣੀ ਕਮੇਟੀ ਅਤੇ ਹੋਰ ਸਿੱਖ ਸੰਸਥਾਵਾਂ 'ਤੇ ਵਧੇਰੇ ਹੈ।



ਸ਼੍ਰੋਮਣੀ ਕਮੇਟੀ ਵੱਲੋਂ ਇਸ ਤੋਂ ਪਹਿਲਾਂ ਵੀ ਭਾਰਤ ਦੇ ਵੱਖ- ਵੱਖ ਹਿਸਿਆਂ ਵਿੱਚ ਆਏ ਹੜ੍ਹ, ਸੋਕੇ, ਭੂਚਾਲ ਅਤੇ ਹੋਰ ਕੁਦਰਤੀ ਆਫ਼ਤਾਂ ਸਮੇਂ ਵੱਡੇ ਪੱਧਰ 'ਤੇ ਪੀੜਤਾਂ ਦੀ ਸਹਾਇਤਾ ਕੀਤੀ ਜਾਂਦੀ ਰਹੀ ਹੈ। ਇਸ ਦੇ ਬਾਵਜੂਦ ਰਾਸ਼ਟਰੀ ਮੀਡੀਆ ਅਤੇ ਪੰਜਾਬ ਵਿਰੋਧੀ ਤਾਕਤਾਂ ਵੱਲੋਂ ਪੰਜਾਬ ਦੇ ਇਹ ਪੱਖ ਦਿਖਾਉਣ ਦੀ ਥਾਂ ਪੰਜਾਬੀਆਂ ਨੂੰ ਨਸ਼ੇੜੀ ਕਹਿ ਕੇ ਉਹਨਾਂ ਦੀ ਬਦਨਾਮੀ ਕਰਨ ਦਾ ਯਤਨ ਕੀਤਾ ਜਾਂਦਾ ਹੈ।

ਹੜ੍ਹ ਪੀੜਤ ਲੋਕਾਂ ਦੀ ਸਹਾਇਤਾ ਲਈ ਕਿਸਾਨ ਯੂਨੀਅਨਾਂ ਅਤੇ ਕਿਸਾਨ ਮੋਰਚੇ ਵਿੱਚ ਸ਼ਾਮਲ ਨੌਜਵਾਨ ਵੀ ਸਰਗਰਮ ਹੋ ਗਏ ਹਨ। ਜਿਹੜੇ ਅੰਦੋਲਨਕਾਰੀ ਨੌਜਵਾਨ ਕਿਸਾਨਾਂ ਨੂੰ ਸਰਕਾਰ ਅਤੇ ਰਾਸ਼ਟਰੀ ਮੀਡੀਆ ਅੱਤਵਾਦੀ ਕਹਿੰਦੇ ਸਨ, ਉਹੀ ਨੌਜਵਾਨ ਅਤੇ ਕਿਸਾਨ ਯੂਨੀਅਨਾਂ ਦਿਨ ਰਾਤ ਹੜ੍ਹ ਪੀੜਤਾਂ ਦੀ ਸਹਾਇਤਾ ਕਰ ਰਹੇ ਹਨ।

ਸ਼੍ਰੋਮਣੀ ਕਮੇਟੀ ਵੱਲੋਂ ਇਸ ਤੋਂ ਪਹਿਲਾਂ ਕੇਰਲਾ ਦੇ ਹੜ੍ਹ ਪ੍ਰਭਾਵਿਤ ਇਲਾਕਿਆਂ, ਉੱਤਰਾਖੰਡ ਅਤੇ ਹੋਰ ਸੂਬਿਆਂ ਵਿੱਚ ਕੁਦਰਤੀ ਆਫਤਾਂ ਦੇ ਸਮੇਂ ਆਪਣੀਆਂ ਟੀਮਾਂ ਅਤੇ ਰਾਹਤ ਸਮੱਗਰੀ ਭੇਜ ਕੇ ਉਥੋਂ ਦੇ ਵਸਨੀਕਾਂ ਦੀ ਸਹਾਇਤਾ ਕੀਤੀ ਜਾਂਦੀ ਰਹੀ ਹੈ।

ਸਾਲ 2023 ਦੇ ਫਰਵਰੀ ਮਹੀਨੇ ਦੀ ਸ਼ੁਰੂਆਤ ਦੌਰਾਨ ਤੁਰਕੀ ਅਤੇ ਸੀਰੀਆ ਵਿੱਚ ਆਏ ਖਤਰਨਾਕ ਭੂਚਾਲ ਦੌਰਾਨ ਸ਼੍ਰੋਮਣੀ ਕਮੇਟੀ ਵੱਲੋਂ ਪੀੜਤਾਂ ਦੀ ਸਹਾਇਤਾ ਕਰਨ ਦੀ ਪੇਸ਼ਕਸ਼ ਕੀਤੀ ਗਈ ਸੀ।

**ਨੇਪਾਲ ਦੇ ਭੂਚਾਲ ਪੀੜਤਾਂ ਦੀ ਮਦਦ :** ਸਾਲ 2015 ਦੌਰਾਨ ਨੇਪਾਲ ਵਿੱਚ ਆਏ ਭਿਆਨਕ ਭੂਚਾਲ ਤੋਂ ਪੀੜਤ ਨੇਪਾਲੀ ਲੋਕਾਂ ਲਈ ਕਾਠਮੰਡੂ ਦੇ ਇਲਾਕੇ ਕੂਪਨਡੋਲ ਸਥਿਤ ਗੁਰਦੁਆਰਾ ਗੁਰੂ ਨਾਨਕ ਸਤਸੰਗ ਦਰਬਾਰ 'ਚ ਸਿੱਖ ਸੰਸਥਾਵਾਂ ਵੱਲੋਂ ਰਾਹਤ ਕੈਂਪ ਲਗਾਇਆ ਗਿਆ ਸੀ, ਜਿਥੇ ਹਜ਼ਾਰਾਂ ਲੋਕਾਂ ਨੂੰ ਰੋਜ਼ਾਨਾ ਜਿਥੇ ਤਿਆਰ ਕੀਤਾ ਲੰਗਰ ਭੇਜਿਆ ਜਾਂਦਾ ਸੀ, ਉਥੇ ਰਾਸ਼ਨ ਅਤੇ ਹੋਰ ਲੋੜੀਂਦਾ ਸਮਾਨ ਵੀ ਵੰਡਿਆ ਗਿਆ ਸੀ। ਇਸ ਰਾਹਤ ਕੈਂਪ 'ਚ ਖਾਲਸਾ ਏਡੇ, ਯੂ.ਕੇ. ਦੀ ਸੰਗਤ, ਬਾਬਾ ਹਰਬੰਸ ਸਿੰਘ ਕਾਰ ਸੇਵਾ ਅਤੇ ਸੰਤ ਬਾਬਾ ਮਾਨ ਸਿੰਘ ਪਿਹੋਵਾ ਵਾਲਿਆਂ ਵੱਲੋਂ ਯੋਗਦਾਨ ਪਾਇਆ ਗਿਆ ਸੀ। ਨੇਪਾਲ 'ਚ ਆਏ ਭਿਆਨਕ ਭੂਚਾਲ ਦੇ ਪੀੜਤ ਪਰਿਵਾਰਾਂ ਨੂੰ ਦੁੱਖ ਦੀ ਘੜੀ 'ਚ ਸਿੱਖ ਸੰਸਥਾਵਾਂ ਖਾਸ ਕਰਕੇ ਸਿੱਖ ਸਮਾਜ ਵੱਲੋਂ ਦਿੱਤੀ ਜਾ ਰਹੀ ਰਾਹਤ ਨਾਲ ਜਿਥੇ ਪੀੜਤ ਪਰਿਵਾਰਾਂ ਨੂੰ ਵੱਡੀ ਢਾਰਸ ਮਿਲੀ ਸੀ ਉਥੇ ਸੱਤਾਧਾਰੀ ਪੱਖ ਨਾਲ ਸਬੰਧਿਤ ਨੇਪਾਲੀ ਸਮਾਜ ਵੀ ਇਸ ਮਦਦ ਲਈ ਸਿੱਖ ਸਮਾਜ ਦੀ ਸੇਵਾ ਭਾਵਨਾ ਤੋਂ ਪ੍ਰਭਾਵਿਤ ਹੋਇਆ ਸੀ।





## ਬਾਬੇ ਨਾਨਕ ਦਾ 20 ਰੁਪਏ ਨਾਲ ਸ਼ੁਰੂ ਕੀਤਾ ਲੰਗਰ ਅਜੇ ਵੀ ਜਾਰੀ

ਸਿੱਖ ਧਰਮ ਦੇ ਬਾਨੀ ਸ੍ਰੀ ਗੁਰੂ ਨਾਨਕ ਦੇਵ ਜੀ ਨੇ 20 ਰੁਪਏ ਨਾਲ ਭੁੱਖੇ ਸਾਧੂਆਂ ਨੂੰ ਭੋਜਨ ਛਕਾ ਕੇ ਜੋ ਲੰਗਰ ਸ਼ੁਰੂ ਕੀਤਾ ਸੀ, ਉਹ ਲੰਗਰ ਅੱਜ ਵੀ ਜਾਰੀ ਹੈ ਅਤੇ ਇਹ ਲੰਗਰ ਹੁਣ ਬਹੁਤ ਵਿਸ਼ਾਲ ਪੱਧਰ 'ਤੇ ਪੂਰੀ ਦੁਨੀਆਂ ਵਿੱਚ ਪਹੁੰਚ ਚੁੱਕਿਆ ਹੈ। ਪੂਰੀ ਦੁਨੀਆਂ 'ਚ ਜਿਥੇ ਵੀ ਕੋਈ ਕੁਦਰਤੀ ਆਫ਼ਤ ਆਉਂਦੀ ਹੈ ਜਾਂ ਕੋਈ ਤ੍ਰਾਸਦੀ ਵਾਪਰਦੀ ਹੈ ਤਾਂ ਸਿੱਖ ਧਰਮ ਦੇ ਪੈਰੋਕਾਰ ਉਥੇ ਪਹੁੰਚ ਕੇ ਲੰਗਰ ਅਤੇ ਸਹਾਇਤਾ ਕੈਂਪ ਸ਼ੁਰੂ ਕਰ ਦਿੰਦੇ ਹਨ। ਸਰਬੱਤ ਦਾ ਭਲਾ ਅਤੇ ਮਾਨਵਤਾ ਦੀ ਭਲਾਈ ਸਿੱਖ ਧਰਮ ਦੇ ਮੁੱਖ ਸਿਧਾਂਤ ਹਨ। ਇਸੇ ਕਾਰਨ ਸਿੱਖ ਹਮੇਸ਼ਾ ਹੀ ਲੋੜਵੰਦਾਂ ਦੀ ਸਹਾਇਤਾ ਲਈ ਤਿਆਰ ਰਹਿੰਦੇ ਹਨ।



## 'ਵੰਡ ਛਕਣਾ' ਅਤੇ 'ਸਰਬੱਤ ਦਾ ਭਲਾ' ਸਿੱਖ ਧਰਮ ਦੇ ਮਹੱਤਵਪੂਰਨ ਸਿਧਾਂਤ: ਧਾਮੀ

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦਾ ਕਹਿਣਾ ਹੈ ਕਿ ਸਿੱਖ ਧਰਮ ਵਿੱਚ 'ਵੰਡ ਛਕਣਾ' ਅਤੇ 'ਸਰਬੱਤ ਦਾ ਭਲਾ' ਗੁਰੂ ਸਾਹਿਬਾਨ ਵੱਲੋਂ ਬਖਸ਼ਿਸ਼ ਕੀਤੇ ਮਹੱਤਵਪੂਰਨ ਸਿਧਾਂਤ ਹਨ ਅਤੇ ਇਸੇ ਦੀ ਰੌਸ਼ਨੀ ਵਿੱਚ ਸਿੱਖਾਂ ਦੀ ਸਿਰਮੌਰ ਸੰਸਥਾ ਸ਼੍ਰੋਮਣੀ ਕਮੇਟੀ ਲੋੜਵੰਦਾਂ ਦੀ ਸਹਾਇਤਾ ਲਈ ਕਾਰਜ ਕਰਦੀ ਹੈ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਕੁਦਰਤੀ ਆਫ਼ਤਾਂ ਸਮੇਂ ਮਨੁੱਖਤਾ ਦੀ ਸੇਵਾ ਵਿੱਚ ਹਮੇਸ਼ਾ ਹੀ ਤਤਪਰ ਰਹੀ ਹੈ ਅਤੇ ਲੋੜ ਅਨੁਸਾਰ ਲੋੜਵੰਦਾਂ ਲਈ ਸਹਾਇਤਾ ਦੇ ਤੌਰ 'ਤੇ ਕੱਪੜੇ, ਰਾਸ਼ਨ ਤੇ ਹੋਰ ਲੋੜੀਂਦਾ ਸਾਮਾਨ ਮੁਹੱਈਆ ਕਰਵਾਉਂਦੀ ਰਹੀ ਹੈ।

# ਅਮਰੀਕਨ ਸਕੂਲਾਂ 'ਚ ਸਿੱਖ ਧਰਮ ਨੂੰ ਪਾਠਕ੍ਰਮ 'ਚ ਸ਼ਾਮਲ ਕਰਨ ਦਾ ਕਿਉਂ ਵੱਧ ਰਿਹਾ ਰੁਝਾਨ

## ਸਿੱਖ ਵਿਦਿਆਰਥੀਆਂ ਨਾਲ ਹੋ ਰਹੀ ਧੱਕੇਸ਼ਾਹੀ ਨੂੰ ਘਟਾਉਣ ਦਾ ਸਭ ਤੋਂ ਸੁਚੱਜਾ ਰਾਹ ਧਰਮ ਦਾ ਗਿਆਨ

ਹਾਲ ਹੀ ਦੇ ਸਾਲਾਂ ਵਿੱਚ, ਸੰਯੁਕਤ ਰਾਜ ਦੇ ਬਹੁਤ ਸਾਰੇ ਸਕੂਲਾਂ ਨੇ ਆਪਣੇ ਵਿਦਿਅਕ ਪਾਠਕ੍ਰਮ ਵਿੱਚ ਸਿੱਖ ਧਰਮ ਨੂੰ ਸ਼ਾਮਲ ਕਰਨ ਦਾ ਫੈਸਲਾ ਕੀਤਾ ਹੈ। ਸਕੂਲੀ ਪਾਠਕ੍ਰਮ ਵਿੱਚ ਸਿੱਖ ਧਰਮ ਨੂੰ ਸ਼ਾਮਲ ਕਰਨ ਦਾ ਇੱਕ ਮਹੱਤਵਪੂਰਨ ਕਾਰਨ ਧਾਰਮਿਕ ਵਿਭਿੰਨਤਾ ਨੂੰ ਉਤਸ਼ਾਹਿਤ ਕਰਨਾ ਹੈ।

ਸੰਸਾਰਕ ਪੱਧਰ ਉੱਤੇ ਸਿੱਖ ਬੱਚਿਆਂ ਨਾਲ ਵੱਧ ਰਹੀ ਧੱਕੇਸ਼ਾਹੀ, ਸੱਭਿਆਚਾਰਕ ਲੜਾਈਆਂ, ਵਧਦੀ ਆਬਾਦੀ ਨੇ ਅਮਰੀਕਾ ਦੇ ਸਕੂਲਾਂ ਵਿੱਚ ਸਿੱਖ ਧਰਮ ਦੀ ਪੜ੍ਹਾਈ ਸ਼ੁਰੂ ਕਰਨ ਲਈ ਪ੍ਰੇਰਿਆ ਹੈ। ਹੁਣ ਤੱਕ, ਕੁੱਲ 18 ਰਾਜਾਂ ਅਤੇ ਵਾਸ਼ਿੰਗਟਨ, ਡੀ.ਸੀ. ਨੇ ਸਕੂਲਾਂ ਵਿੱਚ ਸਿੱਖ ਧਰਮ ਨੂੰ ਪੜ੍ਹਾਉਣ ਲਈ ਬਿੱਲ ਪਾਸ ਕੀਤੇ ਹਨ। ਨਿਊ ਜਰਸੀ ਨੇ 2009 ਵਿੱਚ ਇਸ ਰੁਝਾਨ ਦੀ ਸ਼ੁਰੂਆਤ ਕੀਤੀ ਸੀ। ਇਸ ਸਿੱਖਿਆ ਦੇ ਪਿੱਛੇ ਕੁਝ ਕਾਰਨਾਂ ਵਿਚੋਂ ਇਹ ਕਾਰਨ ਮੁੱਖ ਹੈ ਕਿ ਅਮਰੀਕਾ ਵਿੱਚ ਸਿੱਖਾਂ ਦੀ ਆਬਾਦੀ ਲਗਾਤਰ ਵੱਧ ਰਹੀ ਹੈ। ਦੂਜਾ, ਬਾਹਰਲੇ ਦੇਸ਼ਾਂ ਵਿੱਚ ਸਿੱਖ ਵਿਦਿਆਰਥੀਆਂ ਪ੍ਰਤੀ ਧੱਕੇਸ਼ਾਹੀ ਵਧ ਰਹੀ ਹੈ, ਦਸਤਾਰਾਂ ਅਤੇ ਦਾੜ੍ਹੀਆਂ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਇਸ ਸਭ ਨੂੰ ਦੇਖਦੇ ਹੋਏ ਧਰਮ ਤੇ ਕੌਮ ਦਾ ਗਿਆਨ ਦੇਣਾ ਜਰੂਰੀ ਹੈ ਕਿਉਂਕਿ ਧਰਮ ਦਾ ਗਿਆਨ ਇਨਸਾਨ ਨੂੰ ਆਤਮਿਕ ਤੌਰ ਉੱਤੇ ਮਜ਼ਬੂਤ ਕਰਦਾ ਹੈ।



ਇਸ ਸਬੰਧੀ ਇੱਕ ਸਰਵੇਖਣ ਦੌਰਾਨ ਸਕੌਟ ਪੋਟੂਸੇਕ, ਜੋ ਨਿਊਯਾਰਕ ਦੇ ਇੱਕ ਰਾਜ ਵਿੱਚ ਸਮਾਜਿਕ ਅਧਿਐਨ ਅਧਿਆਪਕ ਹੈ, ਉਸ ਦੇ ਨਾਲ ਇਸ ਵਿਸ਼ੇ ਉੱਤੇ ਵਿਚਾਰ ਚਰਚਾ ਕੀਤੀ ਗਈ, ਚਰਚਾ ਦੌਰਾਨ ਪਤਾ ਲੱਗਿਆ ਕਿ ਹਰ ਸਾਲ ਉਹ ਆਪਣੇ ਪਾਠਕ੍ਰਮ ਵਿੱਚ ਇੱਕ ਤੁਲਨਾਤਮਕ ਵਿਸ਼ਵ ਧਰਮ ਯੂਨਿਟ ਦੀ ਯੋਜਨਾ ਬਣਾਉਂਦਾ ਹੈ। ਜਦੋਂ ਉਸਨੇ ਲਗਭਗ ਪੰਜ ਸਾਲ ਪਹਿਲਾਂ ਪਹਿਲੀ ਵਾਰ ਛੇਵੀਂ ਜਮਾਤ ਨੂੰ ਪੜ੍ਹਾਇਆ, ਤਾਂ ਉਸਨੇ ਦੇਖਿਆ ਕਿ ਇੱਕ ਸਿੱਖ ਵਿਦਿਆਰਥੀ ਭਾਰਤ ਵਿੱਚ ਸਥਾਪਿਤ ਏਕਾ ਦਿਕ ਧਰਮ ਬਾਰੇ ਸਿੱਖਣ ਲਈ ਕਿੰਨਾ ਉਤਸ਼ਾਹਿਤ ਸੀ।

ਪੋਟੂਸੇਕ ਨੇ ਕਿਹਾ ਕਿ ਇਹ ਅਨੁਭਵ ਬਹੁਤ ਵਧੀਆ ਸੀ ਕਿ ਧਰਮ ਨੂੰ ਮਿਆਰਾਂ ਵਿੱਚ ਸ਼ਾਮਲ ਕੀਤਾ ਜਾ ਰਿਹਾ ਹੈ ਅਤੇ ਕਲਾਸ-ਰੂਮ ਵਿੱਚ ਵਿਦਿਆਰਥੀਆਂ 'ਤੇ ਪੈਣ ਵਾਲੇ ਪ੍ਰਭਾਵ ਨੂੰ ਦੇਖਦੇ ਹੋਏ ਅਸੀਂ ਆਪਣੇ ਪਾਠਕ੍ਰਮ ਨੂੰ ਇਸ ਦਿਸ਼ਾ ਵਿੱਚ ਲਿਆਏ ਹਾਂ। ਪੋਟੂਸੇਕ ਦਾ ਪਾਲਣ ਪੋਸ਼ਣ ਕੈਥੋਲਿਕ ਪਰਿਵਾਰ ਵਿੱਚ ਹੋਇਆ ਸੀ, ਫੇਰ ਵੀ ਉਸਨੇ ਸਿੱਖ ਧਰਮ ਨੂੰ ਸਮਝਣ ਲਈ ਸਿੱਖ ਕੋਲੀਸ਼ਨ ਤੱਕ ਪਹੁੰਚ ਕੀਤੀ।

ਪੋਟੂਸੇਕ ਨੇ ਨਿਊਯਾਰਕ ਰਾਜ ਦੇ ਮਾਪਦੰਡਾਂ ਦੀ ਪਾਲਣਾ ਕਰਨ ਲਈ 2020 ਵਿੱਚ ਆਪਣੇ ਸਮਾਜਿਕ ਅਧਿਐਨ ਪਾਠਕ੍ਰਮ ਦਾ ਵਿਸਤਾਰ ਕੀਤਾ, ਜਿਸ ਵਿੱਚ ਈਸਾਈਅਤ, ਇਸਲਾਮ, ਯਹੂਦੀ ਧਰਮ, ਹਿੰਦੂ ਧਰਮ ਅਤੇ ਬੁੱਧ ਧਰਮ ਸਮੇਤ ਇੱਕ ਵਿਸ਼ਾਲ ਧਾਰਮਿਕ ਇਕਾਈ ਸ਼ਾਮਲ ਹੈ।

ਛੇਵੀਂ ਜਮਾਤ ਦੇ ਅਧਿਆਪਕ ਸਕਾਟ ਪੋਟੂਸੇਕ ਦਾ ਕਹਿਣਾ ਹੈ ਕਿ, ਉਸ ਦੇ ਪਾਠਕ੍ਰਮ ਵਿੱਚ ਸਿੱਖ ਧਰਮ ਦੀ ਬਣਤਰ ਅਤੇ ਪਰੰਪਰਾਵਾਂ ਸ਼ਾਮਲ ਹਨ, ਜਿਵੇਂ ਕਿ ਵਿਸ਼ਵਾਸ ਦੇ ਪੰਜ ਤੱਤ, ਕੇਸ (ਸਿਰ ਦੇ ਵਾਲ), ਕੜਾ (ਸਟੀਲ ਦਾ ਕੰਗਣ), ਕੰਗਾ (ਲੱਕੜੀ ਦਾ ਛੋਟਾ ਕੰਘਾ), ਕਛਹਿਰਾ ਅਤੇ ਇੱਕ ਕਿਰਪਾਨ (ਇੱਕ ਚਾਕੂ ਜਾਂ ਤਲਵਾਰ ਵਰਗਾ। ) ਸਿਰ ਦੇ ਵਧੇ ਹੋਏ ਵਾਲ ਸਿੱਖਾਂ ਨੂੰ ਰੱਬ ਦੁਆਰਾ ਦਿੱਤੇ ਗਏ ਚਿੱਤਰ ਵਿੱਚ ਰਹਿਣ ਦੀ ਇਜਾਜ਼ਤ ਦਿੰਦੇ ਹਨ, ਜਦੋਂ ਕਿ ਕੜਾ ਉਹਨਾਂ ਦੇ ਪਰਮਾਤਮਾ ਨਾਲ ਸਬੰਧ ਦੀ ਇੱਕ ਸਰੀਰਕ ਯਾਦ ਦਿਵਾਉਂਦਾ ਹੈ।

ਜਿਵੇਂ ਕਿ ਕਲਾਸ-ਰੂਮਾਂ ਅਤੇ ਲਾਇਬ੍ਰੇਰੀਆਂ ਵਿੱਚ ਸਕੂਲੀ ਪਾਠ-ਕ੍ਰਮਾਂ ਨੂੰ ਲੈ ਕੇ ਲੜਾਈਆਂ ਚੱਲ ਰਹੀਆਂ ਹਨ, ਉਹਨਾਂ ਦੇ ਹੱਲ ਲਈ ਸਿੱਖ ਕੁਲੀਸ਼ਨ ਦੇ ਸਿੱਖਿਆ ਨਿਰਦੇਸ਼ਕ ਹਰਮਨ ਸਿੰਘ ਦਾ ਮੰਨਣਾ ਹੈ ਕਿ ਧਰਮ ਅਤੇ ਸੱਭਿਆਚਾਰ 'ਤੇ ਕੇਂਦਰਿਤ ਸਿੱਖਿਆ ਜ਼ਰੂਰੀ ਹੈ ਕਿਉਂਕਿ ਰਾਜਨੀਤਿਕ ਦ੍ਰਿਸ਼ ਅਤੇ ਨਵੇਂ ਕਾਨੂੰਨ ਇਤਿਹਾਸ ਨੂੰ ਪੜ੍ਹਾਉਣਾ ਤੇ ਸਮਝਣਾ ਔਖਾ ਬਣਾ ਦਿੰਦੇ ਹਨ।

ਹਰਮਨ ਸਿੰਘ ਨੇ ਉਹਨਾਂ ਘਟਨਾਵਾਂ ਵੱਲ ਵੀ ਇਸ਼ਾਰਾ ਕੀਤਾ ਜੋ 1907 ਦੇ ਬੈਲਿੰਘਮ ਦੰਗੇ, ਜਿਸ ਵਿੱਚ ਗੋਰੇ ਮਜ਼ਦੂਰ ਨੇਤਾਵਾਂ ਨੇ ਦੱਖਣੀ ਏਸ਼ੀਆਈ ਮਜ਼ਦੂਰਾਂ 'ਤੇ ਬੇਲਿੰਘਮ, ਵਾਸ਼ਿੰਗਟਨ ਵਿੱਚ ਗੋਰੇ ਮਜ਼ਦੂਰਾਂ ਤੋਂ ਨੌਕਰੀਆਂ ਲੈਣ ਦਾ ਦੋਸ਼ ਲਗਾਇਆ। ਗੋਰੇ ਮਜ਼ਦੂਰਾਂ ਦੀਆਂ ਮੰਗਾਂ ਨੇ ਦੰਗੇ ਭੜਕਾਏ ਜੋ ਦੱਖਣੀ ਏਸ਼ੀਆਈ ਮਜ਼ਦੂਰਾਂ ਨੂੰ ਸ਼ਹਿਰ ਤੋਂ ਬਾਹਰ ਕੱਢੇ ਜਾਣ ਨਾਲ ਖ਼ਤਮ ਹੋਏ। ਇਸ ਪ੍ਰਤੀ ਇੱਕ ਕਾਨੂੰਨ ਬਣਾਇਆ ਗਿਆ ਪਰ ਇਸ ਕਾਨੂੰਨ ਦਾ ਬਹੁਤ ਸਾਰਾ ਹਿਸਾ ਜਾਣ-ਬੁੱਝ ਕੇ ਅਸਪਸ਼ਟ ਹੈ, ਜਦੋਂ ਅਸੀਂ ਆਧੁਨਿਕ ਅਮਰੀਕੀ ਸੰਦਰਭ ਵਿੱਚ ਸਿੱਖ ਧਰਮ ਨੂੰ ਸ਼ਾਮਲ ਕਰਨ ਦੀ ਗੱਲ ਕਰਦੇ ਹਾਂ, ਤਾਂ ਗੋਰਿਆਂ ਦੀ ਸਰਵ ਉੱਚਤਾ ਬਾਰੇ ਗੱਲ ਕੀਤੇ ਬਿਨਾਂ, ਓਕ ਕ੍ਰੀਕ, ਵਿਸਕਾਨਸਿਨ ਵਿੱਚ ਕੀ ਹੋਇਆ ਸੀ, ਇਸ ਬਾਰੇ ਸਿਖਾਉਣਾ ਔਖਾ ਹੈ। ਨਸਲ ਵਰਗੀਆਂ ਚੀਜ਼ਾਂ ਬਾਰੇ ਗੱਲ ਕੀਤੇ ਬਿਨਾਂ ਬੇਲਿੰਘਮ ਦੰਗਿਆਂ ਬਾਰੇ ਗੱਲ ਕਰਨਾ ਔਖਾ ਹੈ।



ਉਨ੍ਹਾਂ ਕਿਹਾ ਕਿ ਪਿਛਲੇ ਕੁਝ ਸਾਲਾਂ ਤੋਂ ਸਿੱਖ ਧਰਮ ਨੂੰ ਮੁੱਢਲੇ ਵਿਸ਼ਵ ਇਤਿਹਾਸ ਤੋਂ ਪਰੇ ਸ਼ਾਮਲ ਕਰਨ ਦਾ ਟੀਚਾ ਹੈ। ਇਕੱਲੇ ਇਤਿਹਾਸਕ ਸੰਦਰਭ ਵਿੱਚ, ਅਸੀਂ ਇਹ ਯਕੀਨੀ ਬਣਾਉਣਾ ਚਾਹੁੰਦੇ ਹਾਂ ਕਿ ਵਿਦਿਆਰਥੀ ਅਮਰੀਕਾ ਵਿੱਚ ਸਿੱਖ ਭਾਈਚਾਰੇ ਦੇ ਤਜਰਬਿਆਂ ਬਾਰੇ ਵੀ ਸਿੱਖਣ। ਅਜੋਕੇ ਸੰਸਾਰ ਵਿੱਚ ਆਧੁਨਿਕ ਸਿੱਖ ਅਨੁਭਵ ਦੀ ਇੱਕ ਕਹਾਣੀ ਹੈ ਜੋ ਦੱਸੀ ਜਾਣੀ ਜ਼ਰੂਰੀ ਹੈ।

ਇਸ ਲਈ ਜਿੱਥੇ ਸਿੱਖ ਕੁਲੀਸ਼ਨ ਨੇ ਸਾਲਾਂ ਤੋਂ ਕਲਾਸ-ਰੂਮ ਐਜੂਕੇਸ਼ਨ ਵਿੱਚ ਸਿੱਖ ਧਰਮ ਨੂੰ ਸ਼ਾਮਲ ਕਰਨ ਦੀ ਵਕਾਲਤ ਕੀਤੀ ਹੈ, ਉੱਤੇ ਹੀ ਹਰਮਨ ਸਿੰਘ ਨੇ ਜ਼ੋਰ ਦੇ ਕੇ ਕਿਹਾ ਕਿ ਏਸ਼ੀਅਨ ਅਮਰੀਕਨ ਪੈਸੀਫਿਕ ਆਇਲੈਂਡਰ ਇਤਿਹਾਸ ਵੀ ਮਹੱਤਵਪੂਰਨ ਹੈ।

ਦ ਏਸ਼ੀਅਨ ਅਮਰੀਕਨ ਫਾਊਂਡੇਸ਼ਨ ਦੇ ਅਨੁਸਾਰ, ਹੁਣ ਤੱਕ, 20 ਰਾਜਾਂ ਨੇ ਇਤਿਹਾਸ ਦੀ ਸਿੱਖਿਆ ਨੂੰ ਲਾਜ਼ਮੀ ਕੀਤਾ ਹੈ। ਇਤਿਹਾਸ ਲਈ ਦੇਸ਼ ਵਿਆਪੀ ਫ਼ਤਵੇ ਨੂੰ ਲਾਗੂ ਕਰਨ ਦੇ ਯਤਨ ਕੀਤੇ ਗਏ ਹਨ, ਜਿਸ ਵਿੱਚ ਰੈਪ. ਗ੍ਰੇਸ ਮੇਂਗ, ਡੀ-ਐਨ.ਵਾਈ. ਨੇ 2021 ਵਿੱਚ ਕਾਨੂੰਨ ਪੇਸ਼ ਕੀਤਾ ਹੈ। ਅਮਰੀਕੀ ਰਾਜ ਪਾਠਕ੍ਰਮ ਪੜ੍ਹਾਉਣ ਦੀ ਚੋਣ ਕਿਵੇਂ ਕਰਦੇ ਹਨ, ਕਿਉਂਕਿ ਇਹ ਅਸਪਸ਼ਟ ਹੈ ਕਿ ਸਿੱਖ ਧਰਮ ਨੂੰ ਇਕਾਈ ਵਿੱਚ ਸ਼ਾਮਲ ਕੀਤਾ ਜਾਵੇਗਾ ਜਾਂ ਦੂਜੇ ਵਿਸ਼ਵ ਧਰਮਾਂ ਨਾਲ ਪੜ੍ਹਾਇਆ ਜਾਣਾ ਜਾਰੀ ਰੱਖਿਆ ਜਾਵੇਗਾ।

ਸਿੱਖ ਕੁਲੀਸ਼ਨ ਨੇ ਪਾਇਆ ਕਿ ਸਿੱਖ ਵਿਦਿਆਰਥੀ ਰਾਸ਼ਟਰੀ ਔਸਤ ਨਾਲੋਂ ਦੁੱਗਣੇ 'ਤੇ ਧੱਕੇਸ਼ਾਹੀ ਦਾ ਅਨੁਭਵ ਕਰਦੇ ਹਨ। ਹਰਮਨ ਸਿੰਘ ਵਰਗੇ ਵਕੀਲਾਂ ਦਾ ਮੰਨਣਾ ਹੈ ਕਿ ਨਸਲਵਾਦ ਅਤੇ ਜ਼ਾਨੋਫੋਬੀਆ ਦਾ ਮੁਕਾਬਲਾ ਕਰਨ ਲਈ ਛੋਟੀ ਉਮਰ ਤੋਂ ਹੀ ਵਿਦਿਆਰਥੀਆਂ ਨੂੰ ਸਿੱਖ ਧਰਮ ਬਾਰੇ ਸਿੱਖਿਅਤ ਕਰਨਾ ਬਹੁਤ ਜ਼ਰੂਰੀ ਹੈ। ਧੱਕੇਸ਼ਾਹੀ ਨੂੰ ਘਟਾਉਣ ਦਾ ਸਭ ਤੋਂ ਵਧੀਆ ਤਰੀਕਾ ਸਿੱਖਿਆ ਦੁਆਰਾ ਜਾਗਰੂਕ ਕਰਨਾ ਹੈ। ਜਿਵੇਂ ਕਿ ਇਸ ਦੇਸ਼ ਵਿੱਚ ਸਮਾਜਿਕ ਅਧਿਐਨ ਦੇ ਮਿਆਰਾਂ ਦੇ ਆਲੇ ਦੁਆਲੇ ਰਾਜਨੀਤਿਕ ਗਤੀਸ਼ੀਲਤਾ ਵਧਦੀ ਜਾ ਰਹੀ ਹੈ, ਅਸੀਂ ਸਿੱਖ ਭਾਈਚਾਰੇ ਦੇ ਮੈਂਬਰਾਂ ਅਤੇ ਗੱਠਜੋੜ ਦੇ ਭਾਈਵਾਲਾਂ ਵੱਲੋਂ ਸਮਾਵੇਸ਼ੀ ਸਮਾਜਿਕ ਅਧਿਐਨ ਦੇ ਮਿਆਰਾਂ ਲਈ ਲੜਨ ਲਈ ਵਧੀ ਹੋਈ ਦਿਲਚਸਪੀ ਅਤੇ ਵਚਨਬੱਧਤਾ ਨੂੰ ਲੱਭ ਰਹੇ ਹਾਂ।

ਸਿੱਖ ਕੁਲੀਸ਼ਨ ਦੇ ਅਨੁਸਾਰ, ਸਿੱਖ ਵਿਦਿਆਰਥੀਆਂ ਨੇ ਸੋਸ਼ਲ ਮੀਡੀਆ, ਵਿਅਕਤੀਗਤ ਝਗੜੇ ਅਤੇ ਹਿੰਸਾ ਰਾਹੀਂ ਧੱਕੇਸ਼ਾਹੀ ਦਾ ਅਨੁਭਵ ਕੀਤਾ। ਡਾਇਸਪੋਰਾ ਵਿੱਚ ਵੱਡੇ ਹੋਏ ਸਿੱਖਾਂ ਲਈ ਇਹ ਤਜਰਬਾ ਅਸਧਾਰਨ ਨਹੀਂ ਹੈ।

ਸਿੱਖ ਅਮਰੀਕਨ ਲੀਗਲ ਡਿਫੈਂਸ ਐਂਡ ਐਜੂਕੇਸ਼ਨ ਫੰਡ ਦੁਆਰਾ 2020 ਦੇ ਸਰਵੇਖਣ ਵਿੱਚ ਪਾਇਆ ਗਿਆ ਕਿ 58 ਪ੍ਰਤੀਸ਼ਤ ਸਿੱਖਾਂ ਨੇ ਕਿਹਾ ਕਿ ਉਹਨਾਂ ਦੀ ਧਾਰਮਿਕ ਪਛਾਣ ਕਾਰਨ ਉਹਨਾਂ ਨੂੰ ਧੱਕੇਸ਼ਾਹੀ ਜਾਂ ਪਰੇਸ਼ਾਨ ਕੀਤਾ ਗਿਆ ਹੈ। 63 ਫੀਸਦੀ ਸਿੱਖਾਂ ਨੇ ਇਹ ਵੀ ਕਿਹਾ ਕਿ ਉਨ੍ਹਾਂ ਨੂੰ ਪੱਗ ਬੰਨ੍ਹਣ ਲਈ ਵਿਤਕਰੇ ਦਾ ਸਾਹਮਣਾ ਕਰਨਾ ਪੈਂਦਾ ਹੈ।

ਜਿਵੇਂ ਕਿ ਸਮਾਜਿਕ ਅਧਿਐਨ ਪਾਠਕ੍ਰਮ ਨੂੰ ਰਾਜ ਦੁਆਰਾ ਸੰਸ਼ੋਧਿਤ ਕਰਨ ਦੇ ਮੌਕੇ ਸਾਹਮਣੇ ਆਏ ਹਨ, ਗੈਰ-ਲਾਭਕਾਰੀ ਸੰਸਥਾਵਾਂ ਦੇ ਵਕੀਲਾਂ ਨੇ ਸਿੱਖ ਧਰਮ ਦੇ ਇਤਿਹਾਸ ਨੂੰ ਸ਼ਾਮਲ ਕਰਨ ਲਈ ਸਥਾਨਕ ਭਾਈਚਾਰਿਆਂ ਨਾਲ ਕੰਮ ਕੀਤਾ ਹੈ ਅਤੇ ਕਲਾਸ-ਰੂਮਾਂ ਵਿੱਚ ਅਮਰੀਕਾ ਦੇ ਇਤਿਹਾਸ ਵਿੱਚ ਸਿੱਖਾਂ ਦੇ ਪ੍ਰਭਾਵ ਨੂੰ ਸ਼ਾਮਲ ਕੀਤਾ ਹੈ। ਹਰਮਨ ਸਿੰਘ ਨੇ ਕਿਹਾ ਕਿ ਸਿੱਖ ਕੁਲੀਸ਼ਨ ਮਿਨੀਸੋਟਾ ਅਤੇ ਕਨੈਕਟੀਕਟ ਦੇ ਭਾਈਚਾਰਿਆਂ ਨਾਲ ਸਿੱਖ ਧਰਮ ਦੇ ਪਾਠਕ੍ਰਮ ਨੂੰ ਅਪਣਾਉਣ ਲਈ ਕੰਮ ਕਰ ਰਿਹਾ ਹੈ। ਉਹ ਰਾਜਾਂ ਦੀ ਮਨਜ਼ੂਰੀ ਤੋਂ ਬਾਅਦ ਕਲਾਸ ਦੇ ਸਿਲੇਬਸ ਨੂੰ ਵਿਕਸਤ ਕਰਨ ਲਈ ਯੂਬਾ, ਮਿਸੀਸਿਪੀ ਅਤੇ ਵਰਜੀਨੀਆ ਸਕੂਲ ਜ਼ਿਲ੍ਹਿਆਂ ਨਾਲ ਵੀ ਕੰਮ ਕਰ ਰਹੇ ਹਨ। ਜਦੋਂ ਕਿ ਨਿਊਜਰਸੀ ਅਤੇ ਕੈਲੀਫੋਰਨੀਆ ਵਰਗੇ ਰਾਜਾਂ ਵਿੱਚ ਵੱਡੀ ਸਿੱਖ ਆਬਾਦੀ ਹੈ। ਸਿੱਖ ਆਬਾਦੀ ਵਾਲੇ ਰਾਜਾਂ ਵਿੱਚ ਇਸ ਵਿਸ਼ੇ ਨੂੰ ਸ਼ਾਮਲ ਕਰਨਾ ਮਹੱਤਵਪੂਰਨ ਹੈ। ਕੁਝ ਵਿਦਿਆਰਥੀਆਂ ਲਈ, ਕਲਾਸ-ਰੂਮ ਵਿੱਚ ਸਿੱਖ ਧਰਮ ਬਾਰੇ ਸਿੱਖਣ ਦਾ ਮਤਲਬ ਹੈ ਪਹਿਲੀ ਵਾਰ ਪ੍ਰਤੀਨਿਧਤਾ ਮਹਿਸੂਸ ਕਰਨਾ। ਅਸੀਂ ਸੋਚਦੇ ਹਾਂ ਕਿ ਜਿਨ੍ਹਾਂ ਰਾਜਾਂ ਵਿੱਚ ਸਿੱਖ ਬਹੁਤ ਜ਼ਿਆਦਾ ਨਹੀਂ ਹਨ, ਉਨ੍ਹਾਂ ਨੂੰ ਵੀ ਸ਼ਾਮਲ ਕਰਨ ਦੀ ਜ਼ਰੂਰਤ ਹੈ ਕਿਉਂਕਿ ਧਰਮ ਪ੍ਰਤੀ ਅਗਿਆਨਤਾ ਦੁਸ਼ਮਣੀ ਪੈਦਾ ਕਰਦੀ ਹੈ, ਅਤੇ ਵਿਦਿਆਰਥੀਆਂ ਨੂੰ ਸੁਰੱਖਿਅਤ ਰੱਖਣ ਦਾ ਸਭ ਤੋਂ ਵਧੀਆ ਤਰੀਕਾ ਹੈ ਸਮਾਵੇਸ਼ੀ ਸਿੱਖਿਆ, ਹਰੇਕ ਰਾਜ ਦੇ ਪਾਠਕ੍ਰਮ ਲਈ ਇਸ ਦੇ ਮਾਪਦੰਡ ਹਨ, ਅਤੇ ਸਾਰੇ ਵਿਸ਼ਿਆਂ ਦੀ ਤਰ੍ਹਾਂ, ਇਕਾਈਆਂ ਨੂੰ ਸਕੈਫੋਲਡ ਕੀਤਾ ਗਿਆ ਹੈ। ਸਿੱਖ ਧਰਮ ਦੇ ਨਾਲ, ਐਲੀਮੈਂਟਰੀ ਸਕੂਲ ਦੇ ਵਿਦਿਆਰਥੀਆਂ ਨੂੰ ਉਹਨਾਂ ਦੀਆਂ ਸਮਾਜਿਕ ਅਧਿਐਨਾਂ ਦੀਆਂ ਕਲਾਸਾਂ ਵਿੱਚ ਧਰਮ ਦੀਆਂ ਬੁਨਿਆਦੀ ਗੱਲਾਂ ਸਿਖਾਈਆਂ ਜਾਂਦੀਆਂ ਹਨ, ਜੋ ਕਿ ਬਾਅਦ ਵਿੱਚ ਮਿਡਲ ਸਕੂਲ ਅਤੇ ਹਾਈ ਸਕੂਲ ਕਲਾਸਾਂ ਵਿਚ ਉਹਨਾਂ ਨੂੰ ਸੁਚੱਜੇ ਬਣਾਉਂਦੀਆਂ ਹਨ। ਕਹਿਣ ਤੋਂ ਭਾਵ ਸਿੱਖ ਧਰਮ ਐਲੀਮੈਂਟਰੀ ਸਕੂਲ ਸਮਾਜਿਕ ਅਧਿਐਨ ਦੀਆਂ ਕਲਾਸਾਂ ਵਿੱਚ ਧਰਮ ਦੀਆਂ ਬੁਨਿਆਦੀ ਗੱਲਾਂ ਸਿਖਾਉਂਦਾ ਹੈ, ਜਿਸ ਦਾ ਫਿਰ ਮਿਡਲ ਅਤੇ ਹਾਈ ਸਕੂਲ ਕਲਾਸ-ਰੂਮ ਵਿੱਚ ਵਿਸਤਾਰ ਕੀਤਾ ਜਾਂਦਾ ਹੈ।

ਸੋ ਧਰਮ ਦਾ ਅਧਿਐਨ ਛੋਟੀ ਉਮਰੇ ਦੇਣਾ ਹੀ ਵਾਜਬ ਹੈ ਕਿਉਂਕਿ 11ਵੀਂ ਜਮਾਤ ਵਾਲਾ ਇੱਕ ਵਿਦਿਆਰਥੀ ਸਿੱਖ ਭਾਈਚਾਰੇ ਬਾਰੇ ਇਤਿਹਾਸਕ ਤੌਰ 'ਤੇ ਸਿੱਖਣਾ ਚਾਹੇ ਤਾਂ ਹੋ ਸਕਦਾ ਉਹ ਪੂਰਨ ਨਾ ਸਿੱਖ ਸਕੇ ਕਿਉਂਕਿ ਉਸ ਸਮੇਂ ਤੱਕ, ਉਨ੍ਹਾਂ ਦੀ ਆਪਸੀ ਸਾਂਝ ਦਾ ਵਿਸਤਾਰ ਹੋ ਜਾਂਦਾ ਹੈ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

Editor: Malkeet Singh Manager: Pardeep Singh Sub: Editor: Balwinderpal Singh, Dr. Sarbjeet Kaur Jang Online Interview Host: Balraj Pannu

Designer: Anil Kumar Content Composer: S. Jagmohan Singh US Distributor: Amritsar Times Inc. Owner: Amritsar Times Pvt Ltd.

Quomantry Amritsar Times is owned by Amritsar Times Pvt Ltd, a company based in India. It owns the content of the Newspaper and hereby does not authorize anyone to redistribute without prior consent. The opinions expressed in this publication are those of the authors unless written by AT Bureau. They do not purport to reflect the opinions or views of the Owner or its members.

All legal disputes must be handled in the courts of State of Punjab in India.

# ਅਮਰੀਕਾ ਖ਼ਬਰਨਾਮਾ

## ਅਮਰੀਕਾ ਦੇ ਪੈਨਸਿਲਵਾਨੀਆ ਰਾਜ 'ਚ ਹੋਈ ਭਾਰੀ ਬਾਰਿਸ਼ ਕਾਰਨ ਆਇਆ ਹੜ੍ਹ, 5 ਮੌਤਾਂ 2 ਬੱਚੇ ਲਾਪਤਾ

ਸੈਕਰਾਮੈਂਟੋ,ਕੈਲੀਫੋਰਨੀਆ/ਹੁਸਨ ਲੜੋਆ ਬੰਗਾ : ਕੁਝ ਘੰਟੇ ਹੋਈ ਬਾਰਿਸ਼ ਦਾ ਪਾਣੀ ਅਮਰੀਕਾ ਦੇ ਪੈਨਸਿਲਵਾਨੀਆ ਰਾਜ ਦੇ ਲੋਕਾਂ ਲਈ ਆਫਤ ਬਣ ਗਿਆ। ਦੋ ਘੰਟੇ ਮੀਂਹ ਵਾਟਰਫਾਲ ਦੀ ਤਰਾਂ ਪਿਆ। ਸੜਕਾਂ ਦਰਿਆ ਦਾ ਰੂਪ ਧਾਰਨ ਕਰ ਗਈਆਂ ਤੇ ਪਾਣੀ ਦਰਜਨਾਂ ਕਾਰਾਂ ਤੇ ਲੋਕਾਂ ਨੂੰ ਆਪਣੇ ਨਾਲ ਵਹਾਅ ਕੇ ਲੈ ਗਿਆ। ਬਾਰਿਸ਼ ਕਾਰਨ ਆਏ ਹੜ੍ਹ ਦੇ ਪਾਣੀ ਵਿੱਚ ਡੁੱਬਣ ਨਾਲ 5 ਵਿਅਕਤੀਆਂ ਦੀ ਮੌਤ ਹੋਣ ਤੇ 2

ਬੱਚਿਆਂ ਦੇ ਲਾਪਤਾ ਹੋਣ ਦੀ ਖ਼ਬਰ ਹੈ। ਹੜ੍ਹ ਦੇ ਪਾਣੀ ਵਿੱਚ ਤੇਜੀ ਨਾਲ ਵਾਧਾ ਹੋਣ ਕਾਰਨ ਲੋਕਾਂ ਨੂੰ ਆਪਣੇ ਆਪ ਨੂੰ ਬਚਾਉਣ ਦਾ ਮੌਕਾ ਹੀ ਨਹੀਂ ਮਿਲਿਆ। ਬਕਸ ਕਾਊਂਟੀ ਕੋਰੋਨਰ ਮੈਰੇਡਿਥ ਬਕ ਨੇ ਕਿਹਾ ਹੈ ਕਿ ਮੌਤਾਂ ਦੀ ਗਿਣਤੀ ਵਧਣ ਦੀ ਸੰਭਾਵਨਾ ਹੈ। ਉਨ੍ਹਾਂ ਕਿਹਾ ਕਿ 3 ਲਾਸ਼ਾਂ ਹੜ੍ਹ ਦੇ ਪਾਣੀ ਵਿੱਚ ਫਸੇ ਵਾਹਣ ਦੇ ਬਾਹਰੋਂ ਮਿਲੀਆਂ ਹਨ। ਇਨ੍ਹਾਂ ਵਿਚੋਂ ਦੋ ਲਾਸ਼ਾਂ ਇਕੋ ਥਾਂ ਤੋਂ ਮਿਲੀਆਂ ਹਨ ਜਦ ਕਿ ਤੀਸਰੀ ਲਾਸ਼ ਵੱਖਰੀ ਜਗਾ ਤੋਂ ਮਿਲੀ ਹੈ। ਅਧਿਕਾਰੀ ਵਾਹਣ ਦੇ ਮਾਲਕ ਦੀ ਭਾਲ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਬਹੁਤ ਸਾਰੇ ਡਰਾਈਵਰ ਆਪਣੇ ਵਾਹਣ ਪਾਣੀ ਵਿੱਚ ਹੀ ਛੱਡ ਕੇ ਚਲੇ ਗਏ ਤੇ ਕੁਝ ਥਾਂਵਾਂ 'ਤੇ ਪਾਣੀ 5 ਫੁੱਟ ਤੋਂ ਵਧ ਗਿਆ। ਅਧਿਕਾਰੀਆਂ ਅਨੁਸਾਰ ਬਚਾਅ ਤੇ ਰਾਹਤ ਕਾਮੇ ਲਾਪਤਾ 9 ਸਾਲਾ ਲੜਕੇ ਤੇ ਉਸ ਦੀ 2 ਸਾਲਾ ਭੈਣ ਦੀ ਭਾਲ ਕਰ ਰਹੇ ਹਨ ਜਦ ਕਿ ਉਨ੍ਹਾਂ ਦੀ ਮਾਂ ਦੀ ਹੜ੍ਹ ਦੇ ਪਾਣੀ ਦੀ ਮਾਰ ਹੇਠ ਆ ਕੇ ਮੌਤ ਹੋ ਚੁੱਕੀ ਹੈ। ਇੱਕ ਹੋਰ ਔਰਤ ਦੇ ਵੀ ਮਾਰੇ ਜਾਣ ਦੀ ਪੁਸ਼ਟੀ ਹੋਈ ਹੈ। ਫਾਇਰ ਚੀਫ਼ ਟਿਮ ਬਰੀਵਰ ਨੇ ਕਿਹਾ ਹੈ ਕਿ ਉਹ ਲਾਪਤਾ ਬੱਚਿਆਂ ਨੂੰ ਲੱਭਣ ਲਈ ਕੋਸ਼ਿਸ਼ਾਂ ਕਰ ਰਹੇ ਹਨ।




## ਜਾਰਜੀਆ 'ਚ ਸ਼ੱਕੀ ਹਤਿਆਰਾ ਪੁਲਿਸ ਨਾਲ ਮੁਕਾਬਲੇ ਵਿੱਚ ਢੇਰ

ਸੈਕਰਾਮੈਂਟੋ,ਕੈਲੀਫੋਰਨੀਆ/ਹੁਸਨ ਲੜੋਆ ਬੰਗਾ : ਅਮਰੀਕਾ ਦੇ ਜਾਰਜੀਆ ਰਾਜ ਦੇ ਸ਼ਹਿਰ ਹੈਂਪਟਨ ਵਿੱਚ ਗੋਲੀਆਂ ਮਾਰ ਕੇ 4 ਲੋਕਾਂ ਦੀ ਹੱਤਿਆ ਕਰਨ ਵਾਲੇ ਸ਼ੱਕੀ ਦੋਸ਼ੀ ਦੇ ਪੁਲਿਸ ਨਾਲ ਹੋਏ ਇਕ ਮੁਕਾਬਲੇ ਵਿੱਚ ਮਾਰੇ ਜਾਣ ਦੀ ਖ਼ਬਰ ਹੈ। ਹੈਨਰੀ ਕਾਊਂਟੀ ਸ਼ੈਰਿਫ ਰੀਗਿਨਲਡ ਸਕੈਨਡਰੈਟ ਨੇ ਪੱਤਰਕਾਰਾਂ ਨੂੰ ਇਹ ਜਾਣਕਾਰੀ ਦਿੱਤੀ ਹੈ। ਉਨ੍ਹਾਂ ਕਿਹਾ ਕਿ ਪੁਲਿਸ ਅਫਸਰਾਂ ਨੇ ਸ਼ੱਕੀ ਆਂਦਰੇ ਲੌਂਗਮੋਰ ਦਾ ਪਿੱਛਾ ਕੀਤਾ ਜਿਸ ਦੌਰਾਨ ਹੋਏ ਮੁਕਾਬਲੇ ਵਿੱਚ ਸ਼ੱਕੀ ਢੇਰ ਹੋ ਗਿਆ। ਸ਼ੱਕੀ ਵੱਲੋਂ ਚਲਾਈਆਂ ਗੋਲੀਆਂ ਨਾਲ ਦੋ ਪੁਲਿਸ ਅਫਸਰ ਵੀ ਜ਼ਖਮੀ ਹੋਏ ਹਨ। ਸਕੈਨਡਰੈਟ ਨੇ ਕਿਹਾ ਕਿ ਇੱਕ ਪੁਲਿਸ ਅਫਸਰ ਦੀ ਹਾਲਤ ਗੰਭੀਰ ਹੈ ਜਿਸ ਦੀ ਪਿੱਠ ਵਿੱਚ ਗੋਲੀ ਵੱਜੀ ਹੈ। ਸਕੈਨਡਰੈਟ ਅਨੁਸਾਰ ਹਾਲਾਂ ਕਿ ਪੁਲਿਸ ਅਫਸਰ ਨੂੰ ਹੋਸ਼ ਹੈ, ਉਹ ਸਾਹ ਲੈ ਰਿਹਾ ਹੈ ਤੇ ਗੱਲਾਂ ਕਰ ਰਿਹਾ ਹੈ।



## ਗੀਤਾ ਰਾਓ ਗੁਪਤਾ ਨੇ ਔਰਤਾਂ ਦੇ ਕੌਮਾਂਤਰੀ ਮੁੱਦਿਆਂ ਬਾਰੇ ਰਾਜਦੂਤ ਵਜੋਂ ਸਹੁੰ ਚੁੱਕੀ

ਸੈਕਰਾਮੈਂਟੋ,ਕੈਲੀਫੋਰਨੀਆ / ਹੁਸਨ ਲੜੋਆ ਬੰਗਾ: ਭਾਰਤੀ ਮੂਲ ਦੀ ਗੀਤਾ ਰਾਓ ਗੁਪਤਾ ਨੇ ਅਮਰੀਕਾ ਦੇ ਵਿਦੇਸ਼ ਵਿਭਾਗ ਵਿੱਚ ਔਰਤਾਂ ਦੇ ਕੌਮਾਂਤਰੀ ਮੁੱਦਿਆਂ ਬਾਰੇ ਰਾਜਦੂਤ ਵਜੋਂ ਸਹੁੰ ਚੱਕੀ। ਉਨਾਂ ਨੂੰ ਅਹੁਦੇ ਦੀ ਸਹੁੰ ਅਮਰੀਕਾ ਦੀ ਉਪ ਰਾਸ਼ਟਰਪਤੀ ਕਮਲਾ ਹੈਰਿਸ ਨੇ ਚੁਕਾਈ। ਗੁਪਤਾ ਦੀ ਔਰਤਾਂ ਦੇ ਕੌਮਾਂਤਰੀ ਮੁੱਦਿਆਂ ਬਾਰੇ ਰਾਜਦੂਤ ਵਜੋਂ ਨਿਯੁਕਤੀ ਦੀ ਪੁਸ਼ਟੀ ਸੈਨਟ ਨੇ ਮਈ ਵਿੱਚ 51-47 ਵੋਟਾਂ ਦੇ ਫਰਕ ਨਾਲ ਕਰ ਦਿੱਤੀ ਸੀ।

ਭਾਰਤ ਦੀ ਫਿਲਮ ਨਗਰੀ ਮੁੰਬਈ ਵਿੱਚ ਪੈਦਾ ਹੋਈ ਗੁਪਤਾ ਯੂਨਾਈਟਿਡ ਨੇਸ਼ਨ ਫਾਊਂਡੇਸ਼ਨ ਵਿਖੇ ਸੀਨੀਅਰ ਅਧਿਕਾਰੀ ਸਮੇਤ ਹੋਰ ਕਈ ਅਹਿਮ ਅਹੁੱਦਿਆਂ ਉਪਰ ਕੰਮ ਕਰ ਚੁੱਕੀ ਹੈ। ਆਪਣੀ ਨਿਯੁਕਤੀ ਦੀ ਪੁਸ਼ਟੀ ਦੀ ਪ੍ਰਕਿਆ ਦੌਰਾਨ ਗੀਤਾ ਨੇ ਕਿਹਾ ਕਿ ਵਿਸ਼ਵ ਭਰ ਵਿੱਚ ਔਰਤਾਂ ਨੂੰ ਅਨੇਕਾਂ ਸਮੱਸਿਆਵਾਂ ਨਾਲ ਜੂਝਣਾ ਪੈ ਰਿਹਾ ਹੈ। ਉਨਾਂ ਕਿਹਾ ਕਿ ਅਨਿਆਂ ਸਮੇਤ ਅਨੇਕਾਂ ਹੋਰ ਮੁਸ਼ਕਿਲਾਂ ਅਰਥ ਵਿਵਸਥਾ ਵਿੱਚ ਉਨਾਂ ਦੀ ਮੁਕੰਮਲ ਭਾਗੀਦਾਰੀ ਵਿੱਚ ਰੁਕਾਵਟਾਂ ਹਨ। ਉਨਾਂ ਨੂੰ ਸੁਰੱਖਿਆ ਤੇ ਹਿੰਸਾ ਦਾ ਡਰ ਹਮਸ਼ਾਂ ਸਤਾਉਂਦਾ ਰਹਿੰਦਾ ਹੈ। ਗੁਪਤਾ ਨੇ ਕੀਨੀਆ ਤੇ ਭਾਰਤ ਸਮੇਤ ਵਿਸ਼ਵ ਭਰ ਵਿੱਚ ਸੀਮਿਤ ਵਿੱਤੀ ਸਾਧਨਾਂ ਦੇ ਬਾਵਜੂਦ ਅਗੇ ਵਧ ਰਹੀਆਂ ਔਰਤਾਂ ਦੀ ਸ਼ਲਾਘਾ ਕੀਤੀ।



## ਆਸਮਾਨ 'ਚ ਵਿਗੜੀ ਪਾਇਲਟ ਦੀ ਸਿਹਤ, ਯਾਤਰੀ ਨੇ ਉਡਾਇਆ ਜਹਾਜ਼

ਬੋਸਟਨ/ਏ.ਟੀ.ਨਿਊਜ਼ : ਅਮਰੀਕਾ ਵਿੱਚ ਫਲਾਈਟ ਨਾਲ ਸਬੰਧਤ ਘਟਨਾਵਾਂ ਅਕਸਰ ਸਾਹਮਣੇ ਆਉਂਦੀਆਂ ਰਹਿੰਦੀਆਂ ਹਨ। ਹਾਲ ਹੀ ਵਿੱਚ ਇੱਥੇ ਆਸਮਾਨ 'ਚ ਉੱਡ ਰਹੇ ਜਹਾਜ਼ ਦਾ ਪਾਇਲਟ ਅਚਾਨਕ ਬਿਮਾਰ ਹੋ ਗਿਆ। ਦਿ ਵਾਸ਼ਿੰਗਟਨ ਪੋਸਟ ਦੀ ਰਿਪੋਰਟ ਮੁਤਾਬਕ ਸ਼ਨੀਵਾਰ ਨੂੰ ਛੋਟੇ ਜਹਾਜ਼ ਦੇ ਪਾਇਲਟ ਦੀ ਸਿਹਤ ਅਚਾਨਕ ਖਰਾਬ ਹੋ ਗਈ। ਇਸ ਤੋਂ ਬਾਅਦ ਜਹਾਜ਼ 'ਚ ਸਵਾਰ ਇੱਕ ਯਾਤਰੀ ਨੇ ਫਲਾਈਟ ਨੂੰ ਉਡਾਇਆ। ਹਾਲਾਂਕਿ ਇਹ ਜਹਾਜ਼ ਅਮਰੀਕਾ ਦੇ ਮੈਸਾਚੁਸੇਟਸ ਦੇ ਇਕ ਟਾਪੂ 'ਤੇ ਕ੍ਰੈਸ਼ ਹੋ ਗਿਆ। ਇਹ ਘਟਨਾ ਵੈਸਟ ਟਿਸਬਰੀ, ਮੈਸੇਚਿਉਸੇਟਸ ਵਿੱਚ ਮਾਰਥਾ ਦੇ ਵਿਨਯਾਰਡ ਏਅਰਪੋਰਟ ਨੇੜੇ ਸ਼ਨੀਵਾਰ ਦੁਪਹਿਰ ਨੂੰ ਵਾਪਰੀ। ਮੈਸੇਚਿਉਸੇਟਸ ਸਟੇਟ ਪੁਲਿਸ ਨੇ ਦੱਸਿਆ ਕਿ ਜਹਾਜ਼ ਦੀ ਲੈਂਡਿੰਗ ਦੌਰਾਨ 79 ਸਾਲਾ ਪੁਰਸ਼ ਪਾਇਲਟ ਦੀ ਹਾਲਤ ਵਿਗੜ ਗਈ।

## ਫਲੋਰਿਡਾ 'ਚ ਵਾਈਲਡ ਲਾਈਫ਼ ਸੈਂਟਰ ਨੂੰ ਲੱਗੀ ਅੱਗ ਕਾਰਨ ਸੈਂਕੜੇ ਪਸ਼ੂ ਪੰਛੀ ਸੜ ਕੇ ਮਰੇ

ਸੈਕਰਾਮੈਂਟੋ,ਕੈਲੀਫੋਰਨੀਆ/ਹੁਸਨ ਲੜੋਆ ਬੰਗਾ : ਅਮਰੀਕਾ ਦੇ ਫਲੋਰਿਡਾ ਰਾਜ ਵਿੱਚ ਇਕ ਵਾਈਲਡ ਲਾਈਫ ਸੈਂਟਰ ਨੂੰ ਲੱਗੀ ਭਿਆਨਕ ਅੱਗ ਕਾਰਨ ਸੈਂਕੜੇ ਪਸ਼ੂ ਤੇ ਪੰਛੀ ਸੜ ਕੇ ਮਾਰੇ ਜਾਣ ਦੀ ਖਬਰ ਹੈ। ਇਨ੍ਹਾਂ ਵਿੱਚ ਕਈ ਦੁਰਲਭ ਕਿਸਮਾਂ ਦੇ ਜਾਨਵਰ ਵੀ ਸ਼ਾਮਿਲ ਸਨ। ਇਹ ਜਾਣਕਾਰੀ ਪਾਈਨਲਾਸ ਕਾਊਂਟੀ ਸ਼ੈਰਿਫ ਦੇ ਦਫਤਰ ਤੇ ਵਾਈਲਡਲਾਈਫ ਸੈਂਟਰ ਨੇ ਜਾਰੀ ਇੱਕ ਬਿਆਨ ਵਿੱਚ ਦਿੱਤੀ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਇਸ ਸੈਂਟਰ ਵਿੱਚ 250 ਤੋਂ ਵਧ ਪਸ਼ੂ-ਪੰਛੀ ਸਨ ਜੋ ਤਕਰੀਬਨ ਸਾਰੇ ਹੀ ਅੱਗ ਵਿੱਚ ਸੜ ਕੇ ਸਵਾਹ ਹੋ ਗਏ। ਐਲੀਗੇਟਰ ਐਂਡ ਵਾਈਲਡਲਾਈਫ ਡਿਸਕਵਰੀ ਸੈਂਟਰ ਮੈਡੀਰਾ ਬੀਚ ਅਨੁਸਾਰ ਇਸ ਸੈਂਟਰ ਵਿੱਚ ਹੋਰ ਜਾਨਵਰਾਂ ਤੋਂ ਇਲਾਵਾ ਵੱਖ ਵੱਖ ਕਿਸਮ ਦੀਆਂ ਚਿੜੀਆਂ, ਕੱਛੂਕੁਮੇ, ਕਿਰਲੀਆਂ, ਮੱਗਰਮੱਛ ਤੇ ਦੁਧਾਧਾਰੀ ਪਸ਼ੂ ਰਖੇ ਹੋਏ ਸਨ। ਅਧਿਕਾਰੀਆਂ ਅਨੁਸਾਰ ਪਾਈਨਲਾਸ ਕਾਊਂਟੀ ਦੇ ਪੁਲਿਸ ਅਫਸਰ ਜਦੋਂ ਜੌਹਨ ਪਾਸ ਵਿਲਜ ਨੇੜੇ ਗਸ਼ਤ ਕਰ ਰਹੇ ਸਨ ਤਾਂ ਉਨਾਂ ਨੇ ਤੜਕਸਾਰ 3 ਵਜੇ ਦੇ ਕਰੀਬ ਇੱਕ ਇਮਾਰਤ ਵਿਚੋਂ ਅੱਗ ਦੀਆਂ ਚਿੰਗਾਰੀਆਂ ਤੇ ਧੂੰਆਂ ਨਿਕਲਦਿਆਂ ਵੇਖਿਆ। ਪੁਲਿਸ ਅਫਸਰਾਂ ਨੇ ਤੁਰੰਤ ਅੱਗ ਬੁਝਾਊ ਵਿਭਾਗ ਨੂੰ ਸਹਾਇਤਾ ਲਈ ਬੇਨਤੀ ਕੀਤੀ। ਫਾਇਰ ਵਿਭਾਗ ਦੇ ਚੀਫ ਕਲਿੰਟ ਬੈਲਕ ਅਨੁਸਾਰ ਜਦੋਂ ਮੈਡੀਰਾ ਬੀਚ ਫਾਇਰ ਵਿਭਾਗ ਦਾ ਅਮਲਾ ਮੌਕੇ ਉਪਰ ਪੁੱਜਾ ਤਾਂ ਅੱਗ ਪੂਰੀ ਤਰਾਂ ਫੈਲ ਚੁੱਕੀ ਸੀ। ਉਨਾਂ ਕਿਹਾ ਕਿ ਸ਼ੁਰੂ ਵਿੱਚ ਅਮਲੇ ਨੇ ਅੰਦਰ ਵੜਕੇ ਅੱਗ ਉਪਰ ਕਾਬੂ ਪਾਉਣ ਦੀ ਕੋਸ਼ਿਸ਼ ਕੀਤੀ ਪਰੰਤੂ ਬਾਅਦ ਵਿੱਚ ਵਿਗੜ ਰਹੇ ਹਾਲਾਤ ਦੇ ਮੱਦੇਨਜਰ ਅਮਲਾ ਆਪਣੇ ਬਚਾਅ ਵਿੱਚ ਆ ਗਿਆ ਤੇ ਬਾਹਰੋਂ ਅੱਗ ਉਪਰ ਕਾਬੂ ਪਾਉਣ ਦੀ ਕੋਸ਼ਿਸ਼ ਕੀਤੀ। (ਬਾਕੀ ਸਫ਼ਾ 29 'ਤੇ)




## ਵ੍ਹਾਈਟ ਹਾਊਸ ਦੇ ਲਾਕਰ ਵਿਚੋਂ ਮਿਲੀ 1 ਗ੍ਰਾਮ ਕੋਕੀਨ ਕਿਸ ਦੀ ?

### ਨਿੱਕੀ ਹੇਲੀ ਨੇ ਸੀਕ੍ਰੇਟ ਸਰਵਿਸ 'ਤੇ ਲਾਪਰਵਾਹੀ ਦਾ ਲਗਾਇਆ ਦੋਸ਼

ਵਾਸ਼ਿੰਗਟਨ/ਏ.ਟੀ.ਨਿਊਜ਼: ਅਮਰੀਕੀ ਰਾਸ਼ਟਰਪਤੀ ਦੀ ਸਰਕਾਰੀ ਰਿਹਾਇਸ਼ ਵ੍ਹਾਈਟ ਹਾਊਸ ਵਿੱਚ ਕੋਕੀਨ ਮਿਲਣ ਤੋਂ ਬਾਅਦ ਹੰਗਾਮਾ ਮਚ ਗਿਆ ਹੈ। ਅਮਰੀਕਾ ਵਿੱਚ ਅਗਲੇ ਸਾਲ ਰਾਸ਼ਟਰਪਤੀ ਚੋਣਾਂ ਹੋਣੀਆਂ ਹਨ। ਇਸ ਦੌਰਾਨ ਵ੍ਹਾਈਟ ਹਾਊਸ ਵਿੱਚ ਕੋਕੀਨ ਮਿਲਣ ਦਾ ਮਾਮਲਾ ਹੋਰ ਗਰਮਾ ਗਿਆ ਹੈ। ਦੱਖਣੀ ਕੈਰੋਲੀਨਾ ਦੀ ਸਾਬਕਾ ਗਵਰਨਰ ਅਤੇ 2024 ਦੇ ਰਾਸ਼ਟਰਪਤੀ ਅਹੁਦੇ ਦੀ ਉਮੀਦਵਾਰ ਨਿੱਕੀ ਹੈਲੀ ਨੇ ਇਸ ਕੋਕੀਨ ਨੂੰ ਜੋ ਬਿਡੇਨ ਦੇ ਬੇਟੇ ਹੰਟਰ ਬਿਡੇਨ ਨਾਲ ਜੋੜਿਆ ਹੈ। ਹੰਟਰ 'ਤੇ ਪਹਿਲਾਂ ਨਸ਼ੀਲੇ ਪਦਾਰਥ ਲੈਣ ਅਤੇ ਪੋਰਨੋਗ੍ਰਾਫੀ ਵਿੱਚ ਸ਼ਾਮਲ ਹੋਣ ਦਾ ਦੋਸ਼ ਲਗਾਇਆ ਗਿਆ ਸੀ। ਨਿੱਕੀ ਹੈਲੀ ਨੇ ਕਿਹਾ ਕਿ ਸੀਕ੍ਰੇਟ ਸਰਵਿਸ ਹੰਟਰ ਬਿਡੇਨ ਨੂੰ ਬਚਾਉਣ ਲਈ ਵ੍ਹਾਈਟ ਹਾਊਸ ਵਿੱਚ ਮਿਲੀ ਕੋਕੀਨ ਦੇ ਅਸਲੀ ਤਥ ਨੂੰ ਲੁਕਾ ਰਹੀ ਹੈ। ਹੇਲੀ ਨੇ ਦਾਅਵਾ ਕੀਤਾ ਕਿ ਸੀਕ੍ਰੇਟ ਸਰਵਿਸ ਵੀ ਇਸ ਮਾਮਲੇ ਵਿੱਚ ਸ਼ਾਮਲ ਸੀ। ਨਿੱਕੀ ਹੇਲੀ ਨੇ ਕਿਹਾ ਕਿ ਵ੍ਹਾਈਟ ਹਾਊਸ ਵਿੱਚ ਕੋਕੀਨ ਮਿਲਣ ਦੇ ਮਾਮਲੇ ਵਿੱਚ ਹੰਟਰ ਬਿਡੇਨ ਜਾਂ ਰਾਸ਼ਟਰਪਤੀ ਦੇ ਕਰੀਬੀ ਵਿਅਕਤੀ ਨੂੰ ਬਚਾਇਆ ਜਾ ਰਿਹਾ ਹੈ। 2 ਜੁਲਾਈ ਨੂੰ, ਵ੍ਹਾਈਟ ਹਾਊਸ ਦੇ ਵੈਸਟ ਵਿੰਗ ਦੇ ਇਕਜੀਕਊਟਿਵ ਪ੍ਰਵੇਸ਼ ਦੁਆਰ ਦੇ ਅੰਦਰ ਸਟੋਰੇਜ ਲਾਕਰ ਵਿੱਚ ਲਗਭਗ 1 ਗ੍ਰਾਮ ਕੋਕੀਨ ਮਿਲੀ ਸੀ। ਇਸ ਨੂੰ ਇੱਕ ਸੀਕ੍ਰੇਟ ਸਰਵਿਸ ਏਜੰਟ ਨੇ ਲਭਿਆ ਸੀ। ਰਿਪੋਰਟਾਂ ਮੁਤਾਬਕ ਇਹ ਲਾਕਰ ਕਿਸੇ ਵੀ ਕੈਮਰੇ ਦੀ ਨਜ਼ਰ ਵਿੱਚ ਨਹੀਂ ਸੀ।



## ਅਮਰੀਕਾ ਵਿੱਚ 110 ਮਿਲੀਅਨ ਲੋਕ ਹੀਟਵੇਵ ਦੀ ਲਪੇਟ 'ਚ

### ਗਰਮੀ ਕਾਰਨ ਹਰ ਸਾਲ 700 ਲੋਕ ਮਰਦੇ ਹਨ ਅਮਰੀਕਾ 'ਚ

ਭਾਰਤ ਵਿੱਚ ਜਿੱਥੇ ਲੋਕ ਭਾਰੀ ਮੀਂਹ ਅਤੇ ਹੜ੍ਹਾਂ ਵਰਗੇ ਹਾਲਾਤਾਂ ਤੋਂ ਪ੍ਰੇਸ਼ਾਨ ਹਨ। ਇਸ ਦੇ ਨਾਲ ਹੀ ਅਮਰੀਕਾ 'ਚ ਲਗਾਤਾਰ ਵੱਧ ਰਹੇ ਪਾਰੇ ਨੇ ਲੋਕਾਂ ਦਾ ਜਿਊਣਾ ਮੁਸ਼ਕਿਲ ਕਰ ਦਿੱਤਾ ਹੈ। ਇੱਕ ਰਿਪੋਰਟ ਮੁਤਾਬਕ ਅਮਰੀਕਾ ਵਿੱਚ ਅਗਲੇ ਹਫ਼ਤੇ ਤਾਪਮਾਨ ਖ਼ਤਰਨਾਕ ਪੱਧਰ ਤੱਕ ਪਹੁੰਚਣ ਵਾਲਾ ਹੈ। ਇਸ ਦੀ ਲਪੇਟ 'ਚ 11 ਕਰੋੜ 30 ਲੱਖ ਲੋਕ ਹਨ।

ਫਲੋਰੀਡਾ, ਕੈਲੀਫੋਰਨੀਆ ਅਤੇ ਵਾਸ਼ਿੰਗਟਨ ਵਿੱਚ ਇਸ ਸਬੰਧੀ ਐਡਵਾਈਜ਼ਰੀ ਜਾਰੀ ਕੀਤੀ ਗਈ ਹੈ। ਅਮਰੀਕਾ ਦੀ ਰਾਸ਼ਟਰੀ ਮੌਸਮ ਸੇਵਾ ਨੇ ਲੋਕਾਂ ਨੂੰ ਕਿਹਾ ਹੈ ਕਿ ਉਹ ਆਪਣੀ ਸਿਹਤ ਨੂੰ ਲੈ ਕੇ ਕੋਈ ਖਤਰਾ ਨਾ ਉਠਾਉਣ। ਅਮਰੀਕਾ 'ਚ ਕਿੰਨੀ ਗਰਮੀ ਹੈ, ਇਸ ਦਾ ਅੰਦਾਜ਼ਾ ਇਸ ਗੱਲ ਤੋਂ ਲਗਾਇਆ ਜਾ ਸਕਦਾ ਹੈ ਕਿ ਸ਼ਨੀਵਾਰ ਨੂੰ ਅਮਰੀਕਾ ਦੇ ਐਰੀਜ਼ੋਨਾ ਸੂਬੇ 'ਚ ਤਾਪਮਾਨ 48 ਡਿਗਰੀ ਸੈਲਸੀਅਸ ਤੱਕ ਪਹੁੰਚ ਗਿਆ।

**ਡੈਥ ਵੈਲੀ 'ਚ 54 ਡਿਗਰੀ ਨੂੰ ਪਾਰ ਕਰੇਗਾ ਪਾਰਾ**

ਅਮਰੀਕਾ ਦੇ ਮੌਸਮ ਵਿਭਾਗ ਨੇ ਦੱਸਿਆ ਹੈ ਕਿ ਅਗਲੇ ਹਫਤੇ ਕੈਲੀਫੋਰਨੀਆ ਦੀ ਡੈਥ ਵੈਲੀ 'ਚ ਪਾਰਾ 54 ਡਿਗਰੀ ਤੱਕ ਪਹੁੰਚ ਜਾਵੇਗਾ। ਡੈਥ ਵੈਲੀ ਦੁਨੀਆ ਦੀਆਂ ਸਭ ਤੋਂ ਗਰਮ ਥਾਵਾਂ ਵਿੱਚੋਂ ਇੱਕ ਹੈ। ਅਗਲੇ ਹਫਤੇ ਪਾਰਾ ਹੋਰ ਵਧਣ ਤੋਂ ਬਾਅਦ ਇਹ ਦੁਨੀਆ ਦਾ ਹੁਣ ਤੱਕ ਦਾ ਸਭ ਤੋਂ ਉੱਚਾ ਤਾਪਮਾਨ ਬਣ ਜਾਵੇਗਾ। ਸਿਹਤ ਵਿਭਾਗ ਨੇ ਕਿਹਾ ਹੈ ਕਿ ਇਹ ਗਰਮੀ ਉਨ੍ਹਾਂ ਲੋਕਾਂ ਲਈ ਘਾਤਕ ਸਾਬਤ ਹੋ ਸਕਦੀ ਹੈ। ਜਿਨ੍ਹਾਂ ਕੋਲ ਠੰਡਾ ਕਰਨ ਦੇ ਯੋਗ ਸਾਧਨ ਨਹੀਂ ਹਨ। ਅਮਰੀਕਾ ਵਿੱਚ ਹਰ ਸਾਲ 700 ਲੋਕ ਗਰਮੀ ਕਾਰਨ ਮਰਦੇ ਹਨ।

**ਰੋਮ ਵਿੱਚ 44 ਡਿਗਰੀ ਤੱਕ ਪਹੁੰਚ ਜਾਵੇਗਾ ਤਾਪਮਾਨ**

ਯੂਰਪ ਦੀ ਪੁਲਾੜ ਏਜੰਸੀ ਨੇ ਇਟਲੀ, ਸਪੇਨ, ਫਰਾਂਸ, ਜਰਮਨੀ ਅਤੇ ਪੋਲੈਂਡ ਵਿੱਚ ਗਰਮੀ ਨੂੰ ਲੈ ਕੇ ਅਲਰਟ ਜਾਰੀ ਕੀਤਾ ਹੈ। ਇਟਲੀ ਨੇ ਰੋਮ ਅਤੇ ਫਲੋਰੈਂਸ ਸਮੇਤ ਆਪਣੇ 16 ਸ਼ਹਿਰਾਂ ਲਈ ਹੀਟਵੇਵ ਦੀ ਚਿਤਾਵਨੀ ਜਾਰੀ ਕੀਤੀ ਹੈ। ਰੋਮ ਵਿੱਚ ਤਾਪਮਾਨ 44 ਡਿਗਰੀ ਤੱਕ ਜਾ ਸਕਦਾ ਹੈ। ਸਰਕਾਰ ਨੇ ਲੋਕਾਂ ਨੂੰ ਸਵੇਰੇ 11 ਵਜੇ ਤੋਂ ਸ਼ਾਮ 6 ਵਜੇ ਤੱਕ ਧੁੱਪ 'ਚ ਨਾ ਰਹਿਣ ਦੀ ਸਲਾਹ ਦਿੱਤੀ ਹੈ। ਇਸ ਹਫਤੇ ਦੇ ਸ਼ੁਰੂ ਵਿੱਚ, ਇਟਲੀ ਵਿਚ ਤੇਜ਼ ਧੁੱਪ ਵਿੱਚ ਕੰਮ ਕਰਨ ਕਾਰਨ ਇਕ ਨਿਰਮਾਣ ਮਜ਼ਦੂਰ ਦੀ ਮੌਤ ਹੋ ਗਈ ਸੀ। ਵਧਦੇ ਤਾਪਮਾਨ ਕਾਰਨ ਸਪੇਨ ਦੇ ਕੈਨਰੀ ਟਾਪੂ ਵਿੱਚ ਜੰਗਲਾਂ ਵਿੱਚ ਅੱਗ ਲੱਗ ਗਈ ਹੈ। ਇੱਥੇ 500 ਲੋਕਾਂ ਨੂੰ ਸੁਰੱਖਿਅਤ ਥਾਵਾਂ 'ਤੇ ਭੇਜਿਆ ਗਿਆ ਹੈ। ਇਸ ਦੇ ਨਾਲ ਹੀ ਗ੍ਰੀਸ ਵਿੱਚ ਵੀ ਲੋਕ ਗਰਮੀ ਤੋਂ ਪ੍ਰੇਸ਼ਾਨ ਹਨ। ਗ੍ਰੀਸ ਵਿੱਚ ਜੰਗਲਾਂ ਵਿੱਚ ਅੱਗ ਲੱਗਣ ਦਾ ਖਤਰਾ ਵੱਧ ਗਿਆ ਹੈ। 2021 ਵਿੱਚ ਵੀ ਜੰਗਲਾਂ ਵਿੱਚ ਅੱਗ ਲੱਗਣ ਦੀ ਵੱਡੀ ਘਟਨਾ ਵਾਪਰੀ ਸੀ।

**ਸੰਸਾਰ ਵਿੱਚ ਗਰਮੀ ਦੇ ਪਿੱਛੇ ਜਲਵਾਯੂ ਤਬਦੀਲੀ**

ਇੱਕ ਰਿਪੋਰਟ ਮੁਤਾਬਕ ਅੱਧੀ ਦੁਨੀਆ 'ਚ ਗਰਮੀ ਡਿੱਗਣ ਦਾ ਕਾਰਨ ਜਲਵਾਯੂ ਪਰਿਵਰਤਨ ਹੈ। ਕਲਾਈਮੇਟ ਸਾਇੰਸ 'ਤੇ ਕੰਮ ਕਰਨ ਵਾਲੇ ਪ੍ਰੋਫੈਸਰ ਰਿਚਰਡ ਐਲਨ ਨੇ ਦੱਸਿਆ ਹੈ ਕਿ ਜਿਸ ਤਰ੍ਹਾਂ ਇਨਸਾਨ ਵਾਤਾਵਰਨ 'ਚ ਗ੍ਰੀਨ ਹਾਊਸ ਗੈਸ ਛੱਡ ਰਹੇ ਹਨ। ਇਹ ਗਰਮੀ ਦੀਆਂ ਲਹਿਰਾਂ ਇਸੇ ਦਾ ਨਤੀਜਾ ਹਨ। ਸਾਨੂੰ ਜਲਦੀ ਤੋਂ ਜਲਦੀ ਇਸ ਨੂੰ ਰੋਕਣ ਲਈ ਸਹੀ ਕਦਮ ਚੁੱਕਣੇ ਪੈਣਗੇ।

2021 ਵਿੱਚ ਲੈਂਸੇਟ ਪਲੈਨੇਟਰੀ ਹੈਲਥ ਵਿੱਚ ਪ੍ਰਕਾਸ਼ਿਤ ਇੱਕ ਅਧਿਐਨ ਦੇ ਅਨੁਸਾਰ, ਹਰ ਸਾਲ ਦੁਨੀਆਂ ਵਿੱਚ 5 ਮਿਲੀਅਨ ਤੋਂ ਵੱਧ ਲੋਕ ਅਤਿ ਦੀ ਗਰਮੀ ਜਾਂ ਅਤਿ ਦੀ ਠੰਡ ਕਾਰਨ ਮਰ ਰਹੇ ਹਨ ਅਤੇ ਆਪਣੀ ਜਾਨ ਗੁਆਉਣ ਵਾਲੇ ਅੱਧੇ ਤੋਂ ਵੱਧ ਏਸ਼ੀਆ ਤੋਂ ਹਨ।

ਰਿਪੋਰਟ ਵਿੱਚ ਦਾਅਵਾ ਕੀਤਾ ਗਿਆ ਹੈ ਕਿ ਦੱਖਣੀ ਏਸ਼ੀਆ ਵਿੱਚ ਰਹਿਣ ਵਾਲੀ ਦੁਨੀਆਂ ਦੀ ਲਗਭਗ ਇੱਕ ਚੌਥਾਈ ਆਬਾਦੀ ਪਹਿਲਾਂ ਹੀ ਸਭ ਤੋਂ ਭਿਆਨਕ ਗਰਮੀ ਦਾ ਸਾਹਮਣਾ ਕਰ ਰਹੀ ਹੈ। ਅਜਿਹੇ 'ਚ ਵਧਦਾ ਤਾਪਮਾਨ ਇਸ ਜਗ੍ਹਾ ਲਈ ਵੱਡਾ ਖਤਰਾ ਬਣਿਆ ਹੋਇਆ ਹੈ ਕਿਉਂਕਿ ਇਸ ਇਲਾਕੇ ਦੇ ਕਰੀਬ 60 ਫੀਸਦੀ ਲੋਕ ਖੇਤੀਬਾੜੀ ਨਾਲ ਜੁੜੇ ਹੋਏ ਹਨ। ਉਨ੍ਹਾਂ ਨੂੰ ਖੁੱਲ੍ਹੇ ਮੈਦਾਨ ਵਿੱਚ ਕੰਮ ਕਰਨਾ ਪੈਂਦਾ ਹੈ, ਹੀਟ ਸਟ੍ਰੋਕ ਕਾਰਨ ਮੌਤ ਦਾ ਖਤਰਾ ਵੱਧ ਜਾਂਦਾ ਹੈ।

# ਬੁਨਿਆਦੀ ਸਾਖ਼ਰਤਾ 'ਚ ਪੰਜਾਬੀ ਵਿਦਿਆਰਥੀਆਂ ਦਾ ਸ਼ਾਨਦਾਰ ਪ੍ਰਦਰਸ਼ਨ

## ਸਟੈਂਨਫੋਰਡ ਯੂਨੀਵਰਸਿਟੀ ਕੈਲੀਫ਼ੋਰਨੀਆ ਵੱਲੋਂ ਕਰਵਾਏ ਗਏ ਸਰਵੇਖਣ 'ਚ ਹੋਇਆ ਖ਼ੁਲਾਸਾ

ਸਟੈਂਨਫੋਰਡ ਯੂਨੀਵਰਸਿਟੀ ਕੈਲੀਫੋਰਨੀਆ ਵੱਲੋਂ ਕਰਵਾਏ ਗਏ ਇੱਕ ਸਰਵੇਖਣ ਦੌਰਾਨ ਇਹ ਗਲ ਉਭਰ ਕੇ ਸਾਹਮਣੇ ਆਈ ਕਿ ਬੁਨਿਆਦੀ ਸਾਖਰਤਾ ਦੇ ਵਿੱਚ ਭਾਰਤੀ ਭਾਸ਼ਾਵਾਂ 'ਚ ਪੰਜਾਬੀ ਦੇ ਮਾਧਿਆਮ ਦੇ ਤੌਰ 'ਤੇ ਵਿਦਿਆਰਥੀਆਂ ਦਾ ਪ੍ਰਦਰਸ਼ਨ ਸਭ ਤੋਂ ਵਧੀਆ ਪਾਇਆ ਗਿਆ। ਇਸ ਸਰਵੇਖਣ ਅਨੁਸਾਰ 51 ਫੀਸਦੀ ਵਿਦਿਆਰਥੀ ਗਲੋਬਲ ਮੁਹਾਰਤ ਦੇ ਪੱਧਰ ਤੋਂ ਵੱਧ ਅਤੇ 6 ਫੀਸਦੀ ਅੰਸ਼ਿਕ ਤੌਰ 'ਤੇ ਗਲੋਬਲ ਮੁਹਾਰਤ ਦੇ ਪੱਧਰ ਤੋਂ ਹੇਠਾਂ ਪਾਏ ਗਏ। ਸਰਵੇਖਣ ਅਨੁਸਾਰ ਤਮਿਲ ਵਿੱਚ ਪੜ੍ਹ ਰਹੇ ਵਿਦਿਆਰਥੀਆਂ ਦਾ ਪ੍ਰਦਰਸ਼ਨ ਸਭ ਤੋਂ ਘੱਟ ਸੀ। ਤਮਿਲ ਦੇ ਸਿਰਫ਼ 9 ਫੀਸਦੀ ਵਿਦਿਆਰਥੀ ਗਲੋਬਲ ਮੁਹਾਰਤ ਪੱਧਰ ਤੋਂ ਵੱਧ ਸਨ ਅਤੇ 48 ਫੀਸਦੀ ਵਿਦਿਆਰਥੀ ਅੰਸ਼ਕ ਤੌਰ 'ਤੇ ਗਲੋਬਲ ਮੁਹਾਰਤ ਤੋਂ ਹੇਠਾਂ ਸਨ। ਸਰਵੇਖਣ ਦੇ ਵਿੱਚ ਇਹ ਗਲ ਪਤਾ ਚਲੀ ਕਿ ਭਾਰਤ ਵਿੱਚ 6 ਭਾਸ਼ਾਵਾਂ ਵਿੱਚ ਪੜ੍ਹ ਰਹੇ 30 ਫੀਸਦੀ ਵਿਦਿਆਰਥੀਆਂ ਨੇ ਪੰਜਾਬੀ ਤੋਂ ਇਲਾਵਾ ਬੰਗਾਲੀ, ਮਿਜ਼ੋ, ਉੜੀਆ, ਅੰਗਰੇਜ਼ੀ ਤੇ ਮਨੀਪੁਰੀ ਗਲੋਬਲ ਘੱਟੋ ਘੱਟ ਮੁਹਾਰਤ ਦੇ ਪੱਧਰ ਨੂੰ ਪਾਰ ਕੀਤਾ। ਤੇਲਗੂ ਮਾਧਿਆਮ ਦੇ ਅਧੀਨ 30 ਫੀਸਦੀ ਵਿਦਿਆਰਥੀ ਗਲੋਬਲ ਮੁਹਾਰਤ ਦੇ ਪੱਧਰ 'ਤੇ ਖਰਾ ਉਤਰਦੇ ਹਨ। ਕੁਲ ਮਿਲਾ ਕੇ ਭਾਰਤ ਵਿੱਚ ਸਰਵੇਖਣ ਕੀਤੇ ਗਏ ਵਿਦਿਆਰਥੀਆਂ ਵਿਚੋਂ 42 ਫੀਸਦੀ ਨੇ ਘੱਟੋਘੱਟ ਮੁਹਾਰਤ ਨੂੰ ਹਾਸਲ ਕੀਤਾ ਅਤੇ 37 ਫੀਸਦੀ ਅੰਸ਼ਿਕ ਤੌਰ 'ਤੇ ਗਣਿਤ ਦੇ ਪੱਧਰ 'ਤੇ ਇਸ ਸਰਵੇਖਣ 'ਤੇ ਪੂਰੇ ਉਤਰਦੇ ਹਨ। ਸਰਵੇਖਣ ਭਾਰਤ ਦੇ 10 ਹਜਾਰ ਸਕੂਲਾਂ ਵਿੱਚ 20 ਵੱਖ- ਵੱਖ ਭਾਸ਼ਾਵਾਂ ਵਿੱਚ 86 ਹਜਾਰ ਜਮਾਤ ਦੇ ਵਿਦਿਆਰਥੀਆਂ 'ਤੇ ਕਰਵਾਇਆ ਗਿਆ।



ਪ੍ਰਧਾਨ ਮੰਤਰੀ ਦੀ ਆਰਥਿਕ ਸਲਾਹਕਾਰ ਪ੍ਰੀਸ਼ਦ ਦੇ ਚੇਅਰਮੈਨ ਵਿਵੇਕ ਦੇਬਰਾਏ ਦੁਆਰਾ ਲੰਘੇ ਸ਼ੁੱਕਰਵਾਰ ਨੂੰ "ਸੈਕਿੰਡ ਸਟੇਟ ਆਫ ਫਾਉਂਡਿਸ਼ਨਲ ਲਿਟਰੇਸੀ ਅਤੇ ਨਿਊਮਰੇਸੀ 2022" ਦੀ ਰਿਪੋਰਟ ਜਾਰੀ ਕੀਤੀ ਗਈ।

ਯੂਨੀਸੇਫ ਦੇ ਅਨੁਸਾਰ ਵਿਸ਼ਵ ਪੱਧਰ 'ਤੇ 10 ਸਾਲ ਦੇ ਕਰੀਬ ਦੋ ਤਿਹਾਈ ਬੱਚੇ ਇੱਕ ਸਾਧਾਰਨ ਪਾਠ ਨੂੰ ਪੜ੍ਹਨ ਅਤੇ ਸਮਝਣ ਵਿੱਚ ਅਸਮਰਥ ਹਨ। ਕੋਵਿਡ ਮਹਾਂਮਾਰੀ ਦੀ ਸਥਿਤੀ ਦੇ ਨਾਲ ਬੱਚਿਆਂ ਦੇ ਸਿੱਖਣ ਦਾ ਰੁਝਾਨ ਵਿਗੜ ਗਿਆ। ਤੇ ਦੁਨੀਆ ਭਰ ਵਿੱਚ ਹਰ ਬੱਚਾ ਸਿੱਖਣ ਦੀ ਕਲਾ ਦੇ ਵਿੱਚ ਕੁਝ ਨਾ ਕੁਝ ਪਿਛੇ ਜਰੂਰ ਰਹਿ ਗਿਆ। ਰਿਪੋਰਟ ਵਿੱਚ ਇਹ ਵੀ ਕਿਹਾ ਗਿਆ ਕਿ ਬਹੁਤ ਸਾਰੇ ਦੇਸ਼ਾਂ ਵਿੱਚ ਜਿਆਦਾਤਰ ਬੱਚੇ ਮੂਲ ਸ਼ਬਦਾਂ ਦੀ ਵਿਆਖਿਆ ਨਹੀਂ ਕਰ ਸਕਦੇ ਤੇ ਆਮ ਜਿਹੇ ਗਣਿਤ ਦੇ ਜਮਾਂ ਘਟਾਓ ਦੇ ਸਵਾਲ ਕਰਨੇ ਵੀ ਔਖੇ ਲੱਗਦੇ ਹਨ। ਵਿਸ਼ਵ ਬੈਂਕ ਦੇ ਮੁਲਾਕਣ ਅਨੁਸਾਰ ਭਾਰਤ ਵਿੱਚ ਲਗਭਗ 50 ਫੀਸਦੀ ਬੱਚਿਆਂ ਵਿੱਚ ਬੁਨਿਆਦੀ ਸਿਖਿਆ ਦੀ ਘਾਟ ਹੈ। ਜਦੋਂ ਤਕ ਉਹ ਪੰਜਵੀ ਜਮਾਤ ਤਕ ਪਹੁੰਚਦੇ ਹਨ ਉਹਨਾਂ ਲਈ ਇਹ ਸਮਝਣਾ ਮੁਸ਼ਕਿਲ ਹੋ ਜਾਂਦ ਾਹੈ ਕਿ ਉਹਨਾਂ ਦੇ ਗਰੇਡ ਪੱਧਰ ਦੇ ਅਨੁਸਾਰ ਕੀ ਸਿਖਾਇਅ ਜਾ ਰਿਹਾ ਹੈ ਅਤੇ ਕੀ ਸਿੱਖਣਾ ਹੈ। ਸਭ ਤੋਂ ਵੱਧ ਚਿੰਤਾ ਵਾਲੀ ਗਲ ਇਹ ਹੈ ਕਿ ਭਾਰਤ ਵਿੱਚ ਯੂਨੀਸੇਫ 2022 ਦੀ ਇਕ ਰਿਪੋਰਟ ਦੇ ਅਨੁਸਾਰ 92ਵੇਂ ਫੀਸਦੀ ਵਿਦਿਆਰਥੀਆਂ ਨੇ ਆਪਣੀ ਖਾਸ ਭਾਸ਼ਾ ਦੀ ਯੋਗਤਾ ਗੁਆ ਦਿਤੀ ਹੈ। ਅਤੇ 82 ਫੀਸਦੀ ਵਿਦਿਆਰਥੀ ਪਿਛਲੇ ਸਾਲ ਤੋਂ ਗਣਿਤ ਦੀ ਯੋਗਤਾ ਦੇ ਵਿੱਚ ਪਿੱਛੈ ਰਹਿ ਗਏ ਹਨ। ਉਮੀਦ ਵੀ ਜਤਾਈ ਜਾ ਰਹੀ ਹੈ ਕਿ ਅਧਿਆਪਕ ਆਪਣੇ ਪੜਾਉਣ ਦੇ ਆਧੁਨਿਕ ਤਰੀਕੇ ਦੇ ਨਾਲ ਮਾਪਿਆਂ ਦੇ ਸਹਿਯੋਗ ਨਾਲ ਤੇ ਤਕਨਾਲੌਜੀ ਦੀ ਵਰਤੋ ਕਰਕੇ ਜੋ ਨੁਕਸਾਨ ਹੋ ਰਿਹਾ ਹੈ, ਉਸ ਨੂੰ ਘੱਟ ਕੀਤਾ ਜਾ ਸਕਦਾ ਹੈ। ਪਿਛਲ। 50 ਸਾਲਾਂ ਵਿਚ ਭਾਰਤ ਨੇ 220 ਤੋਂ ਵੱਧ ਭਾਸ਼ਾਵਾਂ ਨੂੰ ਗੁਆ ਦਿਤਾ ਹੈ ਜਿਸਦਾ ਮਤਲਬ ਇਹ ਹੈ ਕਿ ਭਾਸ਼ਾਵਾਂ ਦੀ ਸੰਭਾਲ ਅਤੇ ਦੇਖਭਾਲ ਵੱਲ ਪੂਰਾ ਧਿਆਨ ਨਹੀਂ ਦਿਤਾ ਗਿਆ। ਇਸ ਤੋਂ ਇਲਾਵਾ ਵਿਸ਼ਵ ਬੈਂਕ 2021 ਦੀ ਰਿਪੋਰਟ ਅਨੁਸਾਰ ਇਹ ਅੰ ਦਾਜਾ ਲਗਾਇਆ ਜਾ ਰਿਹਾ ਹੈ ਕਿ ਭਾਰਤ ਵਿੱਚ 25 ਫੀਸਦੀ ਪ੍ਰਾਇਮਰੀ ਸਕੂਲੀ ਬੱਚਿਆਂ ਵਿੱਚ ਸਿੱਖਣ ਦੀ ਕਲਾ ਵਿੱਚ ਨੁਕਸਾਨ ਇਸ ਲਈ ਉਠਾਉਣਾ ਪਿਆ ਕਿਉਂਕਿ ਸਕੂਲਾਂ ਵਿੱਚ ਵਰਤੀ ਜਾਂਦੀ ਭਾਸ਼ਾ ਉਹਨਾਂ ਦੀ ਘਰੇਲੂ ਭਾਸ਼ਾ ਨਹੀਂ ਹੈ। ਸਥਾਨਕ ਭਾਸ਼ਾਵਾਂ ਵਿੱਚ ਸਿੱਖਣ ਦੇ ਮਹੱਤਵ ਰਾਹੀਂ ਕਿਹਾ ਗਿਆ ਕਿ "ਭਾਸ਼ਾ ਬੁਨਿਆਦੀ ਸਿੱਖਿਆ ਦਾ ਇੱਕ ਮਹੱਤਵਪੂਰਨ ਅੰਗ ਹੈ। ਦੇਸ਼ ਦੀ ਸਭਿਆਚਾਰਕ ਅਤੇ ਭਾਸ਼ਾਈ ਵਿਭਿੰਨਤਾ ਦੇ ਕਾਰਨ ਤੇ ਇਕ ਅਰਬ ਦੀ ਆਬਾਦੀ ਦੇ ਨਾਲ ਇਹ ਬੋਲੀਆਂ ਜਾਣ ਵਾਲੀਆਂ ਭਾਸ਼ਾਵਾਂ ਨੂੰ ਇਕਠੀਆਂ ਕਰਨਾ ਇਕ ਚੁਣੌਤੀ ਬਣ ਜਾਂਦੀ ਹੈ। ਇਸ ਗਲ ਤੋਂ ਵੀ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਬਹੁਤ ਸਾਰੇ ਬੱਚੇ ਉਹਨਾਂ ਭਾਸ਼ਾਵਾਂ ਨੂੰ ਸਿੱਖ ਰਹੇ ਹਨ ਜਿਹੜੀਆਂ ਉਹਨਾਂ ਦੀ ਮਾਤ ਭਾਸ਼ਾ ਜਾਂ ਘਰੇਲੂ ਭਾਸ਼ਾਵਾਂ ਤੋਂ ਵੱਖਰੀਆਂ ਹਨ, ਇਹ ਇਕ ਚੰਗਾ ਰੁਝਾਨ ਹੈ।

# ਐਨ.ਆਈ.ਏ. ਵੱਲੋਂ 21 ਸਿੱਖਾਂ ਦੀ ਹਿੱਟ ਲਿਸਟ ਜਾਰੀ, ਅੰਤਰਰਾਸ਼ਟਰੀ ਪੱਧਰ 'ਤੇ ਹੋ ਰਹੀ ਆਲੋਚਨਾ: ਸਿੱਖ ਫੈਡਰੇਸ਼ਨ ਯੂਕੇ



ਨਵੀਂ ਦਿੱਲੀ/ਮਨਪ੍ਰੀਤ ਸਿੰਘ ਖਾਲਸਾ : ਭਾਰਤ ਦੀ ਨੈਸ਼ਨਲ ਇਨਵੈਸਟੀਗੇਸ਼ਨ ਏਜੰਸੀ (ਐਨਆਈਏ) ਵੱਲੋਂ ਭਾਰਤੀ ਟੀਵੀ 'ਤੇ ਡਾਇਸਪੋਰਾ ਵਿੱਚ 21 ਸਿੱਖਾਂ ਦੀ 'ਹਿੱਟ ਲਿਸਟ' ਪਾਉਣ ਨਾਲ ਹੁਣ ਇੱਕ ਨਵਾਂ ਵਿਵਾਦ ਸ਼ੁਰੂ ਹੋ ਗਿਆ ਹੈ। ਇਸ ਵਿੱਚ ਯੂਕੇ, ਅਮਰੀਕਾ, ਕੈਨੇਡਾ ਅਤੇ ਪਾਕਿਸਤਾਨ ਵਿੱਚ ਰਹਿੰਦੇ ਸਿੱਖ ਵੀ ਸ਼ਾਮਲ ਹਨ। ਯੂਕੇ ਦੇ ਛੇ ਸਿੱਖ ਹਨ ਅਤੇ ਉਨ੍ਹਾਂ ਵਿੱਚੋਂ ਕੁਝ ਨੇ ਯੂਕੇ ਪੁਲਿਸ ਨੂੰ ਧਮਕੀਆਂ, ਪਰੇਸ਼ਾਨੀ, ਡਰਾਉਣ ਅਤੇ ਹੁਣ ਜਾਨੋਂ ਮਾਰਨ ਦੀਆਂ ਧਮਕੀਆਂ ਦੀ ਰਿਪੋਰਟ ਕੀਤੀ ਹੈ ਅਤੇ ਆਪਣੇ ਹੀ ਸੰਸਦ ਮੈਂਬਰਾਂ ਪੈਟ ਮੈਕਫੈਡਨ, ਜੌਹਨ ਸਪੈਲਰ ਅਤੇ ਤਨਮਨਜੀਤ ਸਿੰਘ ਢੇਸੀ ਨਾਲ ਸੰਪਰਕ ਕੀਤਾ ਹੈ।

ਇਹ ਸਮਝਿਆ ਜਾਂਦਾ ਹੈ ਕਿ ਕਾਊਂਟਰ ਟੈਰੋਰਿਜ਼ਮ ਅਫਸਰ ਪਹਿਲਾਂ ਹੀ ਯੂਕੇ ਵਿੱਚ ਸਿੱਖ ਪ੍ਰਦਰਸ਼ਨਕਾਰੀਆਂ ਨੂੰ ਜਨਤਕ ਤੌਰ 'ਤੇ ਨਿਸ਼ਾਨਾ ਬਣਾ ਕੇ ਸੋਸ਼ਲ ਮੀਡੀਆ 'ਤੇ ਆਪਣੀਆਂ ਗਤੀਵਿਧੀਆਂ ਦੇ ਸਬੰਧ ਵਿੱਚ ਐਨਆਈਏ ਦੀਆਂ ਗਤੀਵਿਧੀਆਂ ਦੀ ਜਾਂਚ ਕਰ ਰਹੇ ਸਨ। ਇਹਨਾਂ ਗਤੀਵਿਧੀਆਂ ਨੂੰ ਇੱਕ ਵਿਦੇਸ਼ੀ ਸਰਕਾਰ ਦੁਆਰਾ 'ਦੁਸ਼ਮਣ ਗਤੀਵਿਧੀਆਂ' ਮੰਨਿਆ ਜਾਂਦਾ ਹੈ ਅਤੇ ਉਹਨਾਂ ਦੇ ਆਪਣੇ ਸ਼ਬਦਾਂ ਵਿੱਚ ਅਪਰਾਧਿਕ ਗਤੀਵਿਧੀ ਅਤੇ 'ਰਾਜ ਦੇ ਦਮਨ' ਦੇ ਬਰਾਬਰ ਹੈ।

ਭਾਰਤੀ ਟੀਵੀ 'ਤੇ ਡਾਇਸਪੋਰਾ ਵਿੱਚ 20 ਸਿੱਖਾਂ ਦੀ 'ਹਿੱਟ ਲਿਸਟ' ਪ੍ਰਕਾਸ਼ਿਤ ਕਰਨਾ ਅਮਰੀਕਾ, ਯੂਕੇ ਅਤੇ ਕੈਨੇਡੀਅਨ ਪ੍ਰਸ਼ਾਸਨ ਅਤੇ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਲਈ ਇੱਕ ਵੱਡੀ ਚੁਣੌਤੀ ਹੈ। ਸਿੱਖ ਫੈਡਰੇਸ਼ਨ (ਯੂ.ਕੇ.) ਦੇ ਪ੍ਰਧਾਨ ਭਾਈ ਅਮਰੀਕ ਸਿੰਘ ਨੇ ਕਿਹਾ ਕਿ ਇਹ ਅਮਰੀਕਾ, ਯੂਕੇ ਅਤੇ ਕੈਨੇਡਾ ਦੀਆਂ ਸਰਕਾਰਾਂ ਲਈ ਇੱਕ ਜਨਤਕ ਚੁਣੌਤੀ ਨੂੰ ਦਰਸਾਉਂਦਾ ਹੈ ਕਿਉਂਕਿ ਇਹ ਕੈਨੇਡਾ ਵਿੱਚ ਹਰਦੀਪ ਸਿੰਘ ਨਿੱਝਰ ਦੀ (ਬਾਕੀ ਸਫ਼ਾ 29 'ਤੇ)

# ਅਜੇ ਵੀ ਘਾਟੇ ਵਾਲੀ ਕੰਪਨੀ ਬਣੀ ਹੋਈ ਹੈ ਟਵਿੱਟਰ : ਮਸਕ



ਵਾਸ਼ਿੰਗਟਨ/ਏ.ਟੀ.ਨਿਊਜ਼ :- ਸੋਸ਼ਲ ਮੀਡੀਆ ਪਲੇਟਫਾਰਮ ਟਵਿੱਟਰ ਅਜੇ ਵੀ ਘਾਟੇ 'ਚ ਚੱਲ ਰਹੀ ਕੰਪਨੀ ਹੈ। ਇਹ ਜਾਣਕਾਰੀ ਖੁਦ ਕੰਪਨੀ ਦੇ ਮਾਲਕ ਐਲੋਨ ਮਸਕ ਨੇ ਦਿੱਤੀ। ਇੱਕ ਟਵੀਟ ਦੇ ਜਵਾਬ ਵਿੱਚ, ਮਸਕ ਨੇ ਕਿਹਾ ਕਿ ਵਿਗਿਆਪਨ ਮਾਲੀਆ ਵਿੱਚ ਲਗਭਗ 50% ਦੀ ਗਿਰਾਵਟ ਅਤੇ ਉੱਚ ਕਰਜ਼ੇ ਦੇ ਕਾਰਨ ਕੰਪਨੀ ਦਾ ਨਕਦ ਪ੍ਰਵਾਹ ਅਜੇ ਵੀ ਨਕਾਰਾਤਮਕ ਬਣਿਆ ਹੋਇਆ ਹੈ। ਸਾਨੂੰ ਹੋਰ ਕੁਝ ਵੀ ਪ੍ਰਾਪਤ ਕਰਨ ਤੋਂ ਪਹਿਲਾਂ ਸਕਾਰਾਤਮਕ ਨਕਦ ਪ੍ਰਵਾਹ ਤੱਕ ਪਹੁੰਚਣ ਦੀ ਜ਼ਰੂਰਤ ਹੈ। ਹਾਲਾਂਕਿ, ਮਸਕ ਨੇ ਇਸ਼ਤਿਹਾਰਾਂ ਦੀ ਆਮਦਨ ਵਿੱਚ ਗਿਰਾਵਟ ਲਈ ਸਮਾਂ ਮਿਆਦ ਨਿਰਧਾਰਤ ਨਹੀਂ ਕੀਤੀ। ਮਸਕ ਨੇ ਪਹਿਲਾਂ ਕਿਹਾ ਸੀ ਕਿ ਟਵਿੱਟਰ 2023 ਵਿੱਚ ਲਗਭਗ 3 ਬਿਲੀਅਨ ਡਾਲਰ ਦੀ ਆਮਦਨ ਪੈਦਾ ਕਰਨ ਦੇ ਰਾਹ 'ਤੇ ਹੈ, ਜੋ 2021 ਵਿੱਚ 5.1 ਬਿਲੀਅਨ ਡਾਲਰ ਤੋਂ ਵੱਧ ਹੈ।

28 ਅਕਤੂਬਰ 2022 ਨੂੰ, ਐਲੋਨ ਮਸਕ ਨੇ ਟਵਿੱਟਰ ਨੂੰ 44 ਬਿਲੀਅਨ ਡਾਲਰ (ਉਦੋਂ 3,368 ਬਿਲੀਅਨ ਰੁਪਏ) ਵਿੱਚ ਖਰੀਦਿਆ। ਟਵਿੱਟਰ ਦੇ ਸੁਤੰਤਰ ਬੋਰਡ ਦੇ ਚੇਅਰਮੈਨ ਬ੍ਰੈਟ ਟੇਲਰ ਨੇ ਭਾਰਤੀ ਸਮੇਂ ਅਨੁਸਾਰ ਦੁਪਹਿਰ 12.24 ਵਜੇ ਇੱਕ ਪ੍ਰੈਸ ਰਿਲੀਜ਼ ਵਿੱਚ ਮਸਕ ਨਾਲ ਸੌਦੇ ਦੀ ਜਾਣਕਾਰੀ ਦਿੱਤੀ।

ਉਸ ਸਮੇਂ ਮਸਕ ਨੇ ਦੱਸਿਆ ਸੀ ਕਿ ਕੰਪਨੀ ਨੂੰ ਹਰ ਰੋਜ਼ ਕਰੀਬ 32 ਕਰੋੜ ਰੁਪਏ ਦਾ ਨੁਕਸਾਨ ਹੋ ਰਿਹਾ ਹੈ।

ਮਸਕ ਨੇ ਟਵਿਟਰ 'ਤੇ ਮਾਲੀਆ ਵਧਾਉਣ ਲਈ ਕਈ ਬਦਲਾਅ ਕੀਤੇ ਹਨ। ਉਹ ਆਪਣੇ ਪਲੇਟਫਾਰਮ ਤੋਂ ਕਮਾਈ ਕਰਨ ਲਈ ਸਿਰਫ਼ ਇਸ਼ਤਿਹਾਰ ਦੇਣ ਵਾਲਿਆਂ 'ਤੇ ਨਿਰਭਰ ਨਹੀਂ ਰਹਿਣਾ ਚਾਹੁੰਦੇ। ਇਸ ਕਾਰਨ, ਉਸਨੇ ਦੁਨੀਆ ਭਰ ਵਿੱਚ ਬਲੂ ਸਬਸਕ੍ਰਿਪਸ਼ਨ ਪਲਾਨ ਵੀ ਲਾਂਚ ਕੀਤਾ।

ਹਾਲ ਹੀ 'ਚ ਉਨ੍ਹਾਂ ਨੇ ਟਵਿੱਟਰ 'ਤੇ ਪੋਸਟਾਂ ਨੂੰ ਪੜ੍ਹਨ ਦੀ ਰੋਜ਼ਾਨਾ ਸੀਮਾ ਤੈਅ ਕੀਤੀ ਸੀ। ਪ੍ਰਮਾਣਿਤ ਉਪਭੋਗਤਾ ਹੁਣ ਇੱਕ ਦਿਨ ਵਿੱਚ ਸਿਰਫ 10,000 ਪੋਸਟਾਂ ਪੜ੍ਹ ਸਕਦੇ ਹਨ। ਗੈਰ-ਪ੍ਰਮਾਣਿਤ ਉਪਭੋਗਤਾ ਇੱਕ ਹਜ਼ਾਰ ਪੋਸਟਾਂ ਨੂੰ ਪੜ੍ਹ ਸਕਦੇ ਹਨ, ਜਦੋਂ ਕਿ ਨਵੇਂ ਗੈਰ-ਪ੍ਰਮਾਣਿਤ ਉਪਭੋਗਤਾ ਰੋਜ਼ਾਨਾ ਸਿਰਫ 500 ਪੋਸਟਾਂ ਪੜ੍ਹ ਸਕਦੇ ਹਨ।

Allstate You're in good hands.
ALL STATE INSURANCE
ਕਿਸੇ ਕਿਸਮ ਦੀ ਇਨਸੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ
AUTO HOME LIFE HEALTH BUSINESS

Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544

CAPITAL SERVICES
Capital services
ਸਾਰੀਆਂ ਸੇਵਾਵਾਂ ਇਕੋ ਥਾਂ
• ਇੰਡੀਅਨ ਪਾਸਪੋਰਟ
• ਇੰਡੀਅਨ ਵੀਜ਼ਾ, OCI
• ਮੁਖਤਿਆਰਨਾਮਾ
• ਇਮੀਗਰੇਸ਼ਨ ਸਰਵਿਸਜ਼
• ਸਿਟੀਜਨ, ਗਰੀਨ ਕਾਰਡ
• ਫੈਮਲੀ ਪਟੀਸ਼ਨ

ਜੇਕਰ ਤੁਸੀਂ ਜਾਂ ਤੁਹਾਡਾ ਕੋਈ ਰਿਸ਼ਤੇਦਾਰ ਅਮਰੀਕਾ ਵਿਚ ਨਵਾਂ ਆਇਆ ਹੈ ਤਾਂ ਇੰਟਰਨੈਸ਼ਨਲ ਡਰਾਇਵਿੰਗ ਲਾਇਸੰਸ ਲੈਣ ਲਈ ਸੰਪਰਕ ਕਰੋ
ਹੋਰ ਸੇਵਾਵਾਂ
* ਕਾਰ ਟਰਾਂਸਫਰ/ਸਟਿੱਕਰ
* ਇੰਸ਼ੋਰੈਂਸ : ਕਾਰ, ਘਰ ਤੇ ਬਿਜਨਸ
* ਲਾਈਵ ਸਕੈਨ/ਫਿੰਗਰ ਪ੍ਰਿੰਟ
* ਨੋਟਰੀ ਪਬਲਿਕ, ਮੇਲ ਬੌਕਸ, ਫੈਕਸ, ਕਾਪੀ,
* ਬਿਜਨਸ ਕਾਰਡ, ਵਿਆਹ ਦੇ ਕਾਰਡ ਅਤੇ ਹੋਰ
Call, Banga (916) 427-4321, Fax (916) 258-0441
Email : sacramento99@yahoo.co, website: capitalservices.us

# ਕੈਲੀਫੋਰਨੀਆ ਸਟੇਟ ਅਸੈਂਬਲੀ ਨੇ 1984 ਸਿੱਖ ਨਸਲਕੁਸ਼ੀ ਦੇ ਮਤੇ ਨੂੰ ਮਾਨਤਾ ਦਿੱਤੀ

## ਵਿਧਾਨ ਸਭਾ ਮੈਂਬਰ ਜਸਮੀਤ ਕੌਰ ਬੈਂਸ ਵੱਲੋਂ ਸਿੱਖ ਨਸਲਕੁਸ਼ੀ ਨਾਲ ਸਬੰਧਤ ਮਤਾ ਪੇਸ਼ ਕੀਤਾ ਗਿਆ ਸੀ





ਸੈਕਰਾਮੈਂਟੋ, ਕੈਲੀਫੋਰਨੀਆ/ ਹੁਸਨ ਲੜੋਆ ਬੰਗਾ :ਕੈਲੀਫੋਰਨੀਆ ਸਟੇਟ ਅਸੈਂਬਲੀ ਨੇ ਭਾਰਤ ਵਿੱਚ ਹੋਈ ਨਵੰਬਰ 1984 ਦੀ ਸਿੱਖ ਵਿਰੋਧੀ ਹਿੰਸਾ ਨੂੰ ਨਸਲਕੁਸ਼ੀ ਵਜੋਂ ਮਾਨਤਾ ਦੇ ਦਿਤੀ ਹੈ। ਅਸੈਂਬਲੀ ਅਤੇ ਕੈਲੀਫੋਰਨੀਆ ਰਾਜ ਦੀ ਸੈਨੇਟ ਨੇ ਸਾਂਝੇ ਤੌਰ 'ਤੇ, ਭਾਰਤ ਵਿੱਚ 1984 ਸਿੱਖ ਵਿਰੋਧੀ ਹਿੰਸਾ ਨੂੰ ਨਸਲਕੁਸ਼ੀ ਘੋਸ਼ਿਤ ਕਰ ਦਿਤਾ ਹੈ। ਇਹ ਮਤਾ ਅਸੈਂਬਲੀ ਮੈਂਬਰ ਜਸਮੀਤ ਕੌਰ ਬੈਂਸ ਦੁਆਰਾ ਪੇਸ਼ ਕੀਤਾ ਗਿਆ ਸੀ, ਜਿਸ ਦੇ ਸਹਿਕਾਰ: ਅਸੈਂਬਲੀ ਮੈਂਬਰ ਐਡਿਸ, ਐਗੁਆਰ-ਕਰੀ, ਅਲਾਨਿਸ, ਅਲਵਾਰੇਜ਼, ਅਰਾਮਬੁਲਾ, ਬੇਨੇਟ, ਬਰਮਨ, ਬੋਅਰਨਰ ਹੌਰਵਥ, ਬੋਂਟਾ, ਕੈਲਡਰੋਨ, ਜੁਆਨ ਕੈਰੀਲੋ, ਵੈਂਡੀ ਕੈਰੀਲੋ, ਸਰਵੈਂਟਸ, ਕੋਨੋਲੀ, ਮੇਗਨ ਡਾਹਲੇ, ਡਿਕਸਨ, ਫਲੋਰਾ, ਮਾਈਕ ਫੋਂਗ, ਵਿੰਸ ਫੋਂਗ, ਫ੍ਰੀਡਮੈਨ, ਗੈਬਰੀਅਲ, ਗੈਲਾਘਰ, ਗਾਰਸੀਆ, ਗਿਪਸਨ, ਗ੍ਰੇਸਨ, ਹੈਨੀ, ਹਾਰਟ, ਹੋਲਡਨ, ਹੂਵਰ, ਇਰਵਿਨ, ਜੈਕਸਨ, ਜੋਨਸ- ਸਵਾਇਰ, ਕਾਲਰਾ, ਲੈਕੀ, ਲੋਅ, ਲੋਵੇਂਥਲ, ਮਾਈਨਸਚਿਨ, ਮੈਥਿਸ, ਮੈਕਕਾਰਟੀ, ਮੁਰਾਤਸੁਚੀ ਸਟੈਫਨੀ ਨਗੁਏਨ, ਓਰਟੇਗਾ, ਪਾਚੇਕੋ, ਪਾਪਨ, ਜੋ ਪੈਟਰਸਨ, ਪੇਲੇਰਿਨ, ਰਾਮੋਸ, ਰੈਂਡਨ, ਰੇਅਸ, ਲੂਜ਼ ਰਿਵਾਸ, ਰਾਬਰਟ ਰਿਵਾਸ, ਰੌਡਰਿਗਜ਼, ਬਲੈਂਕਾ ਰੂਬੀਓ, ਸੈਂਟੀਆਗੋ, ਸ਼ਿਆਵੋ, ਸੋਰੀਆ, ਟਿੰਗ, ਵਿਲਾਪੁਡੁਆ, ਵਾਲਡਰੋਨ, ਵਾਲਿਸ, ਵਾਰਡ, ਵੇਬਰ , ਵਿਕਸ, ਵੁੱਡ ਅਤੇ ਜ਼ੂਰ ਮੌਜੂਦ ਸਨ। ਅਸੈਂਬਲੀ ਸੰਯੁਕਤ ਮਤਾ 2 ਵਿੱਚ ਡਾ, ਜਸਮੀਤ ਕੌਰ ਬੈਂਸ ਵਲੋਂ ਮਤਾ ਸੋਧਿਆ ਗਿਆ ਜਿਸ ਵਿੱਚ ਲਿਖਿਆ ਗਿਆ ਸੀ ਕਿ, ਕੈਲੀਫੋਰਨੀਆ ਰਾਜ ਦੀ ਵਿਧਾਨ ਸਭਾ ਯੂਨਾਈਟਿਡ ਸਟੇਟਸ ਕਾਂਗਰਸ ਨੂੰ ਭਾਰਤ ਵਿੱਚ ਨਵੰਬਰ 1984 ਦੀ ਸਿੱਖ ਵਿਰੋਧੀ ਹਿੰਸਾ ਨੂੰ ਨਸਲਕੁਸ਼ੀ ਵਜੋਂ ਰਸਮੀ ਤੌਰ 'ਤੇ ਮਾਨਤਾ ਦੇਣ ਅਤੇ ਨਿੰਦਾ ਕਰਨ ਦੀ ਅਪੀਲ ਕਰਦੀ ਹੈ। ਮਤੇ ਦਾ ਸਿਰਲੇਖ ਸਿੱਖ ਨਸਲਕੁਸ਼ੀ ਅਧਾਰਿਤ ਸੀ ਜਿਸ ਵਿੱਚ ਲਿਖਿਆ ਗਿਆ ਕਿ ਸਿੱਖ ਭਾਈਚਾਰਾ, ਜੋ ਕਿ ਪੰਜਾਬ ਵਿੱਚ ਪੈਦਾ ਹੋਇਆ ਹੈ, ਜੋ ਕਿ ਹੁਣ ਪਾਕਿਸਤਾਨ ਅਤੇ ਭਾਰਤ ਵਿੱਚ ਦੱਖਣੀ ਏਸ਼ੀਆ ਦਾ ਇੱਕ ਖੇਤਰ ਹੈ, ਨੇ 100 ਤੋਂ ਵੱਧ ਸਾਲ ਪਹਿਲਾਂ ਸੰਯੁਕਤ ਰਾਜ ਅਮਰੀਕਾ ਵਿੱਚ ਪਰਵਾਸ ਕਰਨਾ ਸ਼ੁਰੂ ਕੀਤਾ ਸੀ ਜਿਸ ਨੇ ਸੰਯੁਕਤ ਰਾਜ ਵਿੱਚ ਖੇਤੀਬਾੜੀ, ਬੁਨਿਆਦੀ ਢਾਂਚੇ ਅਤੇ ਭਾਈਚਾਰਿਆਂ ਦੇ ਨਿਰਮਾਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ ਹੈ। ਸਿੱਖ ਧਰਮ ਨਾਲ ਸਬੰਧਤ ਲਗਭਗ ਤੀਹ ਮਿਲੀਅਨ (30,000,000)ਲੋਕਾਂ ਦੇ ਨਾਲ ਦੁਨੀਆਂ ਦਾ ਪੰਜਵਾਂ ਸਭ ਤੋਂ ਵੱਡਾ ਧਰਮ ਹੈ, ਜਿਸ ਵਿੱਚ ਸੰਯੁਕਤ ਰਾਜ ਵਿੱਚ ਲਗਭਗ (500,000 )ਪੰਜ ਸੌ ਹਜ਼ਾਰ ਸ਼ਾਮਲ ਹਨ, ਜਿਨ੍ਹਾਂ ਵਿੱਚੋਂ ਅੱਧੇ ਕੈਲੀਫੋਰਨੀਆ ਨੂੰ ਆਪਣਾ ਘਰ ਕਹਿੰਦੇ ਹਨ। ਨਵੰਬਰ 1984 ਵਿੱਚ ਭਾਰਤ ਦੀ ਰਾਜਧਾਨੀ ਦਿੱਲੀ ਦੇ ਨਾਲ ਕੇਂਦਰ ਸ਼ਾਸਤ ਪ੍ਰਦੇਸ਼; ਝਾਰਖੰਡ, ਮੱਧ ਪ੍ਰਦੇਸ਼,ਹਰਿਆਣਾ, ਉੱਤਰਾਖੰਡ, ਬਿਹਾਰ, ਉੱਤਰ ਪ੍ਰਦੇਸ਼, ਪੱਛਮੀ ਬੰਗਾਲ, ਹਿਮਾਚਲ ਪ੍ਰਦੇਸ਼, ਰਾਜਸਥਾਨ, ਉੜੀਸਾ, ਛੱਤੀਸਗੜ੍ਹ , ਤ੍ਰਿਪੁਰਾ,ਤਾਮਿਲਨਾਡੂ, ਗੁਜਰਾਤ, ਆਂਧਰਾ ਪ੍ਰਦੇਸ਼, ਕੇਰਲਾ, ਮਹਾਰਾਸ਼ਟਰ, ਜੰਮੂ ਅਤੇ ਕਸ਼ਮੀਰ ਦੇ ਰਾਜਾਂ ਵਿੱਚ ਸਿੱਖਾਂ ਵਿਰੁੱਧ ਯੋਜਨਾਬੱਧ ਅਤੇ ਸੰਚਾਲਿਤ ਨਸਲਕੁਸ਼ੀ ਹਿੰਸਾ ਕੀਤੀ ਗਈ ਸੀ। ਨਵੰਬਰ 1984 ਵਿੱਚ ਤਿੰਨ ਦਿਨਾਂ ਵਿੱਚ 30,000 ਤੋਂ ਵੱਧ ਸਿੱਖਾਂ ਦਾ ਕਤਲ ਕੀਤਾ ਗਿਆ ਸੀ। ਨਵੀਂ ਦਿੱਲੀ ਦੀ ਵਿਧਵਾ ਕਾਲੋਨੀ ਵਿੱਚ ਅਜੇ ਵੀ ਸਿੱਖ ਔਰਤਾਂ ਹਨ ਜਿਨ੍ਹਾਂ 'ਤੇ ਹਮਲਾ ਕੀਤਾ ਗਿਆ, ਬਲਾਤਕਾਰ ਕੀਤਾ ਗਿਆ, ਤਸੀਹੇ ਦਿੱਤੇ ਗਏ, ਅਤੇ ਆਪਣੇ ਪਰਿਵਾਰਾਂ ਨੂੰ ਤੋੜਨ, ਸਾੜਨ ਅਤੇ ਕਤਲ ਕਰਨ ਲਈ ਮਜ਼ਬੂਰ ਕੀਤਾ ਗਿਆ, ਜੋ ਅਜੇ ਵੀ ਦੋਸ਼ੀਆਂ ਵਿਰੁੱਧ ਇਨਸਾਫ਼ ਦੀ ਮੰਗ ਕਰ ਰਹੀਆਂ ਹਨ। ਅਮਰੀਕਾ ਵਿੱਚ ਸਿੱਖ ਭਾਈਚਾਰਾ ਨਸਲਕੁਸ਼ੀ ਦੇ ਸਰੀਰਕ ਅਤੇ ਮਨੋਵਿਗਿਆਨਕ ਸਦਮੇ ਤੋਂ ਉੱਭਰਿਆ ਨਹੀਂ ਹੈ, ਕਿਉਂਕਿ ਉਹ ਮਾਰੇ ਗਏ ਲੋਕਾਂ ਦੀ ਯਾਦ ਨੂੰ ਜ਼ਿੰਦਾ ਰੱਖਦਾ ਹੈ, ਤੇ ਸਿੱਖ ਵਿਰੋਧੀ ਨਸਲਕੁਸ਼ੀ ਨੂੰ ਕਦੇ ਨਹੀਂ ਭੁੱਲੇਗਾ। 6 ਜਨਵਰੀ, 2022 ਨੂੰ, ਨਿਊਜਰਸੀ ਰਾਜ ਦੀ ਸੈਨੇਟ ਨੇ ਸਰਬਸੰਮਤੀ ਨਾਲ ਸੈਨੇਟ ਦਾ ਮਤਾ 142 ਪਾਸ ਕੀਤਾ ਜਿਸ ਵਿੱਚ ਨਵੰਬਰ 1984 ਵਿੱਚ ਭਾਰਤ ਵਿੱਚ ਹੋਈ ਸਿੱਖ ਵਿਰੋਧੀ ਹਿੰਸਾ ਨੂੰ ਨਸਲਕੁਸ਼ੀ ਵਜੋਂ ਨਿਖੇਧੀ ਕੀਤੀ ਗਈ 17 ਅਕਤੂਬਰ, 2018 ਨੂੰ, ਪੈਨਸਿਲਵੇਨੀਆ ਦੀ ਰਾਸ਼ਟਰਮੰਡਲ ਦੀ ਜਨਰਲ ਅਸੈਂਬਲੀ ਨੇ ਸਰਬਸੰਮਤੀ ਨਾਲ ਸਦਨ ਦਾ ਮਤਾ 1160 ਪਾਸ ਕੀਤਾ ਜਿਸ ਵਿੱਚ ਨਵੰਬਰ 1984 ਦੀ ਸਿੱਖ-ਵਿਰੋਧੀ ਹਿੰਸਾ ਨੂੰ ਨਸਲਕੁਸ਼ੀ ਕਰਾਰ ਦਿੱਤਾ ਗਿਆ। ਕੈਲੀਫੋਰਨੀਆ ਰਾਜ ਦੀ ਅਸੈਂਬਲੀ ਅਤੇ ਸੈਨੇਟ ਦੁਆਰਾ ਸਾਂਝੇ ਤੌਰ 'ਤੇ ਸੰਕਲਪ ਕੀਤਾ ਗਿਆ, ਕਿ ਕੈਲੀਫੋਰਨੀਆ ਰਾਜ ਦੀ ਵਿਧਾਨ ਸਭਾ ਨਵੰਬਰ 1984 ਵਿੱਚ ਭਾਰਤ ਵਿੱਚ ਹੋਈ ਸਿੱਖ ਵਿਰੋਧੀ ਹਿੰਸਾ ਨੂੰ ਨਸਲਕੁਸ਼ੀ ਵਜੋਂ ਨਿੰਦਾ ਕਰਦੀ ਹੈ।

ਇਸ ਦੇ ਨਾਲ ਸੰਕਲਪ ਲਿਆ ਗਿਆ, ਕਿ ਕੈਲੀਫੋਰਨੀਆ ਰਾਜ ਦੀ ਵਿਧਾਨ ਸਭਾ ਸੰਯੁਕਤ ਰਾਜ ਦੀ ਕਾਂਗਰਸ ਨੂੰ ਭਾਰਤ ਵਿੱਚ ਨਵੰਬਰ 1984 ਦੀ ਸਿੱਖ ਵਿਰੋਧੀ ਹਿੰਸਾ ਨੂੰ ਨਸਲਕੁਸ਼ੀ ਵਜੋਂ ਰਸਮੀ ਤੌਰ 'ਤੇ ਮਾਨਤਾ ਦੇਣ ਅਤੇ ਨਿੰਦਾ ਕਰਨ ਦੀ ਅਪੀਲ ਕਰਦੀ ਹੈ। ਅਸੈਂਬਲੀ ਦਾ ਮੁੱਖ ਕਲਰਕ ਇਸ ਮਤੇ ਦੀਆਂ ਕਾਪੀਆਂ ਸੰਯੁਕਤ ਰਾਜ ਦੇ ਰਾਸ਼ਟਰਪਤੀ ਅਤੇ ਉਪ ਰਾਸ਼ਟਰਪਤੀ, ਸੰਯੁਕਤ ਰਾਜ ਦੇ ਪ੍ਰਤੀਨਿਧੀ ਸਦਨ ਦੇ ਸਪੀਕਰ ਅਤੇ ਘੱਟ ਗਿਣਤੀ ਨੇਤਾ, ਸੰਯੁਕਤ ਰਾਜ ਸੈਨੇਟ ਦੇ ਬਹੁਗਿਣਤੀ ਅਤੇ ਘੱਟ ਗਿਣਤੀ ਨੇਤਾ ਅਤੇ ਯੂਨਾਈਟਿਡ ਸਟੇਟਸ ਕਾਂਗਰਸ ਲਈ ਕੈਲੀਫੋਰਨੀਆ ਦੇ ਪ੍ਰਤੀਨਿਧੀ ਮੰਡਲ ਦਾ ਹਰੇਕ ਮੈਂਬਰ ਨੂੰ ਭੇਜਦਾ ਹੈ।

## ਅਮਰੀਕਾ 'ਚ 80,000 ਭਾਰਤੀਆਂ ਨੇ ਲਿਆ ਬੰਦੂਕ ਦਾ ਲਾਇਸੈਂਸ

ਕੈਲੇਫੋਰਨੀਆ/ਏ.ਟੀ.ਨਿਊਜ਼ : ਅਮਰੀਕਾ ਵਿੱਚ ਭਾਰਤੀਆਂ ਵਿਰੁੱਧ ਨਸਲੀ ਹਿੰਸਾ ਦੇ ਵਧਦੇ ਮਾਮਲਿਆਂ ਤੋਂ ਬਾਅਦ ਦੋ ਸਾਲਾਂ ਵਿੱਚ 80,000 ਭਾਰਤੀਆਂ ਨੇ ਨਵੇਂ ਬੰਦੂਕ ਦੇ ਲਾਇਸੈਂਸ ਲਏ ਹਨ। ਅਮਰੀਕਾ ਵਿੱਚ ਰਹਿੰਦੇ ਕਰੀਬ 40 ਲੱਖ ਭਾਰਤੀਆਂ ਵਿੱਚ ਪਹਿਲਾਂ ਬੰਦੂਕ ਰੱਖਣ ਦਾ ਰੁਝਾਨ ਨਹੀਂ ਸੀ। ਦੋ ਸਾਲ ਪਹਿਲਾਂ ਸਿਰਫ਼ 40 ਹਜ਼ਾਰ ਭਾਰਤੀਆਂ ਕੋਲ ਬੰਦੂਕਾਂ ਸਨ।



ਅਮਰੀਕਾ ਦੇ ਨੈਸ਼ਨਲ ਫਾਇਰ ਆਰਮਜ਼ ਸਰਵੇ ਦੀ ਰਿਪੋਰਟ ਮੁਤਾਬਕ ਹੁਣ ਬੰਦੂਕ ਦੇ ਲਾਇਸੈਂਸ ਵਾਲੇ ਭਾਰਤੀਆਂ ਦੀ ਗਿਣਤੀ ਇਕ ਲੱਖ 20 ਹਜ਼ਾਰ ਹੋ ਗਈ ਹੈ। ਸਰਵੇਖਣ ਮੁਤਾਬਕ 80 ਹਜ਼ਾਰ ਭਾਰਤੀਆਂ ਨੇ ਬੰਦੂਕ ਦੇ ਲਾਇਸੈਂਸ ਲਈ ਅਪਲਾਈ ਕਰਨ ਦਾ ਮਨ ਬਣਾ ਲਿਆ ਹੈ।

ਅਮਰੀਕਾ ਵਿੱਚ ਭਾਰਤੀ ਭਾਈਚਾਰਾ ਸਭ ਤੋਂ ਸ਼ਾਂਤਮਈ ਮੰਨਿਆ ਜਾਂਦਾ ਹੈ। ਹਰ 100 ਅਮਰੀਕੀਆਂ ਲਈ 120 ਬੰਦੂਕਾਂ ਹਨ। ਪਿਛਲੇ ਸਾਲ 24 ਅਗਸਤ ਨੂੰ ਅਮਰੀਕਾ ਦੇ ਸ਼ਹਿਰ ਪਲੈਨੋ 'ਚ ਭਾਰਤੀ ਔਰਤਾਂ 'ਤੇ ਨਸਲੀ ਟਿੱਪਣੀਆਂ ਕੀਤੀਆਂ ਗਈਆਂ ਸਨ ਅਤੇ ਉਨ੍ਹਾਂ 'ਤੇ ਹਮਲਾ ਕੀਤਾ ਗਿਆ ਸੀ।ਪਿਛਲੇ ਸਾਲ 24 ਅਗਸਤ ਨੂੰ ਅਮਰੀਕਾ ਦੇ ਸ਼ਹਿਰ ਪਲੈਨੋ 'ਚ ਭਾਰਤੀ ਔਰਤਾਂ 'ਤੇ ਨਸਲੀ ਟਿੱਪਣੀਆਂ ਕੀਤੀਆਂ ਗਈਆਂ ਸਨ ਅਤੇ ਉਨ੍ਹਾਂ 'ਤੇ ਹਮਲਾ ਕੀਤਾ ਗਿਆ ਸੀ। 2020 ਵਿੱਚ ਭਾਰਤੀ-ਅਮਰੀਕੀਆਂ ਉੱਤੇ ਹਮਲਿਆਂ ਵਿੱਚ 500% ਦਾ ਵਾਧਾ ਹੋਇਆ ਹੈ। ਅਮਰੀਕੀ ਜਾਂਚ ਏਜੰਸੀ ਐਫਬੀਆਈ ਦੀ ਇੱਕ ਰਿਪੋਰਟ ਦੇ ਅਨੁਸਾਰ, ਅਮਰੀਕਾ ਵਿੱਚ 2020 ਵਿੱਚ ਭਾਰਤੀ-ਅਮਰੀਕੀਆਂ ਉੱਤੇ ਹਮਲਿਆਂ ਵਿੱਚ 500% ਦਾ ਵਾਧਾ ਹੋਇਆ ਹੈ। ਇਨ੍ਹਾਂ ਵਿੱਚੋਂ ਜ਼ਿਆਦਾਤਰ ਹਿੰਦੂ ਧਰਮ ਦੇ ਪੈਰੋਕਾਰ ਹਨ।

SEEKING GROOM

**Jat Sikh well educated and well settled family seeking suitable match for their September, 2001 US born 5'-4" daughter. Turban wearing keshadari young man and compatible humble family is preference, but not limited to. She possesses a degree in Business Management and Supervision. Employed as a Federal employee in the Bay Area(California)**

**Contact Ph: 510-861-6491**
**or pgrrealty@gmail.com**

## ਗੁਰੂਮਿਲਾਪ ਸੰਸਥਾ ਵੱਲੋਂ ਗੁਰਦੁਆਰਾ ਸਿੰਘ ਸਭਾ ਵਿਖੇ ਸਲਾਨਾ ਸਮਾਗਮ ਕਰਵਾਇਆ





ਫਰਿਜਨੋ (ਕੈਲੀਫੋਰਨੀਆ)/ ਗੁਰਿੰਦਰਜੀਤ ਨੀਟਾ ਮਾਛੀਕੇ / ਕੁਲਵੰਤ: ਗੁਰੂਮਿਲਾਪ ਸੰਸਥਾ ਵੱਲੋਂ ਵਿੱਦਿਆ ਦਾ ਚਾਨਣ ਵੰਡਣ ਲਈ, ਸੰਗਤ ਨੂੰ ਸੰਸਥਾ ਦੇ ਕੰਮਾਂ ਤੋਂ ਜਾਣੂ ਕਰਵਾਉਣ ਲਈ ਸਲਾਨਾ ਕੀਰਤਨ ਦਰਬਾਰ ਗੁਰਦਵਾਰਾ ਸਿੰਘ ਸਭਾ ਵਿਖੇ ਕਰਵਾਇਆ ਗਿਆ। ਇਸ ਮੌਕੇ ਗੁਰੂ ਘਰ ਦੇ ਕੀਰਤਨੀਏ ਭਾਈ ਸਰਬਜੀਤ ਸਿੰਘ ਦੇ ਜਥੇ ਨੇ ਕੀਰਤਨ ਕੀਤਾ।

ਇਸ ਮੌਕੇ ਸੰਬੋਧਨ ਕਰਦਿਆਂ ਸੰਸਥਾ ਦੇ ਮੋਢੀ ਸ. ਜਗਦੀਸ਼ ਸਿੰਘ ਨੇ ਦੱਸਿਆ ਕਿ ਸੰਗਤ ਦੇ ਵਿੱਚੋਂ ਜੇ ਕੋਈ ਬੱਚਾ ਗੋਦ ਲੈਕੇ ਪੜ੍ਹਾਉਣਾ ਚਾਹੇ ਤਾਂ ਮਹੀਨੇ ਦੀ ਫੀਸ 20 ਡਾਲਰ ਦੇਕੇ ਸੇਵਾ ਲੈ ਸਕਦਾ ਹੈ।

ਜੇ ਇੰਡੀਆ ਤੋਂ ਕਿਸੇ ਨੇ ਸੇਵਾ ਲੈਣੀ ਹੋਵੇ ਤਾਂ 1600 ਰੁਪਏ ਪ੍ਰਤੀ ਮਹੀਨਾ ਆਪਣੇ ਦਸਵੰਧ ਵਿੱਚੋਂ ਕੱਢਕੇ ਲੈ ਸਕਦਾ ਹੈ। ਇਸੇ ਤਰੀਕੇ ਅਲਵਰ ਦੇ ਸਕੂਲ ਦੇ ਵਿੱਚ ਤਕਰੀਬਨ 300 ਤੋਂ ਜ਼ਿਆਦਾ ਬੱਚੇ ਪੜ੍ਹਦੇ ਹਨ ਅਤੇ ਤਕਰੀਬਨ 25 ਤੋਂ ਜ਼ਿਆਦਾ ਸਟਾਫ ਮੈਂਬਰ ਹਨ। ਇੱਥੇ ਬੱਚਿਆਂ ਲਈ ਲੰਚ ਦਾ ਵੀ ਮੁਫਤ ਪ੍ਰਬੰਧ ਹੈ। ਉਹਨਾਂ ਕਿਹਾ ਕਿ ਜੇ ਲੰਚ ਦੀ ਸੇਵਾ ਲੈਣੀ ਹੋਵੇ ਤਾਂ ਮਹੀਨੇ ਦੀ ਸੇਵਾ ਤਕਰੀਬਨ 1300 ਡਾਲਰ ਦੇਕੇ ਲੈ ਸਕਦਾ ਹੈ। ਇਸ ਮੌਕੇ ਗੁਰਦਵਾਰਾ ਸਾਹਿਬ ਦੇ ਸੈਕਟਰੀ ਭਾਈ ਗੁਰਪ੍ਰੀਤ ਸਿੰਘ ਮਾਨ ਅਤੇ ਗੁਰੂਘਰ ਦੇ ਮੁੱਖ ਸੇਵਾਦਾਰ ਭਾਈ ਮਲਕੀਤ ਸਿੰਘ ਕਰਨਾਲ ਨੇ ਵੀ ਸੰਗਤਾਂ ਨੂੰ ਗੁਰੂਮਿਲਾਪ ਸੰਸਥਾਂ ਦੀਆਂ ਪ੍ਰਾਪਤੀਆਂ ਤੋਂ ਜਾਣੂ ਕਰਵਾਇਆ। ਪੀਸੀਏ ਮੈਂਬਰ ਗੁਰਨੇਕ ਸਿੰਘ ਬਾਗੜੀ ਨੇ ਵੀ ਆਪਣੇ ਤਜ਼ਰਬੇ ਵਿੱਚੋਂ ਗੁਰਮਿਲਾਪ ਸੰਸਥਾ ਦੇ ਸੰਬੰਧ ਵਿੱਚ ਆਪਣੇ ਵਿਚਾਰ ਰੱਖੇ। ਇਸ ਮੌਕੇ ਪ੍ਰਕਾਸ਼ ਸਿੰਘ ਪ੍ਰੇਮੀ, ਬੀਬੀ ਕੁਲਵੰਤ ਕੌਰ, ਬੀਬੀ ਕਮਲਪ੍ਰੀਤ ਕੌਰ, ਭਾਈ ਹਰਵਿੰਦਰ ਸਿੰਘ ਆਦਿ ਨੇ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ ਅਤੇ ਪੰਥ ਦੇ ਮਹਾਨ ਕੀਰਤਨੀਏ ਭਾਈ ਓਂਕਾਰ ਸਿੰਘ ਨੇ ਗੁਰਬਾਣੀ ਦਾ ਕੀਰਤਨ ਕਰਕੇ ਸ਼ਪੈਸ਼ਲ ਹਾਜ਼ਰੀ ਭਰੀ। ਉਪਰੰਤ ਗੁਰੂ ਕਾ ਲੰਗਰ ਅਤੁੱਟ ਵਰਤਿਆ। ਪੂਰੇ ਪ੍ਰੋਗਰਾਮ ਦੀ ਫੋਟੋ ਅਤੇ ਵੀਡੀਓ ਗ੍ਰਾਫੀ ਓਮਨੀ ਵੀਡੀਓ ਵਾਲੇ ਸ਼ਿਆਰਾ ਸਿੰਘ ਢੀਡਸਾ ਨੇ ਕੀਤੀ।

ਮਾਮਲਾ ਭਾਰਤ 'ਚ ਘੱਟ ਗਿਣਤੀਆਂ ਦੇ ਹੱਕਾਂ ਦਾ

# ਅਮਰੀਕਾ ਤੋਂ ਬਾਅਦ ਯੂਰਪ 'ਚ ਵੀ ਭਾਰਤ ਨੂੰ ਸ਼ਰਮਿੰਦਗੀ ਦਾ ਕਰਨਾ ਪਿਆ ਸਾਹਮਣਾ

## ਘੱਟ ਗਿਣਤੀਆਂ ਦੀ ਰੱਖਿਆ ਕਰੇ ਭਾਰਤ: ਯੂਰਪੀ ਸੰਸਦ



ਅਮਰੀਕਾ ਤੋਂ ਬਾਅਦ ਯੂਰਪ ਵਿੱਚ ਵੀ ਪ੍ਰਧਾਨ ਮੰਤਰੀ ਮੋਦੀ ਨੂੰ ਦੌਰੇ ਦੌਰਾਨ ਭਾਰਤ ਨੂੰ ਘੱਟ ਗਿਣਤੀ ਨਾਲ ਹੋ ਰਹੇ ਅਤਿਆਚਾਰਾਂ ਬਾਰੇ ਸ਼ਰਮਿੰਦਗੀ ਦਾ ਸਾਹਮਣਾ ਕਰਨਾ ਪਿਆ। ਯੂਰਪੀ ਸੰਸਦ ਨੇ ਮਨੀਪੁਰ ਦੇ ਮੁੱਦੇ 'ਤੇ ਮਤਾ ਪਾਸ ਕੀਤਾ ਹੈ। ਸੰਸਦ ਵੱਲੋਂ ਪਾਸ ਕੀਤੇ ਗਏ ਮਤੇ ਵਿੱਚ ਭਾਰਤ ਸਰਕਾਰ ਨੂੰ ਅਪੀਲ ਕੀਤੀ ਗਈ ਹੈ ਕਿ ਉਹ ਮਨੀਪੁਰ ਵਿੱਚ ਹਿੰਸਾ ਨੂੰ ਰੋਕੇ ਅਤੇ ਸਾਰੇ ਘੱਟ ਗਿਣਤੀ ਵਰਗਾਂ ਅਤੇ ਖਾਸ ਕਰਕੇ ਈਸਾਈਆਂ ਦੀ ਸੁਰੱਖਿਆ ਲਈ ਸਾਰੇ ਲੋੜੀਂਦੇ ਕਦਮ ਚੁੱਕੇ।

ਇਸ ਮਤੇ ਨੂੰ ਸੰਸਦ ਵਿੱਚ ਪੰਜ ਸੰਸਦੀ ਜਥੇਬੰਦੀਆਂ ਖੱਬੇ-ਪੱਖੀ ਗ੍ਰੀਨਜ਼-ਯੂਰਪੀਅਨ ਫਰੀ ਅਲਾਇੰਸ, ਦੀ ਸੈਂਟਰ-ਸੱਜੇ ਯੂਰਪੀਅਨ ਪੀਪਲਜ਼ ਪਾਰਟੀ (ਈਪੀਪੀ), ਸੈਂਟਰ-ਲੈਫਟ ਪ੍ਰੋਗਰੈਸਿਵ ਅਲਾਇੰਸ ਆਫ਼ ਸੋਸ਼ਲਿਸਟ ਐਂਡ ਡੈਮੋਕਰੇਟਸ (ਐਸਐਂਡਡੀ), ਲਿਬਰਲ ਗੀਨਿਊ ਗਰੁੱਪ ਐਂਡ ਰਾਈਟ ਵਿੰਗ ਯੂਰਪੀਅਨ ਕੰਜ਼ਰਵੇਟਿਵ ਅਤੇ ਸੁਧਾਰਵਾਦੀ (ਈਸੀਆਰ) ਦੇ ਸਾਰੇ ਮੈਂਬਰਾਂ ਨੇ ਹੱਥ ਹਿਲਾਕੇ, ਮੇਜ਼ਾਂ ਥਪਥਪਾ ਕੇ ਮਨਜ਼ੂਰੀ ਦਿੱਤੀ। ਇਹ ਮਤਾ ਪ੍ਰਧਾਨ ਮੰਤਰੀ ਮੋਦੀ ਦੇ ਅਧਿਕਾਰਤ ਦੌਰੇ 'ਤੇ ਫਰਾਂਸ ਵਿੱਚ ਆਉਣ ਦੌਰਾਨ ਪਾਸ ਕੀਤਾ ਗਿਆ। ਇਸ ਤੋਂ ਇੱਕ ਦਿਨ ਪਹਿਲਾਂ ਭਾਰਤੀ ਵਿਦੇਸ਼ ਸਕੱਤਰ ਵਿਨੈ ਕਵਾਤਰਾ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਸੀ ਕਿ ਮਨੀਪੁਰ ਹਿੰਸਾ ਭਾਰਤ ਦਾ ਅੰਦਰੂਨੀ ਮਾਮਲਾ ਹੈ। ਨਾਲ ਹੀ ਉਨ੍ਹਾਂ ਨੇ ਇਸ ਮੁੱਦੇ 'ਤੇ ਮਤਾ ਪਾਸ ਹੋਣ ਤੋਂ ਪਹਿਲਾਂ ਯੂਰਪੀ ਸੰਸਦ ਮੈਂਬਰਾਂ ਨਾਲ ਸੰਪਰਕ ਕਰਨ ਦਾ ਸੰਕੇਤ ਦਿੱਤਾ ਸੀ।ਮਤੇ ਵਿੱਚ ਮਨੀਪੁਰ ਵਿੱਚ ਪਿਛਲੇ ਦੋ ਮਹੀਨਿਆਂ ਤੋਂ ਚੱਲ ਰਹੀ ਹਿੰਸਾ, ਜਿਸ ਵਿੱਚ 120 ਲੋਕਾਂ ਦੀ ਮੌਤ ਅਤੇ 50,000 ਲੋਕਾਂ ਦੇ ਉਜਾੜੇ, 1,700 ਘਰਾਂ ਦੀ ਤਬਾਹੀ ਅਤੇ 250 ਚਰਚਾਂ ਨੂੰ ਸਾੜਨ 'ਤੇ ਡੂੰਘੀ ਚਿੰਤਾ ਪ੍ਰਗਟਾਈ ਗਈ ਹੈ।ਮਤੇ ਵਿੱਚ ਭਾਰਤ ਨੂੰ ਮਨੀਪੁਰ ਵਿੱਚ ਚੱਲ ਰਹੀ ਨਸਲੀ ਅਤੇ ਧਾਰਮਿਕ ਹਿੰਸਾ ਨੂੰ ਤੁਰੰਤ ਰੋਕਣ ਲਈ ਸਾਰੇ ਲੋੜੀਂਦੇ ਉਪਾਅ ਕਰਨ ਲਈ ਕਿਹਾ ਗਿਆ। ਇਸ ਦੇ ਨਾਲ ਹੀ ਸਿਆਸੀ ਆਗੂਆਂ ਨੂੰ ਵੀ ਅਪੀਲ ਕੀਤੀ ਗਈ ਹੈ ਕਿ ਉਹ ਤਣਾਅ ਘਟਾਉਣ ਅਤੇ ਲੋਕਾਂ ਵਿੱਚ ਵਿਸ਼ਵਾਸ ਬਹਾਲ ਕਰਨ ਲਈ ਭੜਕਾਊ ਬਿਆਨਬਾਜ਼ੀ ਤੋਂ ਬਚਣ। ਨਾਲ ਹੀ ਯੂਰਪੀ ਸੰਸਦ ਦੇ ਇਸ ਮਤੇ ਵਿੱਚ ਕਿਹਾ ਗਿਆ ਹੈ ਕਿ ਸਰਕਾਰ ਦੀ ਆਲੋਚਨਾ ਕਰਨ ਵਾਲਿਆਂ ਨੂੰ ਅਪਰਾਧੀ (ਬਾਕੀ ਸਫ਼ਾ 30 'ਤੇ)

## ਦਿੱਲੀ ਦਾ ਮਸ਼ਹੂਰ ਸਟੇਡੀਅਮ ਮੁਸਲਿਮ ਵਿਰੋਧੀ ਨਫਰਤ ਭਰੇ ਭਾਸ਼ਣ ਦਾ ਗਵਾਹ ਬਣਿਆ

ਦਿੱਲੀ ਦੇ ਤਾਲਕਟੋਰਾ ਸਟੇਡੀਅਮ ਵਿੱਚ ਨਫ਼ਰਤ ਭਰੇ ਭਾਸ਼ਣ ਗੂੰਜ ਉੱਠੇ ਜਦੋਂ ਵੀਐਚਪੀ ਦੇ ਪ੍ਰਵੀਨ ਤੋਗੜੀਆ ਸਮੇਤ ਹਿੰਦੂ ਕੱਟੜਪੰਥੀਆਂ ਨੇ ਮੁਸਲਮਾਨਾਂ ਵਿਰੁੱਧ ਹਿੰਸਾ ਦਾ ਸੱਦਾ ਦਿੱਤਾ। ਕੱਟੜਪੰਥੀ ਹਿੰਦੂ ਰਾਸ਼ਟਰਵਾਦੀਆਂ ਨੇ 9 ਜੁਲਾਈ 2023 ਨੂੰ ਦਿੱਲੀ ਦੇ ਤਾਲਕਟੋਰਾ ਸਟੇਡੀਅਮ ਵਿੱਚ ਅੰਤਰਰਾਸ਼ਟਰੀ ਹਿੰਦੂ ਕੌਂਸਲ ਵਿੱਚ ਨਫ਼ਰਤ ਭਰੇ ਭਾਸ਼ਣ ਦਿੱਤੇ। ਕੱਟੜਪੰਥੀ ਨੇਤਾ ਸਮੀਕਸ਼ਾ ਸਿੰਘ ਨੇ ਦਿੱਲੀ ਵਿੱਚ ਇੰਟਰਨੈਸ਼ਨਲ ਹਿੰਦੂ ਕੌਂਸਲ (ਏਐਚਪੀ) ਦੁਆਰਾ ਆਯੋਜਿਤ ਇੱਕ ਵਿਸ਼ਾਲ ਹਿੰਦੂ ਸੰਮੇਲਨ ਵਿੱਚ ਭਾਰਤ ਦੇ ਮੁਸਲਮਾਨਾਂ ਵਿਰੁੱਧ ਹਿੰਸਾ ਦਾ ਐਲਾਨ ਕੀਤਾ ਗਿਆ।ਭੀੜ ਨੇ ਵੀ ਉਤਸ਼ਾਹਿਤ ਹੋਕੇ ਆਪਣੇ ਹਿੰਦੂਤਵੀ ਲੀਡਰਾਂ ਦਾ ਤਾੜੀਆਂ ਮਾਰਕੇ ਸਮਰਥਨ ਕੀਤਾ, ਕਿਉਂਕਿ ਹਿੰਦੂਤਵੀ ਨੇਤਾਵਾਂ ਨੇ ਮੁਸਲਮਾਨਾਂ ਵਿਰੁੱਧ ਨਫ਼ਰਤ ਫੈਲਾਈ ਅਤੇ ਉਨ੍ਹਾਂ ਨੂੰ ਅਪਮਾਨਜਨਕ ਢੰਗ ਨਾਲ 'ਜੇਹਾਦੀ' ਕਿਹਾ ਸੀ। ਉਨ੍ਹਾਂ ਕਿਹਾ ਸੀ ਕਿ ਹਰ ਜੇਹਾਦੀ ਉਦੋਂ ਹਾਰ ਜਾਵੇਗਾ ਜਦੋਂ ਇਕ ਕੱਟੜ ਹਿੰਦੂ ਮਾਰਿਆ ਜਾਵੇਗਾ। ਹਿੰਦੂਆਂ ਦੀ ਸਭ ਤੋਂ ਵੱਡੀ ਸਮੱਸਿਆ ਉਨ੍ਹਾਂ ਵਿੱਚ ਮਨੁੱਖਤਾ , ਦਇਆ ਅਤੇ ਭਲੇ ਦੀ ਪਰੰਪਰਾ ਹੈ ਪਰ ਹੁਣ ਜੇ ਕੋਈ ਸਾਡੀ ਇੱਕ ਗੱਲ੍ਹ 'ਤੇ ਥਪੜ ਮਾਰੇਗਾ, ਤਾਂ ਉਸਦੇ ਦੋਵੇਂ ਹੱਥ ਤੋੜ ਜਾਣਗੇ।

(ਬਾਕੀ ਸਫ਼ਾ 30 'ਤੇ)

## ਫਰਾਂਸੀਸੀ ਅਖ਼ਬਾਰ 'ਲੇ ਮੋਂਡ' ਦੀ ਸੰਪਾਦਕੀ



ਪ੍ਰਧਾਨ ਮੰਤਰੀ ਨਰਿੰਦਰ ਮੋਦੀ ਫਰਾਂਸ ਦੇ ਦੌਰੇ ਦੌਰਾਨ ਫਰਾਂਸੀਸੀ ਕ੍ਰਾਂਤੀ ਦੀ ਯਾਦ ਵਿੱਚ ਬੈਸਟਿਲ ਡੇਅ ਪਰੇਡ ਵਿੱਚ ਫਰਾਂਸ ਦੇ ਰਾਸ਼ਟਰਪਤੀ ਇਮੈਨੁਅਲ ਮੈਕਰੋਨ ਨਾਲ ਸ਼ਾਮਲ ਹੋਏ ਪਰ ਉੱਥੇ ਦੀਆਂ ਅਖ਼ਬਾਰਾਂ ਵਿੱਚ ਪੀ.ਐੱਮ ਮੋਦੀ ਖਿਲਾਫ ਤਿੱਖੀ ਪ੍ਰਤੀਕਿਰਿਆ ਦੇਖਣ ਨੂੰ ਮਿਲੀ। ਮਸ਼ਹੂਰ ਫਰਾਂਸੀਸੀ ਅਖ਼ਬਾਰ ਲੇ ਮੋਂਡੇ ਨੇ ਪ੍ਰਧਾਨ ਮੰਤਰੀ ਮੋਦੀ ਬਾਰੇ ਪ੍ਰਕਾਸ਼ਿਤ ਇਕ ਤਿੱਖੀ ਸੰਪਾਦਕੀ ਵਿੱਚ ਕਿਹਾ ਕਿ ਉਨ੍ਹਾਂ ਦਾ ਮਨੁੱਖੀ ਅਧਿਕਾਰਾਂ ਦਾ ਰਿਕਾਰਡ ਬੇਹੱਦ ਨਿਰਾਸ਼ਾਜਨਕ ਹੈ।

ਲੇ ਮੋਂਡੇ ਨੇ ਲਿਖਿਆ ਕਿ ਭਾਰਤ ਦੇ ਕੱਟੜਪੰਥੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਬੈਸਟਿਲ ਡੇ ਪਰੇਡ ਵਿੱਚ ਫਰਾਂਸ ਦੇ ਰਾਸ਼ਟਰਪਤੀ ਇਮੈਨੁਅਲ ਮੈਕਰੋਨ ਦੇ ਸਤਿਕਾਰ ਯੋਗ ਮਹਿਮਾਨ ਹੋਣਗੇ। ਬੇਸ਼ੱਕ 25 ਸਾਲ ਪਹਿਲਾਂ ਦੋਵਾਂ ਮੁਲਕਾਂ ਦੇ ਵਿਚਾਲੇ ਰਣਨੀਤਕ ਭਾਈਵਾਲੀ ਦੇ 25 ਸਾਲਾਂ ਦਾ ਜਸ਼ਨ ਮਨਾਉਣਾ ਜਾਂ ਵਿਸ਼ਵ ਦੇ ਬਹੁਧਰੁਵੀ ਨਜ਼ਰੀਏ ਨੂੰ ਮਾਨਤਾ ਦੇਣਾ ਇੱਕ ਹੱਦ ਤੱਕ ਜਾਇਜ਼ ਹੋ ਸਕਦਾ ਹੈ। ਪਰ ਕੀ ਅਸੀਂ ਇਸ ਤੱਥ ਨੂੰ ਨਜ਼ਰਅੰਦਾਜ਼ ਕਰ ਸਕਦੇ ਹਾਂ ਕਿ ਮੋਦੀ ਦੀ ਅਗਵਾਈ ਵਿੱਚ ਭਾਰਤ ਗੰਭੀਰ ਸੰਕਟ ਵਿੱਚੋਂ ਗੁਜ਼ਰ ਰਿਹਾ ਹੈ ? ਮਨੁੱਖੀ ਅਧਿਕਾਰ ਕਾਰਕੁਨਾਂ, ਗੈਰ ਸਰਕਾਰੀ ਸੰਗਠਨਾਂ ਅਤੇ ਪੱਤਰਕਾਰਾਂ 'ਤੇ ਹਮਲੇ ਵਧ ਰਹੇ ਹਨ।

ਅਖ਼ਬਾਰ ਦੀ ਸੰਪਾਦਕੀ ਵਿੱਚ ਕਿਹਾ ਗਿਆ ਹੈ ਕਿ ਭਾਜਪਾ ਦੀ ਅਗਵਾਈ ਵਾਲੀ ਸਰਕਾਰ ਦੇ ਸਮਰਥਨ ਨਾਲ ਹਿੰਦੂ ਰਾਸ਼ਟਰਵਾਦੀਆਂ ਦੁਆਰਾ ਭਾਰਤੀ ਮੁਸਲਮਾਨਾਂ, ਹੋਰ ਘੱਟ ਗਿਣਤੀਆਂ, ਦਲਿਤਾਂ ,ਆਦਿਵਾਸੀਆਂ ਉਪਰ ਲਗਾਤਾਰ ਹਮਲੇ ਕੀਤੇ ਜਾ ਰਹੇ ਹਨ। ਹਿੰਸਕ, ਹਥਿਆਰਬੰਦ ਭੀੜ ਨਿਯਮਿਤ ਤੌਰ 'ਤੇ ਮੁਸਲਮਾਨਾਂ 'ਤੇ ਹਮਲਾ ਕਰਦੀ ਹੈ ਅਤੇ ਖੁੱਲ੍ਹੇਆਮ ਮੁਸਲਿਮ ਔਰਤਾਂ ਨਾਲ ਬਲਾਤਕਾਰ ਕਰਨ ਦਾ ਸੱਦਾ ਦਿੰਦੀ ਹੈ। ਸਾਰੀਆਂ ਭਾਰਤੀ ਔਰਤਾਂ ਭਾਵੇਂ ਉਹ ਕਿਸੇ ਜਾਤ ਅਤੇ ਧਰਮ ਦੀਆਂ ਹੋਣ ਉਹ ਬਲਾਤਕਾਰ ਅਤੇ ਹਿੰਸਾ ਦਾ ਸ਼ਿਕਾਰ ਹੁੰਦੀਆਂ ਰਹਿੰਦੀਆਂ ਹਨ। ਪਰ ਕਿਸੇ ਵੀ ਸਰਕਾਰ ਨੇ ਅਜਿਹੀਆਂ ਘਟਨਾਵਾਂ ਨਾਲ ਨਜਿੱਠਣ ਲਈ ਕੋਈ ਸਾਰਥਿਕ ਪਹਿਲਕਦਮੀ ਨਹੀਂ ਕੀਤੀ।

# ਫਰਾਂਸ ਦੀ ਬੈਸਟਿਲ ਦਿਵਸ ਪਰੇਡ 'ਚ ਰਾਸ਼ਟਰਪਤੀ ਮੈਕਰੋਨ ਨਾਲ ਵਿਸ਼ੇਸ਼ ਮਹਿਮਾਨ ਵਜੋਂ ਸ਼ਾਮਲ ਹੋਏ ਮੋਦੀ

## 'ਸਾਰੇ ਜਹਾਂ ਸੇ ਅੱਛਾ' ਦੀ ਧੁਨ 'ਤੇ ਭਾਰਤ ਦੀਆਂ ਤਿੰਨੋਂ ਸੈਨਾਵਾਂ ਨੇ ਕੀਤਾ ਮਾਰਚ





ਪੈਰਿਸ/ਏ.ਟੀ.ਨਿਊਜ਼ : ਪ੍ਰਧਾਨ ਮੰਤਰੀ ਨਰਿੰਦਰ ਮੋਦੀ ਫਰਾਂਸ ਦੇ ਰਾਸ਼ਟਰੀ ਦਿਵਸ ਯਾਨੀ ਬੈਸਟਿਲ ਦਿਵਸ ਪਰੇਡ 'ਚ ਰਾਸ਼ਟਰਪਤੀ ਇਮੈਨੂਅਲ ਮੈਕਰੋਨ ਨਾਲ ਵਿਸ਼ੇਸ਼ ਮਹਿਮਾਨ ਵਜੋਂ ਸ਼ਾਮਲ ਹੋਏ। ਭਾਰਤ ਦੀਆਂ ਤਿੰਨੋਂ ਸੈਨਾਵਾਂ ਦੀ ਇਕ ਟੁੱਕੜੀ ਨੇ ਇਸ ਪਰੇਡ 'ਚ ਹਿੱਸਾ ਲੈ ਕੇ ਲੋਕਾਂ ਨੂੰ ਕੀਲ ਕੇ ਰੱਖ ਦਿੱਤਾ। ਇਸ ਮੌਕੇ ਫਰਾਂਸੀਸੀ ਜੈੱਟਾਂ ਨਾਲ ਭਾਰਤੀ ਹਵਾਈ ਸੈਨਾ ਦੇ ਰਾਫਾਲ ਲੜਾਕੂ ਜੈੱਟਾਂ ਨੇ ਵੀ ਫਲਾਈਪਾਸਟ 'ਚ ਸ਼ਮੂਲੀਅਤ ਕੀਤੀ। ਮੋਦੀ ਨੇ ਟਵੀਟ ਕੀਤਾ, "ਭਾਰਤ ਆਪਣੀਆਂ ਸਦੀਆਂ ਪੁਰਾਣੀਆਂ ਕਦਰਾਂ-ਕੀਮਤਾਂ ਤੋਂ ਪ੍ਰੇਰਿਤ ਹੋ ਕੇ ਆਪਣੇ ਗ੍ਰਹਿ ਨੂੰ ਸ਼ਾਂਤਮਈ, ਖੁਸ਼ਹਾਲ ਅਤੇ ਸਥਾਈ ਬਣਾਉਣ ਲਈ ਹਰ ਸੰਭਵ ਕੋਸ਼ਿਸ਼ਾਂ ਕਰਨ ਲਈ ਵਚਨਬੱਧ ਹੈ। ਭਾਰਤ ਦੇ 1.4 ਅਰਬ ਲੋਕ ਮਜ਼ਬੂਤ ਅਤੇ ਭਰੋਸੇਯੋਗ ਭਾਈਵਾਲ ਵਜੋਂ ਫਰਾਂਸ ਦੇ ਹਮੇਸ਼ਾ ਸ਼ੁਕਰਗੁਜ਼ਾਰ ਰਹਿਣਗੇ। ਇਹ ਸਬੰਧ ਹੋਰ ਵੀ ਮਜ਼ਬੂਤ ਹੋਣ ਅਜਿਹੀ ਕਾਮਨਾ ਕਰਦੇ ਹਾਂ।" ਮੈਕਰੋਨ ਨੇ ਟਵੀਟ ਕਰਕੇ ਕਿਹਾ ਕਿ ਵਿਸ਼ਵ ਇਤਿਹਾਸ 'ਚ ਇਕ ਦਿੱਗਜ, ਭਵਿੱਖ 'ਚ ਫ਼ੈਸਲਾਕੁਨ ਭੂਮਿਕਾ ਨਿਭਾਉਣ ਵਾਲੇ ਇਕ ਰਣਨੀਤਕ ਭਾਈਵਾਲ, ਇਕ ਦੋਸਤ ਦਾ ਅਸੀਂ ਪਰੇਡ 'ਚ ਆਪਣੇ ਵਿਸ਼ੇਸ਼ ਮਹਿਮਾਨ ਵਜੋਂ ਭਾਰਤ ਦਾ ਸਵਾਗਤ ਕਰਨ 'ਤੇ ਮਾਣ ਮਹਿਸੂਸ ਕਰਦੇ ਹਾਂ। 'ਸਾਰੇ ਜਹਾਂ ਸੇ ਅੱਛਾ' ਦੀ ਧੁਨ 'ਤੇ ਮਾਰਚ ਕਰਦਿਆਂ ਭਾਰਤ ਦੀਆਂ ਤਿੰਨੋਂ ਸੈਨਾਵਾਂ ਦੇ 269 ਮੈਂਬਰੀ ਦਲ ਨੇ ਪਰੇਡ 'ਚ ਹਿੱਸਾ ਲਿਆ। (ਬਾਕੀ ਸਫ਼ਾ 30 'ਤੇ)

## ਮੋਦੀ ਦਾ ਫਰਾਂਸ ਦੇ ਸਰਬਉੱਚ ਨਾਗਰਿਕ ਤੇ ਫ਼ੌਜੀ ਪੁਰਸਕਾਰ ਨਾਲ ਸਨਮਾਨ



ਪ੍ਰਧਾਨ ਮੰਤਰੀ ਨਰਿੰਦਰ ਮੋਦੀ ਫਰਾਂਸ ਦੇ ਸਰਬਉੱਚ ਨਾਗਰਿਕ ਅਤੇ ਫ਼ੌਜੀ ਸਨਮਾਨ 'ਗ੍ਰੈਂਡ ਕਰਾਸ ਆਫ਼ ਦਿ ਲੀਜਨ ਆਫ਼ ਆਨਰ' ਨਾਲ ਸਨਮਾਨਿਤ ਹੋਣ ਵਾਲੇ ਪਹਿਲੇ ਭਾਰਤੀ ਪ੍ਰਧਾਨ ਮੰਤਰੀ ਬਣ ਗਏ ਹਨ। ਫਰਾਂਸ ਦੇ ਰਾਸ਼ਟਰਪਤੀ ਇਮੈਨੂਅਲ ਮੈਕਰੋਂ ਨੇ ਸ੍ਰੀ ਮੋਦੀ ਨੂੰ ਇਸ ਸਨਮਾਨ ਨਾਲ ਨਿਵਾਜਿਆ। ਪ੍ਰਧਾਨ ਮੰਤਰੀ ਮੋਦੀ ਨੂੰ 'ਐਲਿਸੀ ਪੈਲੇਸ' (ਫਰਾਂਸ ਦਾ ਰਾਸ਼ਟਰਪਤੀ ਨਿਵਾਸ) 'ਚ ਇਸ ਸਨਮਾਨ ਨਾਲ ਨਿਵਾਜਿਆ ਗਿਆ। ਇਸ ਤੋਂ ਪਹਿਲਾਂ ਦੱਖਣੀ ਅਫ਼ਰੀਕਾ ਦੇ ਸਾਬਕਾ ਰਾਸ਼ਟਰਪਤੀ ਨੈਲਸਨ ਮੰਡੇਲਾ, ਬ੍ਰਿਟੇਨ ਦੇ ਮਹਾਰਾਜਾ ਚਾਰਲਸ (ਤਤਕਾਲੀ ਪ੍ਰਿੰਸ ਆਫ਼ ਵੇਲਜ਼), ਜਰਮਨੀ ਦੀ ਸਾਬਕਾ ਚਾਂਸਲਰ ਐਂਜਲਾ ਮਰਕਲ ਅਤੇ ਸੰਯੁਕਤ ਰਾਸ਼ਟਰ ਦੇ ਸਾਬਕਾ ਸਕੱਤਰ ਜਨਰਲ ਬੁਤਰਸ ਘਾਲੀ ਨੂੰ ਫਰਾਂਸ ਦੇ ਸਰਬਉੱਚ ਸਨਮਾਨ ਨਾਲ ਨਿਵਾਜਿਆ ਜਾ ਚੁੱਕਿਆ ਹੈ। ਪ੍ਰਧਾਨ ਮੰਤਰੀ ਮੋਦੀ ਨੇ ਟਵੀਟ ਕੀਤਾ, (ਬਾਕੀ ਸਫ਼ਾ 29 'ਤੇ)

ਦਰਪਣ ਝੂਠ ਨਹੀਂ ਬੋਲਦਾ

# ਅਮਰੀਕਾ ਵਿੱਚ ਮੋਦੀ ਵਿਰੋਧੀ ਪ੍ਰਦਰਸ਼ਨਾਂ ’ਚ ਸ਼ਾਮਲ ਮਨੁੱਖੀ ਅਧਿਕਾਰ ਕਾਰਕੁਨ ਭਗਵਿਆਂ ਦੇ ਨਿਸ਼ਾਨੇ ’ਤੇ

## ਮਨੁੱਖੀ ਅਧਿਕਾਰ ਕਾਰਕੁਨਾਂ ਦਾ ਫ਼ਿਲਮਾਂਕਣ ਕਰਵਾ ਕੇ ਟਰੋਲ ਤੇ ਦੁਰਵਿਹਾਰ ਕਰਵਾ ਰਿਹੈ ਵੀ.ਐਚ.ਪੀ.ਏ.

ਕੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਮਰੀਕਾ ਫੇਰੀ ਦਾ ਵਿਰੋਧ ਪ੍ਰਦਰਸ਼ਨ ਕਰ ਰਹੇ ਮਨੁੱਖੀ ਅਧਿਕਾਰ ਕਾਰਕੁਨਾਂ ਨੂੰ ਭਗਵਿਆਂ ਵੱਲੋਂ ਨਿਸ਼ਾਨਾ ਬਣਾਉਣ ਦੀ ਕੋਸ਼ਿਸ਼ ਕੀਤੀ ਰਹੀ ਹੈ ? ਦਰਅਸਲ, ਅਮਰੀਕਾ ਵਿੱਚ ਕੰਮ ਕਰ ਰਹੇ ਮਨੁੱਖੀ ਅਧਿਕਾਰ ਸੰਗਠਨਾਂ ਨੇ 22 ਜੂਨ ਨੂੰ ਮੋਦੀ ਦੀ ਫੇਰੀ ਦਾ ਵਿਰੋਧ ਕਰ ਰਹੇ ਪ੍ਰਦਰਸ਼ਨਕਾਰੀਆਂ ਦਾ ਫਿਲਮਾਂਕਣ ਕੀਤੇ ਜਾਣ ਦੇ ਪਿੱਛੇ ਹਿੰਦੂਤਵੀਆਂ ਦੇ ਗਲਤ ਇਰਾਦਿਆਂ ਦੀ ਪਛਾਣ ਕੀਤੀ । ਵਿਸ਼ਵ ਹਿੰਦੂ ਪ੍ਰੀਸ਼ਦ ਆਫ਼ ਅਮਰੀਕਾ (ਵੀਐਚਪੀਏ) ਦੀ ਵਕਾਲਤ ਵਿੰਗ ਹਿੰਦੂ ਪੈਕਟ ਦੇ ਕਾਰਜਕਾਰੀ ਨਿਰਦੇਸ਼ਕ ਉਤਸਵ ਚੱਕਰਵਰਤੀ ਨੇ ਪ੍ਰਦਰਸ਼ਨਕਾਰੀਆਂ ਦੀ ਇੱਕ ਵੀਡੀਓ ਸ਼ੂਟ ਕੀਤੀ ਸੀ ਜਿਸ ਦਿਨ ਝੜਪ ਵੀ ਹੋਈ ਸੀ। ਪੁਲਿਸ ਦੇ ਦਖਲ ਨਾਲ ਹੀ ਇਹ ਮਾਮਲਾ ਹੱਲ ਹੋ ਗਿਆ।

ਇੰਡੀਅਨ ਅਮਰੀਕਨ ਮੁਸਲਿਮ ਕੌਂਸਲ ਅਤੇ ਹਿੰਦੂਸ ਫਾਰ ਹਿਊਮਨ ਰਾਈਟਸ ਨੇ ਕਿਹਾ ਹੈ ਕਿ ਉਹ ਜਨਤਕ ਤੌਰ ’ਤੇ ਫਿਲਮ ਬਣਾਉਣ ਦੇ ਅਧਿਕਾਰ ਦਾ ਸਮਰਥਨ ਕਰਦੇ ਹਨ, ਪਰ ਪ੍ਰਦਰਸ਼ਨਕਾਰੀਆਂ ਨੂੰ ਡਰਾਉਣ ਜਾਂ ਪਰੇਸ਼ਾਨ ਕਰਨ ਦੇ ਉਦੇਸ਼ ਲਈ ਇਸ ਅਧਿਕਾਰ ਦੀ



ਦੁਰਵਰਤੋਂ ਦੀ ਨਿੰਦਾ ਕਰਦੇ ਹਨ। ਅਮਰੀਕਨ ਮੁਸਲਿਮ ਕੌਂਸਲ ਦੇ ਕਾਰਜਕਾਰੀ ਨਿਰਦੇਸ਼ਕ ਰਸ਼ੀਦ ਅਹਿਮਦ ਨੇ ਕਿਹਾ ਕਿ ਭਾਰਤ ਵਿੱਚ ਮੋਦੀ ਸ਼ਾਸਨ ਦੇ ਆਲੋਚਕਾਂ ਨੂੰ ਆਨਲਾਈਨ ਟ੍ਰੋਲ ਅਤੇ ਖੁਦ ਭਾਰਤ ਸਰਕਾਰ ਦੁਆਰਾ ਲਗਾਤਾਰ ਨਿਗਰਾਨੀ, ਪਰੇਸ਼ਾਨੀ ਅਤੇ ਦੁਰਵਿਵਹਾਰ ਦਾ ਸਾਹਮਣਾ ਕਰਨਾ ਪੈਂਦਾ ਹੈ। ਇਸ ਦਾ ਬਹੁਤਾ ਦੁਰਵਿਹਾਰ ਤੇ ਅਪਮਾਨ ਅਮਰੀਕੀ ਹਿੰਦੂਤਵੀ ਸਮੂਹਾਂ ਦੁਆਰਾ ਕੀਤਾ ਜਾ ਰਿਹਾ ਹੈ, ਜਿਸ ਵਿੱਚ ਕਾਰਕੁਨਾਂ ਦੀਆਂ ਤਸਵੀਰਾਂ ਅਤੇ ਵੀਡੀਓਜ਼ ਆਨਲਾਈਨ ਪ੍ਰਸਾਰਿਤ ਕੀਤੀਆਂ ਜਾ ਰਹੀਆਂ ਹਨ ਅਤੇ ਉਨ੍ਹਾਂ ਵਿਰੁੱਧ ਨਫ਼ਰਤ ਫੈਲਾਈ ਜਾ ਰਹੀ ਹੈ।

ਅਹਿਮਦ ਨੇ ਕਿਹਾ ਕਿ ਅਸੀਂ ਦੇਖਿਆ ਹੈ ਕਿ ਚੀਨ ਅਤੇ ਇਰਾਨ ਅਮਰੀਕੀ ਧਰਤੀ ’ਤੇ ਆਪਣੇ ਦਮਨਕਾਰੀ ਤੰਤਰਾਂ ਦਾ ਵਿਸਤਾਰ ਕਰ ਰਿਹਾ ਹੈ, ਰਾਜਨੀਤਿਕ ਆਲੋਚਕਾਂ ਦੀ ਨਿਗਰਾਨੀ ਕੀਤੀ ਜਾ ਰਹੀ ਹੈ ਅਤੇ ਇਸ ਦੇਸ਼ ਵਿੱਚ ਮਨੁੱਖੀ ਅਧਿਕਾਰ ਕਾਰਕੁਨਾਂ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ । ਅਹਿਮਦ ਨੇ ਕਿਹਾ ਕਿ ਅਸੀਂ ਬਹੁਤ ਚਿੰਤਤ ਹਾਂ ਕਿ ਚੱਕਰਵਰਤੀ ਦਾ ਫਿਲਮਾਂਕਣ ਮੋਦੀ ਸੱਤਾ ਤੋਂ ਇਸੇ ਤਰ੍ਹਾਂ ਦੇ ਖ਼ਤਰੇ ਨੂੰ ਦਰਸਾਉਂਦਾ ਹੈ। ਅਸੀਂ ਅਮਰੀਕੀ ਅਧਿਕਾਰੀਆਂ ਨੂੰ ਅਮਰੀਕੀ ਧਰਤੀ ’ਤੇ ਪ੍ਰਗਟਾਵੇ ਦੀ ਆਜ਼ਾਦੀ ਦੀ ਰੱਖਿਆ ਕਰਨ ਲਈ ਕਹਿੰਦੇ ਹਾਂ।

ਇਸ ਦੇ ਨਾਲ ਹੀ ਹਿੰਦੂ ਫਾਰ ਹਿਊਮਨ ਰਾਈਟਸ ਦੀ ਕਾਰਜਕਾਰੀ ਨਿਰਦੇਸ਼ਕ ਸੁਨੀਤਾ ਵਿਸ਼ਵ ਨਾਥ ਨੇ ਵੀ ਇਸ ’ਤੇ ਚਿੰਤਾ ਪ੍ਰਗਟਾਈ ਹੈ। ਉਸ ਅਨੁਸਾਰ ਭਾਰਤ ਅਤੇ ਅਮਰੀਕਾ ਵਿੱਚ ਲਗਾਤਾਰ ਮਨੁੱਖੀ ਅਧਿਕਾਰਾਂ ਲਈ ਜੂਝ ਰਹੇ ਮੈਂਬਰਾਂ ਦੀ ਟ੍ਰੋਲਿੰਗ ਅਤੇ ਨਿਗਰਾਨੀ ਹੋ ਰਹੀ ਹੈ, ਸਪੱਸ਼ਟ ਤੌਰ ’ਤੇ ਮੋਦੀ ਸੱਤਾ ਦੁਆਰਾ ਪੈਦਾ ਕੀਤਾ ਗਿਆ ਇੱਕ ਗੰਭੀਰ ਖ਼ਤਰਾ ਹੈ। ਹਾਲਾਂ ਕਿ, ਸਾਨੂੰ ਇਹ ਨਹੀਂ ਭੁੱਲਣਾ ਚਾਹੀਦਾ ਕਿ ਅਸੀਂ ਖੁਸ਼ਕਿਸਮਤ ਹਾਂ ਕਿ ਅਸੀਂ ਇੱਥੇ ਸੰਯੁਕਤ ਰਾਜ ਅਮਰੀਕਾ ਵਿੱਚ ਸੁਰੱਖਿਅਤ ਹਾਂ। ਪਰ ਭਾਰਤ ਵਿੱਚ ਰਹਿ ਰਹੇ ਮੁਸਲਮਾਨਾਂ, ਈਸਾਈਆਂ, ਦਲਿਤਾਂ ਅਤੇ ਮਨੁੱਖੀ ਅਧਿਕਾਰ ਦੇ ਹਿੰਮਤੀ ਕਾਰਕੁਨਾਂ ਨੂੰ ਸਾਡੇ ਸਮਰਥਨ ਦੀ ਸਖ਼ਤ ਲੋੜ ਹੈ।

ਅਮਰੀਕਾ ਵਿੱਚ ਕੰਮ ਕਰ ਰਹੀਆਂ ਮਨੁੱਖੀ ਅਧਿਕਾਰ ਸੰਸਥਾਵਾਂ ਦਾ ਮੰਨਣਾ ਹੈ ਕਿ ਵੀਐਚਪੀਏ ਵੀਐਚਪੀ ਦੀ ਅਮਰੀਕੀ ਸ਼ਾਖਾ ਹੈ ਅਤੇ ਇਹ ਕਿ ਵੀਐਚਪੀ ਮੋਦੀ ਦੀ ਭਾਰਤੀ ਜਨਤਾ ਪਾਰਟੀ (ਭਾਜਪਾ) ਦੇ ਨਾਲ ਇੱਕ ਹਿੰਦੂ ਰਾਸ਼ਟਰਵਾਦੀ ਅੰਦੋਲਨ ਦਾ ਹਿੱਸਾ ਹੈ। ਇਨ੍ਹਾਂ ਸੰਗਠਨਾਂ ਨਾਲ ਜੁੜੇ ਭਾਰਤੀ-ਅਮਰੀਕੀਆਂ ਨੇ ਚਿੰਤਾ ਜ਼ਾਹਿਰ ਕੀਤੀ ਹੈ ਕਿ ਚੱਕਰਵਰਤੀ ਵੱਲੋਂ ਅਮਰੀਕੀ ਕਾਰਕੁਨਾਂ ਨੂੰ ਫਿਲਮਾਉਣਾ ਅਮਰੀਕਾ ਸਥਿਤ ਲੋਕਾਂ ਨੂੰ ਡਰਾਉਣ ਦੀ ਕੋਸ਼ਿਸ਼ ਹੈ।

## ਯੂਨੀਫਾਰਮ ਸਿਵਲ ਕੋਡ ਦੀ ਫਿਰਕੂ ਖੇਡ ਨਾਲ ਭਾਜਪਾ ਜਿੱਤਣਾ ਚਾਹੁੰਦੀ ਹੈ ਲੋਕ ਸਭਾ ਚੋਣਾਂ

ਭਾਜਪਾ ਦੀ ਚਿੰਤਾ ਇਕਸਾਰ ਸਿਵਲ ਕੋਡ ਬਣਾਉਣ ਦੀ ਹੈ। ਉਹ ਯੂਨੀਫਾਰਮ ਸਿਵਲ ਕੋਡ ਦੀ ਫਿਰਕੂ ਖੇਡ ਨਾਲ ਲੋਕ ਸਭਾ ਚੋਣਾਂ ਜਿੱਤਣਾ ਚਾਹੁੰਦੀ ਹੈ। ਯੂਨੀਫਾਰਮ ਸਿਵਲ ਕੋਡ ਦਾ ਵਿਰੋਧ ਮੁਸਲਮਾਨ ਘੱਟ ਅਤੇ ਆਦਿਵਾਸੀਆਂ, ਸਿੱਖ, ਈਸਾਈ ਅਤੇ ਨਿਰਪੱਖ ਹਿੰਦੂ ਜ਼ਿਆਦਾ ਕਰ ਰਹੇ ਹਨ। ਮੋਦੀ ਸਰਕਾਰ ਨੇ ਭਜਾਉਣਾ ਤਾਂ ਦੋ ਕਰੋੜ ਘੁਸਪੈਠੀਏ ਬੰਗਲਾਦੇਸ਼ੀ ਮੁਸਲਮਾਨਾਂ ਨੂੰ ਸੀ, ਪਰ ਮੋਦੀ ਸਰਕਾਰ ਨੇ ਦਸੰਬਰ 2019 ਵਿੱਚ ਨਾਗਰਿਕਤਾ ਸੋਧ ਕਾਨੂੰਨ ਯਾਨੀ ਸੀਏਏ ਜ਼ਬਰਦਸਤ ਪ੍ਰਚਾਰ ਨਾਲ ਪਾਸ ਕਰਵਾਇਆ। ਇਸ ਉਪਰ ਰਾਸ਼ਟਰਪਤੀ ਨੇ ਦਸਤਖਤ ਕੀਤੇ। 10 ਜਨਵਰੀ 2020 ਦੌਰਾਨ ਇਸ ਐਕਟ ਨੂੰ ਨੋਟੀਫਾਈ ਕੀਤਾ ਗਿਆ ਪਰ ਅੱਜ ਤੱਕ ਗ੍ਰਹਿ ਮੰਤਰਾਲੇ ਨੇ ਇਸ ਕਾਨੂੰਨ ਨੂੰ ਲਾਗੂ ਕਰਨ ਲਈ ਨਿਯਮ ਨਹੀਂ ਬਣਾਏ। ਸਰਕਾਰ ਨੇ ਇਸ ਬਾਰੇ ਕੋਈ ਫੈਸਲਾ ਨਹੀਂ ਲਿਆ। ਅਤੇ ਹੁਣ ਉੱਤਰ-ਪੂਰਬ ਦਾ ਕੀ ਅਨੁਭਵ ਹੈ ? ਇਹ ਆਉਣ ਵਾਲਾ ਸਮਾਂ ਦੱਸੇਗਾ। ਮਨੀਪੁਰ ਵਿੱਚ ਮੂਲ ਕਬਾਇਲੀ ਅਤੇ ਭਾਰਤ ਦੇ ਲੋਕ ਭੱਜ ਰਹੇ ਹਨ। ਉਹ ਸ਼ਰਨਾਰਥੀ ਬਣ ਗਏ ਹਨ। ਸੋਚੋ, ਇੱਕ ਵੀ ਬੰਗਲਾਦੇਸ਼ੀ ਘੁਸਪੈਠੀਏ ਨੂੰ ਨਹੀਂ ਕੱਢਿਆ ਗਿਆ ਪਰ ਉੱਤਰ-ਪੂਰਬ



ਵਿੱਚ ਦਲਿਤ ਹਿੰਦੂਆਂ ਅਤੇ ਆਦਿਵਾਸੀਆਂ ਨੂੰ ਬੇਘਰ ਕਰ ਦਿੱਤਾ ਗਿਆ। ਦਲਿਤਾਂ ਤੇ ਆਦਿਵਾਸੀਆਂ ਨਾਲ ਗੁਲਾਮਾਂ ਵਰਗਾ ਵਿਹਾਰ ਕੀਤਾ ਗਿਆ। ਇਸੇ ਤਰ੍ਹਾਂ ਭਾਜਪਾ ਦਾ ਵਾਅਦਾ ਸੀ ਕਿ ਜੰਮੂ-ਕਸ਼ਮੀਰ ਵਿੱਚੋਂ ਧਾਰਾ 370 ਨੂੰ ਖ਼ਤਮ ਕਰਕੇ ਘਾਟੀ ਦੇ ਮੁਸਲਮਾਨਾਂ ਨੂੰ ਮੁੱਖ ਧਾਰਾ ਵਿੱਚ ਲਿਆਂਦਾ ਜਾਵੇਗਾ । ਪੰਡਤਾਂ ਨੂੰ ਕਸ਼ਮੀਰ ਮੁੜ ਵਸਾਇਆ ਜਾਵੇਗਾ। ਪਰ ਹਿੰਦੂ ਅਜੇ ਵੀ ਇਸ ਘਾਟੀ ਵਿੱਚੋਂ ਭੱਜੇ ਹੋਏ ਹਨ।

ਇਸ ਤੋਂ ਵੀ ਗੰਭੀਰ ਗੱਲ ਇਹ ਹੈ ਕਿ ਤਾਮਿਲਨਾਡੂ ਦੇ ਸਟਾਲਿਨ, ਤੇਲੰਗਾਨਾ ਦੇ ਕੇਸੀ ਚੰਦਰਸ਼ੇਖਰ ਰਾਓ, ਆਦਿਵਾਸੀ ਜਥੇਬੰਦੀਆਂ, ਸਿੱਖ ਜਥੇਬੰਦੀਆਂ ਹੁਣ ਸਾਂਝਾ ਸਿਵਲ ਕੋਡ (**ਬਾਕੀ ਸਫ਼ਾ** 30 ’ਤੇ)

# ਲੋਕ ਸਭਾ ਚੋਣਾਂ 2024: ਅਕਾਲੀ ਦਲ ਬਾਦਲ ਲਈ ਰਾਜਨੀਤਕ ਸੰਕਟ ਗੰਭੀਰ

## ਬਾਦਲ ਦਲ ਦੀ ਲੀਡਰਸ਼ਿਪ ਭਾਜਪਾ ਨਾਲ ਸਮਝੌਤਾ ਕਰਨ ਲਈ ਤਰਲੋਮੱਛੀ ,ਪਰ ਭਾਜਪਾ ਵੱਲੋਂ ਢੀਂਡਸਾ ਨੂੰ ਪਹਿਲ

ਰਾਜਨੀਤਕ ਹਲਕਿਆਂ ਵਿੱਚ ਖ਼ੂਬ ਚਰਚਾ ਹੈ ਕਿ ਅਕਾਲੀ ਦਲ ਵੱਲੋਂ ਭਾਜਪਾ ਨਾਲ ਤੋੜ ਵਿਛੋੜੇ ਤੋਂ ਬਾਅਦ ਬਣੇ ਹਾਲਾਤ ਨੂੰ ਦੇਖਦਿਆਂ ਅਤੇ ਚੋਣਾਂ ਵਿੱਚ ਆਏ ਨਤੀਜਿਆਂ ਦੇ ਮੱਦੇ-ਨਜ਼ਰ ਅਕਾਲੀ ਦਲ ਨੂੰ ਇਹ ਮਹਿਸੂਸ ਹੋਣ ਲੱਗ ਪਿਆ ਹੈ ਕਿ ਬਿਨਾਂ ਭਾਜਪਾ ਨਾਲ ਸਮਝੌਤੇ ਦੇ ਉਹ 2024 ਦੀਆਂ ਲੋਕ ਸਭਾ ਚੋਣਾਂ ਦਾ ਅਟਕ ਦਰਿਆ ਪਾਰ ਨਹੀਂ ਕਰ ਸਕੇਗਾ, ਪਰ ਬਾਦਲ ਦਲ ਦੇ ਮਹਾਂਰਥੀ ਦਲਜੀਤ ਸਿੰਘ ਚੀਮਾ, ਬਲਵਿੰਦਰ ਸਿੰਘ ਭੂੰਦੜ , ਪ੍ਰੋਫੈਸਰ ਪ੍ਰੇਮ ਸਿੰਘ ਚੰਦੂਮਾਜਰਾ, ਮਹੇਸ਼ਇੰਦਰ ਸਿੰਘ ਗਰੇਵਾਲ, ਸਿੰਕਦਰ ਸਿੰਘ ਮਲੂਕਾ, ਬਿਕਰਮਜੀਤ ਸਿੰਘ ਮਜੀਠੀਆ ਭਾਜਪਾ ਨਾਲ ਸਮਝੌਤਾ ਕਰਨ ਲਈ ਤਰਲੋਮੱਛੀ ਹਨ। ਇਸ ਬਾਰੇ ਇਹ ਲੀਡਰ ਗਾਹੇ ਬਗਾਹੇ ਬਿਆਨ ਵੀ ਦਿੰਦੇ ਰਹੇ ਹਨ। ਸੂਤਰਾਂ ਤੋਂ ਪਤਾ ਲਗਾ ਹੈ ਕਿ ਇਹਨਾਂ ਅਕਾਲੀ ਲੀਡਰਾਂ ਨੇ ਭਾਜਪਾ ਦੇ ਹਾਈਕਮਾਂਡ ਲੀਡਰਾਂ ਰਾਜਨਾਥ ਤੇ ਅਮਿਤ ਸ਼ਾਹ ਨਾਲ ਮੁਲਾਕਾਤ ਕਰਨ ਦੀ ਵੀ ਕੋਸ਼ਿਸ਼ ਕੀਤੀ। ਰਾਜਨਾਥ ਨੇ ਇਸ ਲਈ ਹੁੰਗਾਰਾ ਭਰਿਆ ਤੇ ਇਹ ਵੀ ਬਿਆਨ ਦਿੱਤਾ ਕਿ ਪੰਜਾਬ ਵਿੱਚ ਅਕਾਲੀ ਦਲ ਨਾਲ ਸਮਝੌਤਾ ਸੰਭਵ



ਹੈ ਪਰ ਅਮਿਤ ਸ਼ਾਹ ਨੇ ਕੋਈ ਹੁੰਗਾਰਾ ਨਹੀਂ ਭਰਿਆ। ਰਾਜਨੀਤਕ ਮਾਹਿਰਾਂ ਦਾ ਮੰਨਣਾ ਹੈ ਕਿ ਸਮਝੌਤਾ ਕਰਨ ਦਾ ਅਧਿਕਾਰ ਸਿਰਫ਼ ਅਮਿਤ ਸ਼ਾਹ ਤੇ ਪ੍ਰਧਾਨ ਮੰਤਰੀ ਮੋਦੀ ਕੋਲ ਹੈ। ਉਹ ਪੰਜਾਬ ਵਿੱਚ ਅਕਾਲੀ ਦਲ ਬਾਦਲ ਨੂੰ ਆਕਸੀਜਨ ਨਹੀਂ ਦੇਣਾ ਚਾਹੁੰਦੇ। ਇਸ ਦਾ ਕਾਰਨ ਹੈ ਕਿ ਅਕਾਲੀ ਦਲ ਦਾ ਆਧਾਰ ਬਹੁਤ ਘਟਿਆ ਹੈ। ਦੂਜੇ ਪਾਸੇ ਬਾਦਲ ਦਲ ਨੂੰ ਸਿਆਸਤ ਵਿੱਚ ਪਰੇ ਧੱਕਣ ਲਈ ਭਾਜਪਾ ਨੇ ਲੰਮਾ ਸਮਾਂ ਅਕਾਲੀ ਦਲ ਦੇ ਵਿਰੋਧੀ ਨੇਤਾ ਸੁਖ ਦੇਵ ਸਿੰਘ ਢੀਂਡਸਾ ਨੂੰ ਅਣਗੌਲਿਆ ਕਰਨ ਤੋਂ ਬਾਅਦ ਹੁਣ ਉਸ ਨੂੰ ਮਹੱਤਵ ਦੇਣ ਦਾ ਫ਼ੈਸਲਾ ਕਰ ਲਿਆ ਜਾਪਦਾ ਹੈ। ਜਾਣਕਾਰੀ ਇਹ ਵੀ ਹੈ ਕਿ ਭਾਜਪਾ ਲੀਡਰਸ਼ਿਪ ਢੀਂਡਸਾ ਨੂੰ ਇਹ ਯਕੀਨ ਵੀ ਦਿਵਾ ਰਹੀ ਹੈ ਕਿ ਜੇਕਰ ਅੱਗੇ ਜਾ ਕੇ ਭਾਜਪਾ ਨੇ ਅਕਾਲੀ ਦਲ ਬਾਦਲ ਨਾਲ ਕੋਈ ਸਮਝੌਤਾ ਕੀਤਾ ਵੀ ਤਾਂ ਵੀ ਸੁਖ ਦੇਵ ਸਿੰਘ ਢੀਂਡਸਾ ਦੇ ਅਕਾਲੀ ਦਲ ਲਈ ਲੋਕ ਸਭਾ ਦੀਆਂ ਇਕ ਜਾਂ ਦੋ ਸੀਟਾਂ ਛਡਵਾਈਆਂ ਜਾਣਗੀਆਂ।

ਹਾਲ ਦੀ ਘੜੀ ਭਾਜਪਾ ਦੇ ਅਕਾਲੀ ਦਲ ਨਾਲ ਸਮਝੌਤੇ ਦੇ ਆਸਾਰ ਕਾਫ਼ੀ ਘੱਟ ਨਜ਼ਰ ਆ ਰਹੇ ਹਨ। ਪੰਜਾਬ ਵਿੱਚ ਆਮ ਆਦਮੀ ਪਾਰਟੀ ਵੱਲੋਂ ਵਿਧਾਨ ਸਭਾ ਦੀਆਂ 92 ਸੀਟਾਂ ਜਿੱਤਣ ਤੋਂ ਬਾਅਦ, ਸੰਗਰੂਰ ਲੋਕ ਸਭਾ ਦੀ ਉਪ ਚੋਣ ਹਾਰਨ ਤੋਂ ਬਾਅਦ ਜਲੰਧਰ ਲੋਕ ਸਭਾ ਉਪ ਚੋਣ ਵਿੱਚ ਉਸ ਦੀ ਜਿੱਤ ਨਾਲ ਭਾਵੇਂ ਪੰਜਾਬ ਦੇ ਸਾਰੇ ਵਿਰੋਧੀ ਦਲਾਂ ਨੂੰ ਧੱਕਾ ਲੱਗਾ ਹੈ ਪਰ ਸ਼ਾਇਦ ਭਾਜਪਾ ਨੂੰ ਪੰਜਾਬ ਵਿਚ ‘ਆਪ’ ਦੀ ਮਜ਼ਬੂਤੀ ਸੂਤ ਬੈਠਦੀ ਹੈ। ਕਿਉਂਕਿ ਇਸ ਨਾਲ ਭਾਵੇਂ ਭਾਜਪਾ ਪੰਜਾਬ ਵਿੱਚ ਮਜ਼ਬੂਤ ਹੋਵੇ ਜਾਂ ਨਾ ਹੋਵੇ ਪਰ ਕਾਂਗਰਸ ਤਾਂ ਕਮਜ਼ੋਰ ਪੈਂਦੀ ਹੀ ਹੈ, ਜਦੋਂ ਕਿ ਅਕਾਲੀ ਦਲ ਦਾ ਵੀ ਆਪਣੇ ਪੈਰਾਂ ’ਤੇ ਖੜ੍ਹਾ ਹੋਣਾ ਮੁਸ਼ਕਿਲ ਜਾਪਦਾ ਹੈ। ਪੰਜਾਬ ਭਾਜਪਾ ਦੇ ਮੌਜੂਦਾ ਪ੍ਰਧਾਨ ਸੁਨੀਲ ਜਾਖੜ ਅਤੇ ਪੰਜਾਬ ਦੇ ਇੰਚਾਰਜ ਸੀਨੀਅਰ ਭਾਜਪਾ ਨੇਤਾ ਵਿਜੈ ਰੂਪਾਨੀ ਦੋਵੇਂ ਹੀ (**ਬਾਕੀ ਸਫ਼ਾ** 30 ’ਤੇ)

## ਟਾਂਡੇ ਦਾ ਨੌਜਵਾਨ ਹਰਪ੍ਰੀਤ ਸਿੰਘ ਅਮਰੀਕਾ ’ਚ ਬਣਿਆ ਨੇਵੀ ਦਾ ਕਮਿਸ਼ਨਡ ਅਫ਼ਸਰ

ਹੱਲਕਾ ਉੜਮੁੜ ਦੇ ਬਲਾਕ ਟਾਂਡਾ ਅਧੀਨ ਪੈਂਦੇ ਪਿੰਡ ਖੁੱਡਾ ਨਾਲ ਸਬੰਧਿਤ ਇੱਕ ਨੌਜਵਾਨ ਹਰਪ੍ਰੀਤ ਸਿੰਘ ਅਮਰੀਕਾ ਵਿੱਚ ਨੇਵੀ ਦਾ ਕਮਿਸ਼ਨਡ ਅਫ਼ਸਰ ਬਣ ਕੇ ਸਿੱਖ ਪੰਥ ਤੇ ਪੰਜਾਬ ਦਾ ਨਾਂ ਰੋਸ਼ਨ ਕੀਤਾ ਹੈ। ਹਰਪ੍ਰੀਤ ਸਿੰਘ ਪੰਜਾਬ ਪੁਲਿਸ ਦੇ ਸੇਵਾ ਮੁਕਤ ਇੰਸਪੈਕਟਰ ਵਰਿੰਦਰ ਸਿੰਘ ਅਤੇ ਸੇਵਾ ਮੁਕਤ ਟੀਚਰ ਜਗਦੀਸ਼ ਕੌਰ ਦਾ ਪੁੱਤਰ ਹੈ । ਹਰਪ੍ਰੀਤ ਸਿੰਘ ਦੇ ਅਮਰੀਕਾ ਵਿੱਚ ਨੇਵੀ ਦੇ ਉੱਚ ਅਹੁਦੇ ’ਤੇ ਪਹੁੰਚਣ ’ਤੇ ਪੂਰਾ ਪਰਿਵਾਰ ਅਤੇ ਪਿੰਡ ਵਾਸੀ ਮਾਣ ਮਹਿਸੂਸ ਕਰ ਰਹੇ ਹਨ। ਹਰਪ੍ਰੀਤ ਸਿੰਘ ਦੇ ਪਿਤਾ ਨੇ ਦੱਸਿਆ ਕਿ ਹਰਪ੍ਰੀਤ ਨੇ ਸੇਂਟ ਪੋਲ ਕਾਨਵੈਂਟ ਸਕੂਲ ਦਸੂਹਾ ਅਤੇ ਫਿਰ ਜੀਜੀਡੀਐੱਸਡੀ ਕਾਲਜ



ਹਰਿਆਣਾ ਤੋਂ ਪੜ੍ਹਾਈ ਕਰਨ ਉਪਰੰਤ ਉੱਚ ਪੜ੍ਹਾਈ ਲਈ 2008 ਤੋਂ 2013 ਤੱਕ ਆਇਰਲੈਂਡ ਚਲਾ ਗਿਆ। 2013 ’ਚ ਅਮਰੀਕਾ ਚਲਾ ਗਿਆ ਜਿੱਥੇ ਉਸ ਨੇ ਯੂਨੀਵਰਸਿਟੀ ਆਫ਼ ਵਿਸਕਾਨਸਿਨ ਵਿਚ ਐੱਮਬੀਏ ਦੀ ਪੜ੍ਹਾਈ ਕੀਤੀ। ਹਰਪ੍ਰੀਤ ਚਾਰ ਸਾਲ ਪਹਿਲਾਂ ਅਮਰੀਕੀ ਨੇਵੀ ਵਿੱਚ ਭਰਤੀ ਹੋਇਆ ਸੀ ਅਤੇ ਉਸ ਦਾ ਸੁਪਨਾ ਉਸ ਵੇਲੇ ਪੂਰਾ ਹੋ ਗਿਆ ਜਦੋਂ ਸਖ਼ਤ ਮਿਹਨਤ ਕਰਦੇ ਹੋਏ ਅੱਗੇ ਵਧਿਆ ਤੇ ਅਮਰੀਕੀ ਨੇਵੀ ਦਾ ਕਮਿਸ਼ਨਡ ਅਫ਼ਸਰ ਬਣ ਗਿਆ ਹੈ। ਹਰਪ੍ਰੀਤ ਦੇ ਪਿਤਾ ਨੇ ਦੱਸਿਆ ਕਿ ਉਹ ਯੂਨੀਵਰਸਿਟੀ ਪੱਧਰ ਦਾ ਮੋਹਰੀ ਦੌੜਾਕ ਰਿਹਾ ਹੈ। ਸਖ਼ਤ ਮਿਹਨਤ ਕਰ ਕੇ ਇਸ ਮੁਕਾਮ ’ਤੇ ਪਹੁੰਚੇ ਆਪਣੇ ਪੁੱਤਰ ’ਤੇ ਉਨ੍ਹਾਂ ਨੂੰ ਫ਼ਖ਼ਰ ਹੈ।

# ਬਾਬਾ ਰਾਮਦੇਵ ਦੇ ਮਕੜਜਾਲ ਵਿੱਚ ਫਸੀ ਦੁਨੀਆਂ

## ਬਾਬੇ ਨੇ 6 ਸਾਲਾਂ 'ਚ 1200 ਕਰੋੜ ਦੀ ਜਾਇਦਾਦ ਬਣਾਈ



ਦਿਮਾਗ 'ਤੇ ਥੋੜ੍ਹਾ ਜਿਹਾ ਜ਼ੋਰ ਪਾ ਕੇ ਯਾਦ ਆਇਆ ਕਿ ਸ਼ਾਇਦ 2003 ਜਾਂ 2004 ਦੀ ਗੱਲ ਹੋਵੇਗੀ, ਜਦੋਂ ਅਚਾਨਕ ਬਾਬਾ ਰਾਮ ਦੇਵ ਪ੍ਰਗਟ ਹੋਏ, ਪਤਾ ਨਹੀਂ ਕਿੱਥੋਂ, ਬਹੁਤ ਅਚਾਨਕ, ਰਾਮ ਦੇਵ ਇਸ ਤੋਂ ਪਹਿਲਾਂ ਕਿਤੇ ਆ ਗਏ ਹੋਣਗੇ ਪਰ ਜਨਤਾ ਅਚਾਨਕ ਆ ਗਈ। ਸਾਰਿਆਂ ਦੀ ਨਜ਼ਰ ਵਿੱਚ ਜਦੋਂ ਹਰ ਕੋਈ ਯੋਗਾ ਕਰਨ ਲੱਗਾ ਤਾਂ ਕਈ ਵੱਡੀਆਂ ਵੱਡੀਆਂ ਗੱਲਾਂ ਕਿ ਯੋਗਾ ਕਰਨ ਨਾਲ ਕੈਂਸਰ ਠੀਕ ਹੁੰਦਾ ਹੈ, ਬੀਪੀ ਠੀਕ ਹੁੰਦਾ ਹੈ, ਇੱਥੋਂ ਤੱਕ ਕਿ ਸ਼ੂਗਰ ਅਤੇ ਦਿਲ ਦੀਆਂ ਬਿਮਾਰੀਆਂ ਵੀ ਪੂਰੀ ਤਰ੍ਹਾਂ ਨਸ਼ਟ ਹੋ ਜਾਂਦੀਆਂ ਹਨ, ਜਿਨ੍ਹਾਂ ਦਾ ਇਲਾਜ ਮੈਡੀਕਲ ਸਾਇੰਸ ਨੂੰ ਨਹੀਂ ਮਿਲ ਸਕਿਆ ਹੈ।

ਬਾਬੇ ਦੇ ਬੋਲਾਂ ਵਿੱਚ ਅਜਿਹਾ ਜਾਦੂ ਸੀ ਕਿ ਪੂਰੇ ਦੇਸ਼ ਵਿੱਚ ਲੋਕ ਯੋਗਾ ਕਰਨ ਲੱਗ ਪਏ। ਆਪਣੇ ਹੀ ਯੋਗਾ ਕੈਂਪਾਂ ਵਿੱਚ ਆਪਣੇ ਹੀ ਲੋਕਾਂ ਨੂੰ ਪੁੱਛਣਾ ਕਿ ਤੁਹਾਨੂੰ ਕੈਂਸਰ ਸੀ, ਕੈਂਸਰ ਦਾ ਕੀ ਬਣਿਆ? ਇਸ ਲਈ ਇੱਥੇ ਆਏ ਮਰੀਜ਼ ਨੇ ਦੱਸਿਆ ਕਿ ਉਸ ਦਾ ਬਲੱਡ ਕੈਂਸਰ ਸਿਰਫ਼ 3 ਮਹੀਨਿਆਂ ਵਿੱਚ ਯੋਗਾ ਕਰਨ ਨਾਲ ਠੀਕ ਹੋ ਗਿਆ ਹੈ। ਤੇ ਫਿਰ ਬਾਬਾ ਆਖਦਾ ਹੈ ਕਿ ਇਹ ਕਰਨ ਨਾਲ ਹੋ ਜਾਂਦਾ ਹੈ, ਕਰ ਲਓ, ਕਰਨ ਨਾਲ ਹੀ ਹੋਵੇਗਾ, ਕੈਂਸਰ ਹੀ ਨਹੀਂ, ਬੀ.ਪੀ., ਸ਼ੂਗਰ, ਮੋਤੀਆ, ਦਿਲ ਦੇ ਰੋਗ, ਗਠੀਆ ਸਭ ਜੜ੍ਹ ਤੋਂ ਠੀਕ ਹੋ ਜਾਂਦੇ ਹਨ।



ਇਨ੍ਹਾਂ ਯੋਗਾ ਕੈਂਪਾਂ ਵਿੱਚ ਯੋਗਾ ਕਰਵਾਉਣ ਤੋਂ ਇਲਾਵਾ ਇੱਕ ਗੱਲ ਬੜੀ ਚਲਾਕੀ ਨਾਲ ਕੀਤੀ ਗਈ ਅਤੇ ਉਹ ਹੈ ਵਿਦੇਸ਼ੀ ਕੰਪਨੀਆਂ ਦੀ ਆਲੋਚਨਾ । ਇਹ ਯੋਗਾ ਕੈਂਪ ਵਿਦੇਸ਼ੀ ਕੰਪਨੀਆਂ ਨੂੰ ਗਾਲ੍ਹਾਂ ਕੱਢਣ ਦਾ ਮੰਚ ਬਣ ਗਏ, ਕੋਲਡ ਡਰਿੰਕ ਦਾ ਮਤਲਬ ਹੈ ਟਾਇਲਟ ਕਲੀਨਰ, ਬਰਗਰ ਦਾ ਮਤਲਬ ਹੈ ਜੇਕਰ ਤੁਸੀਂ ਬਰਗਰ ਖਾਓਗੇ ਤਾਂ ਤੁਸੀਂ ਬਰਗਰ ਵਰਗੇ ਹੋ ਜਾਓਗੇ। ਕੀ ਤੁਹਾਨੂੰ ਬਾਬਾ ਰਾਮਦੇਵ ਦੇ ਬੋਲੇ ਇਹ ਸ਼ਬਦ ਯਾਦ ਹਨ? ਇਨ੍ਹਾਂ ਬਿਆਨਾਂ ਦਾ ਨਤੀਜਾ ਇਹ ਨਿਕਲਿਆ ਕਿ ਪੂਰੇ ਦੇਸ਼ ਵਿੱਚ ਕੋਲਡ ਡਰਿੰਕਸ ਦੀ ਵਿਕਰੀ ਇਕਦਮ ਹੇਠਾਂ ਆ ਗਈ, ਡੋਮੀਨੋਜ਼ ਪੀਜ਼ਾ ਦੀ ਵਿਕਰੀ 'ਚ ਕਾਫੀ ਫਰਕ ਆ ਗਿਆ। ਪਰ ਫਿਰ ਅਚਾਨਕ ਪਤਾ ਨਹੀਂ ਕੀ ਹੋ ਗਿਆ ਕਿ ਬਾਬਾ ਨੇ ਇਹ ਸਾਰੇ ਵਾਕ ਬੋਲਣੇ ਬੰਦ ਕਰ ਦਿੱਤੇ, ਕੀ ਤੁਸੀਂ ਉਨ੍ਹਾਂ ਨੂੰ ਦੁਬਾਰਾ ਸੁਣਿਆ? ਕੀ ਕੋਲਡਡ੍ਰਿੰਕ ਅਚਾਨਕ ਸਿਹਤ ਲਈ ਚੰਗਾ ਹੋ ਗਿਆ ਹੈ? ਜਾਂ ਕੀ ਪੀਜ਼ਾ ਸਿਹਤਮੰਦ ਹੋ ਗਿਆ? ਪੀਜ਼ਾ ਅਤੇ ਕੋਲਡ ਡਰਿੰਕਸ ਦੀ ਵਿਕਰੀ ਦਿਨ-ਰਾਤ ਵਧ ਰਹੀ ਹੈ, ਬਾਬਾ ਹੁਣ ਇਸ ਮੁੱਦੇ 'ਤੇ ਕਿਉਂ ਨਹੀਂ ਬੋਲਦਾ? ਆਖਿਰ ਬਾਬੇ ਕੋਲ ਕਿਹੜਾ ਫਾਰਮੂਲਾ ਸੀ, ਜਿਸ ਦੇ ਆਧਾਰ 'ਤੇ ਬਾਬੇ ਨੇ 6 ਸਾਲਾਂ 'ਚ 1200 ਕਰੋੜ ਦੀ ਜਾਇਦਾਦ ਬਣਾਈ? ਅੱਜ ਬਾਬੇ ਦੀ ਜਾਇਦਾਦ 2500 ਕਰੋੜ ਦੀ ਹੈ। ਕੀ ਕੋਈ ਵਿਦਿਆਰਥੀ ਅਜਿਹਾ ਕਰ ਕੇ ਦਿਖਾ ਸਕਦਾ ਹੈ? ਕੀ ਇਹ ਦੱਸਣ ਦੀ ਲੋੜ ਹੈ ਕਿ ਬਾਬੇ ਦੇ ਜੁਮਲੇ ਅਚਾਨਕ ਕਿਵੇਂ ਰੁਕ ਗਏ ਅਤੇ ਇਹ 1200 ਕਰੋੜ ਦੀ ਦੌਲਤ ਕਿੱਥੋਂ ਆਈ?

ਇਨ੍ਹਾਂ ਕੈਂਪਾਂ ਵਿੱਚ ਸਿਪਲਾ, ਕੈਡੀਲਾ, ਰੈਨਬੈਕਸੀ ਵਰਗੀਆਂ ਉੱਚ ਪੱਧਰੀ ਦਵਾਈਆਂ ਬਣਾਉਣ ਵਾਲੀਆਂ ਕੰਪਨੀਆਂ ਨੂੰ ਮਨੁੱਖਤਾ ਨੂੰ ਲੁੱਟਣ ਵਾਲੇ ਕਿਹਾ ਜਾਂਦਾ ਸੀ। ਇਹ ਡਾਕਟਰੀ ਵਿਗਿਆਨ ਹੈ ਜਿਸ ਨੇ ਹਰ ਘਰ ਵਿੱਚ ਕਿਸੇ ਨਾ ਕਿਸੇ ਦੀ ਮਦਦ ਕੀਤੀ ਹੈ। ਮੈਡੀਕਲ ਵਿਗਿਆਨ ਜੀਵਨ ਬਚਾਉਣ ਵਾਲਾ ਵਿਗਿਆਨ ਹੈ। ਸੜਕ ਦੁਰਘਟਨਾ ਵਿੱਚ ਮਰਨ ਵਾਲੇ ਵਿਅਕਤੀ ਨੂੰ ਡਾਕਟਰੀ ਵਿਗਿਆਨ ਤੋਂ ਇਲਾਵਾ ਕੋਈ ਹੋਰ ਸਾਧਨ ਨਹੀਂ ਬਚਾ ਸਕਦਾ। ਬਾਕੀ ਸਾਰੇ ਪੈਥੀ ਉਦੋਂ ਹੀ ਵਰਤੇ ਜਾ ਸਕਦੇ ਹਨ ਜਦੋਂ ਤੁਹਾਡੇ ਕੋਲ ਬਿਮਾਰੀ ਦੇ ਇਲਾਜ ਲਈ ਲੰਮਾ ਸਮਾਂ ਹੋਵੇ, ਯਕੀਨਨ ਕੋਈ ਵੀ ਪੈਥੀ ਕਿਸੇ ਹੋਰ ਪੈਥੀ ਦੀ ਥਾਂ ਨਹੀਂ ਲੈ ਸਕਦਾ

(**ਬਾਕੀ ਸਫ਼ਾ** 30 'ਤੇ)


DIAMOND TRANSPORTATION

DIAMOND
Transportation Logistics, Inc.

Dry Van ਤੇ Reefer ਦੇ ਕੰਮ ਲਈ
Owner Operators ਦੀ ਲੋੜ

Good Pay

Dedicated Routs



Weekly Payment
ਇਕ ਹਫ਼ਤੇ 'ਚ ਪੇਮੈਂਟ ਲਵੋ

ਅੱਜ ਹੀ ਕਾਲ ਕਰੋ :

ਗੁਲਵਿੰਦਰ ਸਿੰਘ ਗਾਖ਼ਲ
209.487.3699

ਹਰਨੇਕ ਸਿੰਘ ਅਟਵਾਲ
209.351.5965

2850 Loomis Rd, Stockton, CA 95205

# ਅੱਤਵਾਦੀਆਂ ਦੀਆਂ ਕਾਰਵਾਈਆਂ ਦਾ ਢੰਗ ਤਰੀਕਾ

## ਏ.ਆਈ.ਐਸ.ਐਸ.ਐਫ. ਦੇ ਕਾਰਕੁਨ ਵਿਰਸਾ ਸਿੰਘ ਵਲਟੋਹਾ ਵੱਲੋਂ ਦਿਲਚਸਪ ਵੇਰਵੇ

ਧੰਨਵਾਦ ਸਹਿਤ
ਇੰਡੀਆ ਟੂਡੇ
(ਛਪਿਆ 15 ਜੂਨ 1985)

ਕਿਸ਼ਤ ਪਹਿਲੀ

### ਵਿਰਸਾ ਸਿੰਘ ਵਲਟੋਹਾ ਦਾ ਇਕਬਾਲੀਆ ਬਿਆਨ





ਸਾਕਾ ਨੀਲਾ ਤਾਰਾ ਤੋਂ ਇੱਕ ਸਾਲ ਬਾਅਦ ਵੀ ਸ੍ਰੀ ਹਰਿਮੰਦਰ ਸਾਹਿਬ ਕੰਪਲੈਕਸ ਵਿੱਚ ਅੱਤਵਾਦੀਆਂ ਦੇ ਕੰਮ ਕਰਨ ਦੇ ਢੰਗ-ਤਰੀਕੇ ਬਾਰੇ ਸ਼ੰਕੇ ਬਰਕਰਾਰ ਹਨ । ਵਿਰਸਾ ਸਿੰਘ ਵਲਟੋਹਾ, ਜੋ ਕਿ ਹੁਣ ਹਿਰਾਸਤ ਵਿੱਚ ਹੈ, ਇੱਕ ਏਆਈਐਸਐਸਐਫ ਕਾਰਕੁਨ ਦੇ ਇਕਬਾਲੀਆ ਬਿਆਨਾਂ ਤੋਂ ਦਿਲਚਸਪ ਵੇਰਵੇ ਉਪਲਬਧ ਹੋਏ ਹਨ।ਅੰਮ੍ਰਿਤਸਰ ਦੇ ਹਰਿਮੰਦਰ ਸਾਹਿਬ ਕੰਪਲੈਕਸ ਤੋਂ ਭਿੰਡਰਾਂਵਾਲੇ ਦੇ ਕੱਟੜਪੰਥੀਆਂ ਦੇ ਜਥੇ ਨੂੰ ਫੌਜ ਵੱਲੋਂ ਭਜਾਉਣ ਦੇ ਇੱਕ ਸਾਲ ਬਾਅਦ ਵੀ, ਪੰਜਾਬ ਵਿੱਚ ਅੱਤਵਾਦ ਦਾ ਅਸਲ ਮਕੈਨਿਕ ਘੱਟ ਜਾਂ ਘੱਟ ਸਲੇਟੀ ਖੇਤਰ ਬਣਿਆ ਹੋਇਆ ਹੈ।ਹਰ ਥੋੜ੍ਹੇ ਜਿਹੇ ਤੱਥ ਲਈ ਬਹੁਤ ਸਾਰੀਆਂ ਕਥਾਵਾਂ ਹਨ ਅਤੇ ਹਰ ਦਾਅਵੇ ਲਈ ਕਈ ਬੇਦਾਅਵਾ ਹਨ, ਪਰ ਹੁਣ ਖੁਫੀਆ ਏਜੰਸੀਆਂ ਦਾ ਦਾਅਵਾ ਹੈ ਕਿ ਇਸ ਸਮੱਸਿਆ ਨੂੰ ਕੁਝ ਹੱਦ ਤੱਕ ਹੱਲ ਕਰ ਲਿਆ ਗਿਆ ਹੈ। ਉਹ ਹਰਿਮੰਦਰ ਸਾਹਿਬ ਅਤੇ ਹੋਰ ਥਾਂਵਾਂ ਤੋਂ ਗ੍ਰਿਫ਼ਤਾਰ ਕੀਤੇ ਗਏ ਸ਼ੱਕੀਆਂ ਵੱਲੋਂ ਦਿੱਤੇ ਗਏ ਇਕਬਾਲੀਆ ਬਿਆਨਾਂ ਦੀ ਲੰਮੀ ਸੂਚੀ 'ਤੇ ਅਧਿਐਨ ਕਰ ਰਹੇ ਹਨ, ਕੱਟੜਪੰਥੀਆਂ ਦੀਆਂ ਪ੍ਰੇਰਨਾਵਾਂ ਅਤੇ ਉਨ੍ਹਾਂ ਦੁਆਰਾ ਵਰਤੀ ਗਈ ਰਣਨੀਤੀ ਨੂੰ ਨਿਰਧਾਰਤ ਕਰਨ ਦੀ ਕੋਸ਼ਿਸ਼ ਕਰ ਰਹੇ ਹਨ।ਇਸ ਸੂਚੀ ਵਿੱਚ ਇੱਕ ਮੁੱਖ ਇਕਬਾਲੀਆ ਬਿਆਨ ਵਿਰਸਾ ਸਿੰਘ ਵਲਟੋਹਾ ਦਾ ਹੈ, ਜੋ ਕਤਲ, ਲੁੱਟ-ਖੋਹ ਅਤੇ ਅੱਤਵਾਦ ਦੀਆਂ ਕਈ ਘਟਨਾਵਾਂ ਦੇ ਸਬੰਧ ਵਿੱਚ ਲੋੜੀਂਦਾ ਸੀ।

ਮੁੱਖ ਪੱਤਰ ਪ੍ਰੇਰਕ ਰਾਜੂ ਸੰਥਾਨਮ ਨੇ ਆਪਣੀ ਪੁੱਛ-ਗਿੱਛ ਦੀ 63 ਪੰਨਿਆਂ ਦੀ ਰਿਪੋਰਟ ਦੀ ਕਾਪੀ ਹਾਸਲ ਕੀਤੀ ਅਤੇ ਇਸ ਦੇ ਆਧਾਰ 'ਤੇ ਇਹ ਕਹਾਣੀ ਦਰਜ ਕੀਤੀ। ਦੁਨੀਆਂ ਭਰ ਦੇ ਸਿਪਾਹੀਆਂ, ਗ੍ਰੰਥੀਆਂ, ਵਿਦਵਾਨਾਂ ਅਤੇ ਖੋਜੀਆਂ ਨੇ ਦਹਾਕਿਆਂ ਤੋਂ ਕੱਟੜਪੰਥੀਆਂ ਦੇ ਦਿਮਾਗ ਦੀ ਗੁੰਝਲਦਾਰ ਰਸਾਇਣ ਨੂੰ ਸਮਝਣ ਦੀ ਕੋਸ਼ਿਸ਼ ਕੀਤੀ ਹੈ। ਫਿਰ ਵੀ ਕੋਈ ਵੀ ਇਹ ਦੱਸਣ ਦੇ ਯੋਗ ਨਹੀਂ ਹੈ ਕਿ ਇੱਕ ਬਿਲਕੁਲ ਸਾਧਾਰਨ ਨੌਜਵਾਨ ਨੂੰ ਇੱਕ ਅੱਤਵਾਦੀ ਜਾਂ ਗੁਰੀਲਾ ਵਿੱਚ ਕੌਣ ਬਦਲਦਾ ਹੈ, ਇੱਕ ਆਮ ਤੌਰ 'ਤੇ ਅਪ੍ਰਾਪਤ ਕਾਰਨ ਲਈ ਆਪਣੀ ਜਾਨ ਕੁਰਬਾਨ ਕਰਨ ਲਈ ਤਿਆਰ ਹੈ, ਜਿਸ ਬਾਰੇ ਉਹ ਬਹੁਤਾ ਨਹੀਂ ਜਾਣਦਾ ਹੈ। ਪੰਜਾਬ ਦੇ ਅੱਤਵਾਦੀ ਬਾਰੇ ਵੀ ਇਹ ਗੱਲ ਸੱਚ ਹੈ। ਸੈਂਕੜੇ ਸ਼ੱਕੀ ਸਿੱਖ ਕੱਟੜਪੰਥੀ, ਗ੍ਰਿਫ਼ਤਾਰ ਕੀਤੇ, ਮਰੇ ਜਾਂ ਵੱਡੇ ਪੱਧਰ 'ਤੇ ਰਿਕਾਰਡਾਂ ਨੂੰ ਸਕੈਨ ਕਰਨ ਵਾਲੇ ਭਾਰਤੀ ਸੁਰੱਖਿਆ ਨੈਟਵਰਕ ਵਿੱਚ ਵੱਡੀ ਗਿਣਤੀ ਵਿੱਚ ਸਾਬਕਾ ਫੌਜੀਆਂ ਨੇ ਅਜੇ ਤੱਕ ਇਸ

ਸਵਾਲ ਦਾ ਕੋਈ ਭਰੋਸੇਯੋਗ ਜਵਾਬ ਨਹੀਂ ਦਿੱਤਾ ਹੈ ਪਰ ਉਹਨਾਂ ਨੇ ਮਹੀਨਿਆਂ ਦੌਰਾਨ ਇਕੱਠੀ ਕੀਤੀ ਇਕਬਾਲੀਆ ਬਿਆਨਾਂ ਦੀ ਲੰਮੀ ਸੂਚੀ ਦੁਆਰਾ ਬਹੁਤ ਵੱਡਾ ਭੰਡਾਰ ਰੱਖਿਆ ਹੈ ਅਤੇ ਇਹਨਾਂ ਵਿੱਚੋਂ ਇੱਕ ਵਿਰਸਾ ਸਿੰਘ ਵਲਟੋਹਾ ਹੈ।23 ਸਾਲ ਦੀ ਉਮਰ ਵਿੱਚ, ਵਿਰਸਾ ਸਿੰਘ, ਭਿੰਡਰਾਂਵਾਲੇ ਦੇ ਮੁੱਖ ਹਿੱਟ ਬੰਦਿਆਂ ਵਿੱਚੋਂ ਇੱਕ ਮੰਨਿਆ ਜਾਂਦਾ ਹੈ ਅਤੇ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਆਗੂ ਹਰਬੰਸ ਸਿੰਘ ਮਨਚੰਦਾ ਦੇ ਕਤਲ, ਬੰਬ ਧਮਾਕਿਆਂ ਅਤੇ ਡਕੈਤੀਆਂ ਤੋਂ ਇਲਾਵਾ, ਭਿੰਡਰਾਂਵਾਲੇ ਦਾ ਇੱਕ ਖਾਸ ਨੁਮਾਇੰਦਾ ਹੈ।ਜੋ ਦੱਸਦਾ ਹੈ ਕਿ ਅੱਤਵਾਦੀ ਗੁਰੂ ਨਾਨਕ ਨਿਵਾਸ ਦੇ ਉੱਪਰ ਹਥਿਆਰਾਂ ਦੀ ਵਰਤੋਂ ਕਰਨਾ ਸਿੱਖਦੇ ਹਨ। ਪਾਕਿਸਤਾਨ ਦੀ ਸਰਹੱਦ ਨਾਲ ਲੱਗਦੇ ਅੰਮ੍ਰਿਤਸਰ ਜ਼ਿਲ੍ਹੇ ਦੇ ਪਿੰਡ ਵਲਟੋਹਾ ਦੇ ਇੱਕ ਛੋਟੇ ਜਿਹੇ ਕਿਸਾਨ ਸੋਹਣ ਸਿੰਘ ਦੇ ਛੇ ਪੁੱਤਰਾਂ ਵਿੱਚੋਂ ਇੱਕ ਹੈ।ਇਹ ਪਿੰਡ ਅੰਮ੍ਰਿਤਸਰ-ਗੁਰਦਾਸਪੁਰ-ਤਰਨਤਾਰਨ-ਪੱਟੀ ਵਿੱਚੋਂ ਆਉਂਦਾ ਹੈ, ਜਿੱਥੋਂ ਭਿੰਡਰਾਂਵਾਲੇ ਨੂੰ ਆਪਣੇ ਰੰਗਰੂਟਾਂ ਦਾ ਵੱਡਾ ਹਿੱਸਾ ਮਿਲਿਆ ਸੀ।ਉਸ ਨੂੰ ਬੀਤੀ ਜੂਨ ਵਿੱਚ ਸਾਕਾ ਨੀਲਾ ਤਾਰਾ ਦੌਰਾਨ ਹਰਿਮੰਦਰ ਸਾਹਿਬ ਕੰਪਲੈਕਸ ਤੋਂ ਫੌਜ ਨੇ ਗ੍ਰਿਫ਼ਤਾਰ ਕੀਤਾ ਸੀ।

ਇਸ ਤੋਂ ਵੀ ਵੱਧ, ਉਸ ਦੀ ਅਜਿਹੀ ਪਰਵਰਿਸ਼ ਸੀ ਜੋ ਉਤਸੁਕਤਾ ਨਾਲ, ਬਹੁਤ ਸਾਰੇ ਭਿੰਡਰਾਂਵਾਲੇ ਬੰਦਿਆਂ ਦੀ ਮਾਨਸਿਕ ਬਣਤਰ ਵਿੱਚ ਚਲੀ ਗਈ ਸੀ। ਆਪਣੀ ਹਾਇਰ ਸੈਕੰਡਰੀ ਪ੍ਰੀਖਿਆ ਪਹਿਲੀ ਡਵੀਜ਼ਨ ਵਿੱਚ ਪਾਸ ਕਰਨ ਤੋਂ ਬਾਅਦ, ਉਸਨੇ

ਅੰਮ੍ਰਿਤਸਰ ਦੇ ਗੁਰਦੁਆਰਾ ਬਾਬਾ ਬੁੱਢਾ ਬੀੜ ਸਾਹਿਬ ਵਿੱਚ ਗ੍ਰੰਥੀ ਵਜੋਂ ਸਿਖਲਾਈ ਪ੍ਰਾਪਤ ਕੀਤੀ। ਪਰ ਉਹ ਜਲਦੀ ਹੀ ਅਧਿਆਤਮਿਕ ਮਾਰਗ ਤੋਂ ਭਟਕ ਗਿਆ।ਬੀ.ਏ. ਪਹਿਲੇ ਸਾਲ ਦੀ ਪ੍ਰੀਖਿਆ, ਜੋ ਉਸਨੇ 1981 ਵਿੱਚ ਦਿੱਤੀ ਸੀ, ਉਹ ਅੰਗਰੇਜ਼ੀ ਵਿੱਚ ਪਾਸ ਨਹੀਂ ਹੋ ਸਕਿਆ ਅਤੇ ਫਿਰ ਉਸੇ ਸਾਲ ਸਤੰਬਰ ਵਿੱਚ ਪੂਰਕ ਪ੍ਰੀਖਿਆ ਵਿੱਚ ਫ਼ੇਲ੍ਹ ਹੋ ਗਿਆ। ਨਿਰਾਸ਼ ਹੋ ਕੇ ਉਹ ਭਾਰਤੀ ਕਮਿਊਨਿਸਟ ਪਾਰਟੀ (ਮਾਰਕਸਵਾਦੀ) ਦੀ ਸਟੂਡੈਂਟਸ ਫੈਡਰੇਸ਼ਨ ਆਫ਼ ਇੰਡੀਆ ਵਿੱਚ ਸ਼ਾਮਲ ਹੋ ਗਿਆ।ਪਰ, ਜਿਵੇਂ ਹੀ ਭਿੰਡਰਾਂਵਾਲੇ ਦੀ ਲਹਿਰ ਪੰਜਾਬ ਦੇ ਪਿੰਡਾਂ ਵਿੱਚ ਫੈਲਣ ਲੱਗੀ, ਉਸਨੇ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ (ਏ.ਆਈ.ਐਸ.ਐਸ.ਐਫ.) ਵੱਲ ਵਫ਼ਾਦਾਰੀ ਬਦਲ ਲਈ।ਬਹੁਤ ਜਲਦੀ ਉਹ ਏ.ਆਈ.ਐੱਸ.ਐੱਸ.ਐੱਫ. ਦੇ ਪ੍ਰਧਾਨ ਅਮਰੀਕ ਸਿੰਘ ਦੇ ਚਚੇਰੇ ਭਰਾ ਕੇਵਲ ਸਿੰਘ ਦੇ ਸੰਪਰਕ ਵਿੱਚ ਆ ਗਿਆ ਜੋ ਉਸ ਨੂੰ ਹਰਿਮੰਦਰ ਸਾਹਿਬ ਲੈ ਗਿਆ।ਇਸ ਦੌਰਾਨ ਉਹ ਇੱਕ ਵਾਰ ਫਿਰ ਅੰਗਰੇਜ਼ੀ ਦੀ ਪ੍ਰੀਖਿਆ ਪਾਸ ਕਰਨ ਵਿੱਚ ਅਸਫਲ ਰਿਹਾ।ਜੋ ਕੁਝ ਹੋਇਆ ਉਹ ਲਗਭਗ ਪੂਰਵ ਨਿਰਧਾਰਤ ਸੀ। ਜਿਵੇਂ ਕਿ ਵਿਰਸਾ ਸਿੰਘ ਨੇ ਆਪਣੇ ਪੁੱਛ-ਪੜਤਾਲ ਕਰਨ ਵਾਲਿਆਂ ਨੂੰ ਦੱਸਿਆ।ਜਦੋਂ ਮੇਰੇ ਕੋਲ ਖਾਲੀ ਸਮਾਂ ਸੀ, ਮੈਂ ਹਰਿਮੰਦਰ ਸਾਹਿਬ ਵਿੱਚ ਸਥਿਤ ਫੈਡਰੇਸ਼ਨ ਦੇ ਦਫ਼ਤਰ ਜਾਣਾ ਸ਼ੁਰੂ ਕਰ ਦਿੱਤਾ ਅਤੇ ਉੱਥੇ ਆਪਣੀ ਮਰਜ਼ੀ ਨਾਲ ਕੰਮ ਕਰਨਾ ਸ਼ੁਰੂ ਕਰ ਦਿੱਤਾ। ਵਲਟੋਹਾ ਨੇ ਦੱਸਿਆ ਕਿ ਨਵੰਬਰ, 1982 ਵਿੱਚ ਏਆਈਐਸਐਸਐਫ ਦੇ ਜਨਰਲ ਸਕੱਤਰ ਹਰਮਿੰਦਰ ਸਿੰਘ ਸੰਧੂ ਨੇ ਉਸ ਨੂੰ ਪੰਜਾਬ ਦੇ ਸਿੱਖਿਆ ਮੰਤਰੀ ਹਰਚਰਨ ਸਿੰਘ ਅਜਨਾਲਾ ਦੇ ਘਰ ਬੰਬ ਸੁੱਟਣ ਵਾਲੇ ਨੌਜਵਾਨਾਂ ਦੇ ਇੱਕ ਸਮੂਹ

ਵਿੱਚ ਸ਼ਾਮਲ ਹੋਣ ਲਈ ਕਿਹਾ। ਉਹ ਸ਼ਾਮਿਲ ਹੋਇਆ ਤੇ ਉਸ ਨੇ ਆਪਣੇ ਵਾਰਤਾਕਾਰਾਂ ਨੂੰ ਕਿਹਾ ਕਿ ਰਾਤ 8 ਵਜੇ ਦੇ ਕਰੀਬ ਹਰਮਿੰਦਰ ਸਿੰਘ ਸੰਧੂ ਅਤੇ ਰਜਿੰਦਰ ਸਿੰਘ ਮਹਿਤਾ ਨੇ ਅਕਾਲ ਰੈਸਟ ਹਾਊਸ ਤੋਂ ਸਾਨੂੰ ਦੋ ਹੈਂਡ-ਗ੍ਰੇਨੇਡ ਦਿੱਤੇ।ਇਨ੍ਹਾਂ ਨੂੰ ਕਾਗਜ਼ ਦੇ ਥੈਲੇ ਵਿੱਚ ਕੇਲਿਆਂ ਦੇ ਹੇਠਾਂ ਰੱਖਿਆ ਹੋਇਆ ਸੀ। ਅਨੋਖ ਸਿੰਘ ਅਤੇ ਮੈਂ ਇਹ ਬੈਗ ਹੱਥ ਵਿੱਚ ਚੁੱਕਿਆ.... ਸਾਨੂੰ ਅਜਨਾਲਾ ਦੇ ਨੇੜੇ ਇੱਕ ਨਵਾਂ ਬਣਿਆ ਘਰ ਮਿਲਿਆ। ਅਨੋਖ ਸਿੰਘ ਅਤੇ ਮੈਂ ਆਪਣੀਆਂ ਜੁੱਤੀਆਂ ਅਤੇ ਟਰਾਊਜ਼ਰ ਉਤਾਰ ਦਿੱਤੇ। ਜਦੋਂ ਮੈਂ ਅਨੋਖ ਸਿੰਘ ਦੀ ਜੁੱਤੀ ਅਤੇ ਪੈਂਟ ਹੱਥ ਵਿੱਚ ਫੜੀ ਹੋਈ ਸੀ ਤਾਂ ਕੁਝ ਦੂਰੀ 'ਤੇ ਜਾ ਕੇ ਉਸ ਨੇ ਅਜਨਾਲਾ ਦੇ ਘਰ 'ਤੇ ਦੋ ਗ੍ਰਨੇਡ ਸੁੱਟੇ। (ਚਲਦਾ)

# ਸ਼੍ਰੋਮਣੀ ਕਮੇਟੀ ਵੱਲੋਂ 24 ਤੋਂ ਆਪਣਾ ਵੈੱਬ ਚੈਨਲ ਸ਼ੁਰੂ ਕਰਨ ਦਾ ਐਲਾਨ

## ਮਨਜ਼ੂਰੀ ਬਿਨਾਂ ਕਿਸੇ ਵੀ ਚੈਨਲ ਨੂੰ ਗੁਰਬਾਣੀ ਦੇ ਪ੍ਰਸਾਰਨ ਦੀ ਇਜਾਜ਼ਤ ਨਹੀਂ: ਧਾਮੀ




ਅੰਮ੍ਰਿਤਸਰ / ਏ.ਟੀ.ਨਿਊਜ਼ : ਸ੍ਰੀ ਹਰਿਮੰਦਰ ਸਾਹਿਬ ਵਿੱਚ ਹੁੰਦੇ ਗੁਰਬਾਣੀ ਦੇ ਕੀਰਤਨ ਦੇ ਸਿੱਧੇ ਪ੍ਰਸਾਰਨ ਵਾਸਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ 24 ਜੁਲਾਈ ਸਵੇਰ ਤੋਂ ਆਪਣਾ ਵੈੱਬ ਚੈਨਲ ਸ਼ੁਰੂ ਕਰਨ ਦਾ ਐਲਾਨ ਕੀਤਾ ਹੈ। ਇਹ ਫ਼ੈਸਲਾ ਇੱਥੇ ਸ਼੍ਰੋਮਣੀ ਕਮੇਟੀ ਦੀ ਇੱਕ ਨੁਕਾਤੀ ਏਜੰਡੇ 'ਤੇ ਸੱਦੀ ਗਈ ਅੰਤਰਿੰਗ ਕਮੇਟੀ ਦੀ ਹੰਗਾਮੀ ਮੀਟਿੰਗ ਵਿੱਚ ਕੀਤਾ ਗਿਆ। ਇਸ ਬਾਰੇ ਜਾਣਕਾਰੀ ਦਿੰਦਿਆਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਦੱਸਿਆ ਕਿ ਗੁਰਬਾਣੀ ਪ੍ਰਸਾਰਨ ਦਾ ਪੀਟੀਸੀ ਨਾਲ ਹੋਇਆ ਸਮਝੌਤਾ 23 ਜੁਲਾਈ ਨੂੰ ਸਮਾਪਤ ਹੋ ਰਿਹਾ ਹੈ ਜਿਸ ਮਗਰੋਂ 24 ਜੁਲਾਈ ਤੋਂ ਸ਼੍ਰੋਮਣੀ ਕਮੇਟੀ ਵੱਲੋਂ ਆਪਣੇ ਯੂਟਿਊਬ ਚੈਨਲ ਅਤੇ ਹੋਰ ਵੈੱਬ ਮਾਧਿਅਮਾਂ ਰਾਹੀਂ ਗੁਰਬਾਣੀ ਪ੍ਰਸਾਰਨ ਦੀਆਂ ਸੇਵਾਵਾਂ ਸ਼ੁਰੂ ਕੀਤੀਆਂ ਜਾਣਗੀਆਂ। ਉਨ੍ਹਾਂ ਕਿਹਾ ਕਿ ਕੋਈ ਵੀ ਚੈਨਲ, ਯੂਟਿਊਬ ਚੈਨਲ, ਵੈੱਬਸਾਈਟ ਅਤੇ ਸੋਸ਼ਲ ਮੀਡੀਆ ਮੰਚ ਆਪਣੀ ਮਰਜ਼ੀ ਨਾਲ ਗੁਰਬਾਣੀ ਦਾ ਪ੍ਰਸਾਰਨ ਨਹੀਂ ਕਰ ਸਕੇਗਾ। ਉਨ੍ਹਾਂ ਦੱਸਿਆ ਕਿ ਸ਼੍ਰੋਮਣੀ ਕਮੇਟੀ ਵੱਲੋਂ ਗੁਰਬਾਣੀ ਪ੍ਰਸਾਰਨ ਲਈ ਬਣਾਏ ਜਾਣ ਵਾਲੇ ਵੈੱਬ/ਯੂਟਿਊਬ ਚੈਨਲ ਦਾ ਨਾਂ 'ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਸ੍ਰੀ ਅੰਮ੍ਰਿਤਸਰ' ਹੋਵੇਗਾ ਅਤੇ ਇਸ 'ਤੇ ਸ਼੍ਰੋਮਣੀ ਕਮੇਟੀ ਦਾ ਲੋਗੋ ਲਗਾਇਆ ਜਾਵੇਗਾ। ਉਨ੍ਹਾਂ ਦੱਸਿਆ ਕਿ ਸ਼੍ਰੋਮਣੀ ਕਮੇਟੀ ਵੱਲੋਂ ਛੇਤੀ ਹੀ ਆਪਣਾ ਨਿੱਜੀ ਸੈਟੇਲਾਈਟ ਚੈਨਲ ਸ਼ੁਰੂ ਕੀਤਾ ਜਾਵੇਗਾ। ਇਸ ਸਬੰਧੀ ਸ਼੍ਰੋਮਣੀ ਕਮੇਟੀ ਦਾ ਇੱਕ ਵਫ਼ਦ ਕੇਂਦਰੀ ਸੂਚਨਾ ਤੇ ਪ੍ਰਸਾਰਨ ਮੰਤਰਾਲੇ ਨੂੰ ਮਿਲੇਗਾ। ਸ਼੍ਰੋਮਣੀ ਕਮੇਟੀ ਨੇ ਇਸ ਸਬੰਧੀ ਇੱਕ ਸਬ-ਕਮੇਟੀ ਗਠਿਤ ਕੀਤੀ ਹੈ ਜਿਸ ਵਿੱਚ ਪਹਿਲਾਂ ਵਾਲੀ ਸਬ-ਕਮੇਟੀ ਦੇ ਮੈਂਬਰ ਵੀ ਹਨ ਅਤੇ ਕੁਝ ਮਾਹਿਰਾਂ ਨੂੰ ਸ਼ਾਮਲ ਕੀਤਾ ਜਾਵੇਗਾ। ਉਨ੍ਹਾਂ ਦੱਸਿਆ ਕਿ ਇਹ ਕਾਰਜ ਤਕਨੀਕੀ ਹੋਣ ਕਾਰਨ ਕਈ ਪੱਖ ਵਿਚਾਰੇ ਗਏ ਹਨ ਅਤੇ ਸਬ-ਕਮੇਟੀ ਨੇ ਫਿਲਹਾਲ ਇੱਕ ਕੰਪਨੀ ਰਾਹੀਂ ਮਹੀਨਾਵਾਰ ਖਰਚੇ 'ਤੇ ਸੇਵਾਵਾਂ ਲੈਣ ਦੀ ਸਿਫਾਰਸ਼ ਕੀਤੀ ਹੈ, ਜਿਸ ਨੂੰ ਅੰਤ੍ਰਿੰਗ ਕਮੇਟੀ ਨੇ ਪ੍ਰਵਾਨ ਕੀਤਾ ਹੈ। ਉਨ੍ਹਾਂ ਸਪੱਸ਼ਟ ਕੀਤਾ ਕਿ ਕੰਪਨੀ ਦੀਆਂ ਲਈਆਂ ਜਾਣ ਵਾਲੀਆਂ ਇਹ ਸੇਵਾਵਾਂ ਤਕਨੀਕੀ, ਲੋੜੀਂਦੇ ਸਾਮਾਨ ਅਤੇ ਸਟਾਫ਼ ਨਾਲ ਸਬੰਧਤ ਹਨ, ਜਦਕਿ ਪ੍ਰਸਾਰਨ ਦੇ ਹੱਕ-ਹਕੂਕ ਸ਼੍ਰੋਮਣੀ ਕਮੇਟੀ ਕੋਲ ਹੀ ਸੁਰੱਖਿਅਤ ਰਹਿਣਗੇ। ਇਸ ਤੋਂ ਪਹਿਲਾਂ ਇਸ ਸਬੰਧੀ ਗਠਿਤ ਕੀਤੀ ਗਈ ਸਬ-ਕਮੇਟੀ ਦੀ ਰਿਪੋਰਟ ਅੰਤ੍ਰਿੰਗ ਕਮੇਟੀ ਦੇ ਵਿਸ਼ੇਸ਼ ਇਕੱਤਰਤਾ ਵਿਚ ਪੇਸ਼ ਹੋਈ, ਜਿਸ ਨੂੰ ਹਾਜ਼ਰ ਮੈਂਬਰਾਂ ਨੇ ਸਰਬਸੰਮਤੀ ਨਾਲ ਪ੍ਰਵਾਨ ਕਰ ਲਿਆ।

### ਜਥੇਦਾਰ ਗਿਆਨੀ ਰਘਬੀਰ ਸਿੰਘ ਵੱਲੋਂ ਫ਼ੈਸਲੇ ਦੀ ਸ਼ਲਾਘਾ



ਅੰਤ੍ਰਿੰਗ ਕਮੇਟੀ ਦੀ ਮੀਟਿੰਗ ਮਗਰੋਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੀ ਅਗਵਾਈ ਵਿੱਚ ਸਮੂਹ ਅੰਤ੍ਰਿੰਗ ਕਮੇਟੀ ਅਹੁਦੇਦਾਰਾਂ ਅਤੇ ਮੈਂਬਰਾਂ ਦੇ ਵਫ਼ਦ ਨੇ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨਾਲ ਮੁਲਾਕਾਤ ਕੀਤੀ ਅਤੇ ਉਨ੍ਹਾਂ ਨੂੰ ਇੱਕ ਪੱਤਰ ਸੌਂਪ ਕੇ ਸ਼੍ਰੋਮਣੀ ਕਮੇਟੀ ਦੇ ਆਪਣੇ ਯੂਟਿਊਬ ਚੈਨਲ 'ਤੇ ਗੁਰਬਾਣੀ ਪ੍ਰਸਾਰਨ ਕਰਨ ਸਬੰਧੀ ਲਏ ਗਏ ਫੈਸਲੇ ਬਾਰੇ ਜਾਣਕਾਰੀ ਦਿੱਤੀ। ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਇੱਕ ਵੱਖਰੇ ਬਿਆਨ ਰਾਹੀਂ ਸ਼੍ਰੋਮਣੀ ਕਮੇਟੀ ਦੇ ਫ਼ੈਸਲੇ ਦੀ ਸ਼ਲਾਘਾ ਕੀਤੀ ਹੈ ਅਤੇ ਕਿਹਾ ਕਿ ਸਿੱਖ ਸੰਸਥਾ ਦਾ ਆਪਣਾ ਵੱਖਰਾ ਨਿੱਜੀ ਚੈਨਲ ਹੋਣਾ ਚਾਹੀਦਾ ਹੈ, ਜਿਸ ਰਾਹੀਂ ਸਿੱਖ ਧਰਮ ਦਾ ਪ੍ਰਚਾਰ ਤੇ ਪਾਸਾਰ ਕੀਤਾ ਜਾ ਸਕੇ ਅਤੇ ਗੁਰਬਾਣੀ ਦਾ ਸੰਦੇਸ਼ ਘਰ ਘਰ ਤੱਕ ਪੁੱਜਦਾ ਕੀਤਾ ਜਾ ਸਕੇ।

# ਯੂ.ਸੀ.ਸੀ. ਬਿੱਲ 'ਚ ਆਦਿਵਾਸੀਆਂ ਵਾਂਗ ਸਿੱਖਾਂ ਨੂੰ ਵੀ ਰਖਿਆ ਜਾਵੇ ਬਾਹਰ: ਸਰਨਾ






ਨਵੀਂ ਦਿੱਲੀ/ਮਨਪ੍ਰੀਤ ਸਿੰਘ ਖਾਲਸਾ: ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਸ੍ਰ. ਪਰਮਜੀਤ ਸਿੰਘ ਸਰਨਾ ਨੇ ਕਿਹਾ ਹੈ ਕਿ ਯੂਸੀਸੀ ਬਿੱਲ ਵਿੱਚ ਆਦਿਵਾਸੀਆਂ ਵਾਂਗ ਸਿੱਖਾਂ ਨੂੰ ਬਾਹਰ ਰਖਿਆ ਜਾਵੇ। ਇਥੇ ਜਾਰੀ ਇੱਕ ਬਿਆਨ ਵਿੱਚ ਸ੍ਰ. ਸਰਨਾ ਨੇ ਕਿਹਾ ਕਿ ਯੂਸੀਸੀ ਦੇ ਮਸਲੇ 'ਤੇ ਆਦਿਵਾਸੀਆਂ ਤੇ ਸਿੱਖਾਂ ਦੇ ਆਨੰਦ ਮੈਰਿਜ ਐਕਟ ਬਾਰੇ ਸਲਾਹ ਲਈ ਕੇਂਦਰ ਸਰਕਾਰ ਵੱਲੋਂ ਕੈਬਨਿਟ ਮੰਤਰੀਆਂ ਦੀ ਕਮੇਟੀ ਬਣਾਈ ਗਈ ਹੈ, ਇਹ ਕਮੇਟੀ ਬਣਾਉਣ ਦਾ ਫੈਸਲਾ ਦੱਸਦਾ ਹੈ ਕਿ ਸਿੱਖ ਕੌਮ ਦੇ ਤੌਖਲਿਆਂ ਬਾਰੇ ਸਰਕਾਰ ਅਣਜਾਣ ਨਹੀਂ ਹੈ ਪਰ ਕੇਂਦਰ ਸਰਕਾਰ ਨੂੰ ਇਹ ਸਮਝਣਾ ਚਾਹੀਦਾ ਹੈ ਕਿ ਸਿੱਖਾਂ ਦਾ ਸਿਰਫ ਆਨੰਦ ਮੈਰਿਜ ਐਕਟ ਹੀ ਵੱਖਰਾ ਨਹੀਂ ਸਗੋਂ ਸਿੱਖ ਹਰ ਪੱਖ ਤੋਂ ਵਿਲੱਖਣ ਹਨ ਤੇ ਉਹਨਾਂ ਦੀ ਅੱਡਰੀ ਹਸਤੀ ਹੈ ਤੇ ਸਿੱਖ ਇਕ ਵੱਖਰੀ ਕੌਮ ਹੈ। ਉਹਨਾਂ ਕਿਹਾ ਕਿ ਸਿੱਖ ਕੌਮ ਦੀਆਂ ਪਰੰਪਰਾਵਾਂ, ਰਸਮਾਂ, ਤਿਉਹਾਰ, ਰਵਾਇਤਾਂ ਆਦਿ ਸਭ ਕੁਝ ਵੱਖਰਾ ਹੈ। ਇਸ ਲਈ ਸਿਰਫ ਯੂਸੀਸੀ ਦਾ ਸਿੱਖਾਂ ਵੱਲੋਂ ਵਿਰੋਧ ਮਹਿਜ਼ ਇੱਕ ਵੱਖਰੇ ਆਨੰਦ ਮੈਰਿਜ ਐਕਟ ਤੱਕ ਸੀਮਤ ਨਹੀ। ਉਹਨਾਂ ਕਿਹਾ ਕਿ ਸਿੱਖ ਸਮੁੱਚੇ ਤੌਰ 'ਤੇ ਆਪਣਾ ਇੱਕ ਵੱਖਰਾ ਸੱਭਿਆਚਾਰ ਰੱਖਦੇ ਹਨ। ਇਸ ਲਈ ਜਿਵੇਂ ਭਾਰਤ ਸਰਕਾਰ ਆਦਿਵਾਸੀਆਂ ਨੂੰ ਇਸ ਪ੍ਰਸਤਾਵਿਤ ਬਿੱਲ 'ਚੋਂ ਬਾਹਰ ਰੱਖਣ ਬਾਰੇ ਵਿਚਾਰ ਕਰ ਰਹੀ ਹੈ। ਇਸੇ ਤਰ੍ਹਾਂ ਸਿੱਖ ਕੌਮ ਨੂੰ ਇਹ ਬਿੱਲ ਤੋਂ ਬਾਹਰ ਰੱਖਿਆ ਜਾਣਾ ਚਾਹੀਦਾ ਹੈ ਕਿਉਂਕਿ ਸਿੱਖ ਹਰ ਪੱਖ ਤੋਂ ਆਪਣੀ ਵੱਖਰੀ ਹਸਤੀ ਰੱਖਦੇ ਹਨ । ਉਹਨਾਂ ਕਿਹਾ ਕਿ ਦੂਸਰਾ ਤੱਥ ਇਹ ਹੈ ਕਿ ਸਿੱਖਾਂ ਸੰਬੰਧੀ ਕੋਈ ਵੀ ਫੈਸਲਾ ਲੈਣ ਤੋਂ ਪਹਿਲਾਂ ਕੇਂਦਰ ਸਰਕਾਰ ਨੂੰ ਸਿੱਖਾਂ ਦੀ ਪਾਰਲੀਮੈਂਟ ਮੰਨੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਨੁਮਾਇੰਦਾ ਸਿਆਸੀ ਜਮਾਤ ਸ਼੍ਰੋਮਣੀ ਅਕਾਲੀ ਦਲ ਤੇ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਸਮਰਪਿਤ ਆਗੂਆਂ ਨਾਲ ਰਾਇ ਮਸ਼ਵਰਾਂ ਜ਼ਰੂਰ ਕਰਨਾ ਚਾਹੀਦਾ ਹੈ ਕਿਉਂਕਿ ਸਿੱਖਾਂ ਦੇ ਰਾਇ ਮਸ਼ਵਰੇ ਤੇ ਪ੍ਰਵਾਨਗੀ ਤੋਂ ਬਿਨਾ ਲਿਆ ਗਿਆ ਕੋਈ ਵੀ ਫੈਸਲਾ ਨਾ ਤਾਂ ਨੈਤਿਕ ਤੌਰ 'ਤੇ ਸਹੀ ਰਹੇਗਾ ਤੇ ਨਾ ਹੀ ਸਿੱਖ ਕੌਮ ਇਸਨੂੰ ਮੰਨੇਗੀ ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

# ਸੰਪਾਦਕੀ

19 ਜੁਲਾਈ ਤੋਂ 25 ਜੁਲਾਈ, 2023

## ਗੁਰਾਂ ਦੇ ਨਾਂ ਤੇ ਵਸਦਾ ਪੰਜਾਬ

ਗੁਰੂ ਪਾਤਸ਼ਾਹ ਨੇ ਜੋ ਸਾਡੇ ’ਤੇ ਫਰਜ਼ ਆਇਦ ਕੀਤਾ, ਉਹ ਸਰਬੱਤ ਦੇ ਭਲੇ ਦਾ ਹੈ। ਇਹ ਫਰਜ਼ ਹੀ ਸਾਡੀ ਵਿਰਾਸਤ ਹੈ ਅਤੇ ਇਸ ਲਈ ਅਕਸਰ ਪੰਜਾਬ ਦੇ ਜਾਏ ਸੰਘਰਸ਼ ’ਚ ਰਹਿੰਦੇ ਹਨ। ਸੰਘਰਸ਼ਾਂ ਜਾਂ ਜੰਗਾਂ ਯੁੱਧਾਂ ਵਿੱਚੋਂ ਅਸਲ ਸਫਲਤਾ ਸਿਰਫ਼ ਦਿਸਦੀਆਂ ਜਿੱਤਾਂ ਹਾਰਾਂ ਜਾਂ ਪ੍ਰਾਪਤੀਆਂ ਨਹੀਂ ਹੁੰਦੀਆਂ ਸਗੋਂ ਬਹੁਤ ਕੁਝ ਅਣਦਿਸਦਾ ਵੀ ਹੁੰਦਾ ਹੈ, ਓਹੀ ਅਸਲ ਵਿਰਾਸਤ ਹੁੰਦੀ ਹੈ ਜੋ ਅਗਲੀਆਂ ਪੀੜ੍ਹੀਆਂ ਤੱਕ ਆਪਣਾ ਸਫ਼ਰ ਜਾਰੀ ਰੱਖਦੀ ਹੈ। ਇਸ ਵਿਰਾਸਤ ਨੂੰ ਕਮਾਉਣ ਅਤੇ ਸਾਂਭਣ ਲਈ ਬਹੁਤ ਸਿਦਕ, ਸਹਿਜ ਅਤੇ ਤਿਆਗ ਦੀ ਲੋੜ ਪੈਂਦੀ ਹੈ। ਇਹ ਵਿਰਾਸਤ ਗੁਰੂ ਵੱਲ ਮੂੰਹ ਕਰਕੇ, ਗੁਰੂ ਨੂੰ ਅਰਦਾਸ ਕਰਕੇ, ਸੇਵਾ ਬੰਦਗੀ ਨਾਲ ਗੁਰੂ ਦੀ ਮਿਹਰ ਸਦਕਾ ਹੀ ਕਮਾਈ ਜਾ ਸਕਦੀ ਹੈ। ਪੰਜਾਬ ਦੀ ਧਰਤ ਨੂੰ ਅਜਿਹੇ ਮਨੁੱਖ ਵੱਡੀ ਗਿਣਤੀ ਵਿੱਚ ਨਸੀਬ ਹੋਏ ਜਿੰਨਾਂ ਨੇ ਇਸ ਵਿਰਾਸਤ ਨੂੰ ਕਮਾਇਆ ਅਤੇ ਸਾਂਭਿਆ। ਪੰਜਾਬ ਬਾਬਤ ਪ੍ਰੋ. ਪੂਰਨ ਸਿੰਘ ਬੜੀ ਡੂੰਘੀ ਗੱਲ ਕਹਿੰਦੇ ਹਨ ਕਿ ਪੰਜਾਬ ਵਸਦਾ ਗੁਰਾਂ ਦੇ ਨਾਂ ਤੇ। ਬਿਪਤਾ ਦੇ ਸਮੇਂ ਇਸ ਗੱਲ ਦੇ ਬਹੁਤ ਸੌਖਾਲੇ ਅਤੇ ਪ੍ਰਤੱਖ ਦਰਸ਼ਨ ਹੋ ਜਾਂਦੇ ਹਨ।

ਵਿਰਲੇ ਮਨੁੱਖ ਸਰਬੱਤ ਦੇ ਭਲੇ ਦੇ ਪਾਂਧੀ ਹੁੰਦੇ ਹਨ, ਜਿਨ੍ਹਾਂ ਦੇ ਘਰ ਅੱਜ ਵੀ ਘੋੜਿਆਂ ਦੀਆਂ ਕਾਠੀਆਂ ’ਤੇ ਹੀ ਹੁੰਦੇ ਨੇ ਅਤੇ ਦਿਨ ਰਾਤ ਸਰਬੱਤ ਦੇ ਭਲੇ ਲਈ ਯਤਨਸ਼ੀਲ ਰਹਿੰਦੇ ਹਨ, ਓਹੀ ਪੰਜਾਬ ਦੀ ਅਸਲ ਵਿਰਾਸਤ ਨੂੰ ਸਾਂਭਦੇ ਹਨ। ਇਹ ਵੀ ਹਕੀਕਤ ਹੈ ਕਿ ਪੰਜਾਬ ਦੇ ਬੜੇ ਬਸ਼ਿੰਦੇ ਪਦਾਰਥੀ ਸੁਖ ਦੇ ਰਸਤੇ ਪੈ ਗਏ ਹਨ, ਉਹ ਭਾਵੇਂ ਸਿਆਸੀ ਦੌੜ ਹੋਵੇ ਜੋ ਪੰਜਾਬ ਦੀ ਸੂਬੇਦਾਰੀ ਤੇ ਆ ਕੇ ਮੁੱਕ ਜਾਂਦੀ ਹੈ ਭਾਵੇਂ ਕੋਈ ਹੋਰ ਸਿੱਧਾ-ਅਸਿੱਧਾ ਰਸਤਾ ਪਰ ਜਿਹੜਾ ਪੰਜਾਬ ਗੁਰੂਆਂ ਦੇ ਨਾਮ ਤੇ ਵਸਦਾ ਹੈ ਓਹਦੀ ਵਿਰਾਸਤ ਵਿੱਚ ਪਦਾਰਥੀ ਸੁਖ ਕਦੇ ਵੀ ਨਹੀਂ ਹੋ ਸਕਦਾ, ਇਸ ਤੋਂ ਪਾਰ ਦੀ ਬਿਰਤੀ ਹੀ ਪੰਜਾਬ ਦੀ ਵਿਰਾਸਤ ਹੈ। ਜਿਥੇ ਆਪਣਾ ਬਹੁਤ ਕੁਝ ਹੋ ਕੇ ਵੀ ਸਿਰਫ਼ ਆਪਣਾ ਨਹੀਂ ਹੈ, ਇਹ ਸਭ ਦਾ ਹੈ ਸਰਬੱਤ ਦਾ ਹੈ। ਜਿਥੇ ਕੋਈ ਲੋੜਵੰਦ ਹੈ ਉਥੇ ਆਪਣਾ ਕੁਝ ਵੀ ਨਹੀਂ ਸਭ ਉਸ ਦਾ ਹੈ। ਇਹਨਾਂ ਗੱਲਾਂ ਦੇ ਦਰਸ਼ਨ ਲੋਕਾਂ ਨੇ ਹਰ ਮੁਸ਼ਕਲ ਸਮੇਂ ਵੇਖੇ ਹਨ ਭਾਵੇਂ ਕਰੋਨਾ ਹੋਵੇ, ਭਾਵੇਂ ਕਿਸਾਨੀ ਮੋਰਚਾ ਹੋਵੇ ਤੇ ਭਾਵੇਂ ਹੜ੍ਹਾਂ ਦੇ ਹਲਾਤ ਹੋਣ।

ਸਮੱਸਿਆਵਾਂ ਅਤੇ ਆਫਤਾਂ ਹਰ ਖਿੱਤੇ ਦੇ ਹਿੱਸੇ ਆਉਂਦੀਆਂ ਹਨ। ਖਾਸ ਗੱਲ ਇਹ ਹੈ ਕਿ ਉੱਥੋਂ ਦੇ ਲੋਕ ਇਹਨਾਂ ਨਾਲ ਕਿਵੇਂ ਜੂਝਦੇ ਹਨ ਅਤੇ ਕਿਵੇਂ ਇਹਦੇ ਅਸਰਾਂ ’ਚੋਂ ਬਾਹਰ ਆਉਂਦੇ ਹਨ। ਪੰਜਾਬ ਨੂੰ ਦਰਪੇਸ਼ ਚੁਣੌਤੀਆਂ ਦੀ ਤਾਦਾਦ ਬਹੁਤ ਜ਼ਿਆਦਾ ਹੈ, ਲੰਘੇ ਸਮੇਂ ਦੀਆਂ ਵੀ ਅਨੇਕਾਂ ਹੀ ਉਦਾਹਰਣਾਂ ਹਨ ਪਰ ਮੌਜੂਦਾ ਸਮੇਂ ਵਿਚ ਮਾਰੂ ਆਫ਼ਤ ਦੇ ਰੂਪ ’ਚ ਹੜ੍ਹਾਂ ਦੀ ਕਰੋਪੀ ਆਈ ਹੈ ਜਿਸ ਨਾਲ ਹੋਈ ਤਬਾਹੀ ਦੀਆਂ ਤਸਵੀਰਾਂ ਅਸੀਂ ਸੋਸ਼ਲ ਮੀਡੀਆ ’ਤੇ ਲਗਾਤਾਰ ਵੇਖ ਰਹੇ ਹਾਂ। ਹਰ ਰੋਜ਼ ਖ਼ਬਰਾਂ ਛਪ ਰਹੀਆਂ ਹਨ, ਚਰਚਾਵਾਂ ਚੱਲ ਰਹੀਆਂ ਹਨ, ਪੰਜਾਬ ਦੇ ਲੋਕਾਂ ਦੀ ਸਮੱਸਿਆਵਾਂ ਨਾਲ ਜੂਝਣ ਦੀ ਸਮਰੱਥਾ ਦੇ ਦਰਸ਼ਨ ਵੀ ਕੁਲ ਲੁਕਾਈ ਕਰ ਰਹੀ ਹੈ। ਗੱਲ ਬਿਲਕੁਲ ਸਾਫ਼ ਹੈ ਲੋਕਾਈ ਨੇ ਸਮੂਹਿਕ ਰੂਪ ਵਿਚ ਗੁਰੂ ਨਾਨਕ ਸਾਹਿਬ ਦੇ ਸਿਧਾਂਤਾਂ ਉਪਰ ਚਲਦਿਆਂ ਹੜ੍ਹ ਪੀੜਤਾਂ ਦੀ ਬਾਂਹ ਫੜੀ, ਇੱਥੋਂ ਤੱਕ ਕਿ 300 ਫੁੱਟ ਦੇ ਕਰੀਬ ਬੰਨ੍ਹ ਪੂਰ ਲਿਆ ਗਿਆ। ਇਹ ਹਰ ਵਾਰ ਦੀ ਤਰ੍ਹਾਂ ਪੰਜਾਬੀਆਂ ਦੀ ਚੜ੍ਹਦੀਕਲਾ ਦਾ ਪ੍ਰਤੀਕ ਹੈ। ਕੁਦਰਤੀ ਅਤੇ ਆਪ ਬੁਲਾਈ ਆਫ਼ਤ ਦੀ ਮਿਲਵੀਂ ਤਬਾਹੀ ਵਿਚ ਸਰਕਾਰ ਦੀ ਨਾਕਾਮੀ ਵੀ ਕਿਸੇ ਤੋਂ ਗੁੱਝੀ ਨਹੀਂ ਰਹੀ। ਸਰਕਾਰ ਵੱਲੋਂ ਨਾ ਇਸ ਕੁਦਰਤੀ ਆਫਤ ਤੋਂ ਪਹਿਲਾਂ ਲੋੜੀਂਦੇ ਪ੍ਰਬੰਧ ਕੀਤੇ ਗਏ ਸਨ ਅਤੇ ਨਾ ਹੀ ਇਸ ਔਖੇ ਵੇਲੇ ਉਹਨਾਂ ਨੇ ਆਪਣਾ ਫਰਜ਼ ਚੰਗੀ ਤਰ੍ਹਾਂ ਨਿਭਾਇਆ। ਇਸ ਤੋਂ ਵੀ ਮਹੱਤਵਪੂਰਨ ਗੱਲ ਹੈ ਕਿ ਪੰਜਾਬ ਨੇ ਇਸ ਔਖੇ ਵੇਲੇ ਸਰਕਾਰ ਵੱਲ ਵੇਖਣ ਦੀ ਬਜਾਏ, ਸਰਕਾਰ ਨੂੰ ਮਿੰਨਤ ਕਰਨ ਦੀ ਬਜਾਏ ਆਪ ਕਮਰਕੱਸੇ ਕੀਤੇ ਅਤੇ ਇਕੱਠੇ ਹੋ ਕੇ ਜੂਝੇ। ਪੰਜਾਬੀ ਸਿਰ ’ਤੇ ਚੜ੍ਹ ਕੇ ਆਈ ਮੁਸੀਬਤ ਨੂੰ ਠੱਲ੍ਹਣ ਲਈ ਹਕੂਮਤਾਂ ਦਾ ਮੁਥਾਜ ਨਹੀਂ ਰਿਹਾ। ਜਿੱਥੇ ਹੜ੍ਹਾਂ ਨਾਲ ਜੂਝ ਰਹੇ ਇਲਾਕਿਆਂ ਵਿੱਚ ਰਸਦਾਂ ਦੀ ਕਮੀ ਆਈ ਉੱਥੇ ਪੰਜਾਬ ਦੇ ਜਾਇਆਂ ਨੇ ਰਸਦਾਂ ਦੇ ਹੜ੍ਹ ਲਿਆ ਦਿੱਤੇ। ਮੁਸੀਬਤ ‘ਚ ਘਿਰੇ ਲੋਕਾਂ ਨੂੰ ਕਹਿਣਾ ਪਿਆ ਕਿ ਇੱਥੇ ਹੁਣ ਹੋਰ ਰਸਦਾਂ ਦੀ ਲੋੜ ਨਹੀਂ। ਇਹ ਪੰਜਾਬ ਦੀ ਖ਼ੂਬਸੂਰਤੀ ਹੈ, ਔਖੇ ਵੇਲੇ ਇਹ ਆਪਣੀ ਅਸਲ ਤਾਸੀਰ ਦੇ ਦਰਸ਼ਨ ਕਰਵਾਉਂਦਾ ਹੈ। ਕਿਸੇ ਨੇ ਇਸ ਬਾਬਤ ਲਿਖਿਆ ਸੀ ਕਿ ਮੁਸੀਬਤ ਵਿੱਚ ਪੰਜਾਬ ਮਾਂ ਦੀ ਬੁੱਕਲ ਬਣ ਜਾਂਦਾ ਹੈ। ਇਹ ਗੱਲ ਆਪਣੇ ਆਪ ਜੀ ਪੰਜਾਬ ਦੀ ਹਰ ਪੱਖ ਤੋਂ ਵਿਆਖਿਆ ਕਰਦੀ ਹੈ।

ਪੰਜਾਬ ਦੀ ਅਸਲ ਵਿਰਾਸਤ ਨੂੰ ਕਮਾਉਣਾ ਵੀ ਇੱਕ ਕਠਿਨ ਤਪੱਸਿਆ ਹੈ, ਜੋ ਫਿਰ ਪੀੜ੍ਹੀ ਦਰ ਪੀੜ੍ਹੀ ਹਰ ਮੁਸ਼ਕਲ ਸਮੇਂ ਨਾਲ ਰਹਿੰਦੀ ਹੈ। ਵਿਰਾਸਤ ਨੂੰ ਉੱਚੀ ਉੱਚੀ ਕੂਕ ਕੇ ਨਹੀਂ ਕਮਾਇਆ ਜਾ ਸਕਦਾ ਹੁੰਦਾ, ਵਿਰਾਸਤ ਨੂੰ ਚੰਗੀਆਂ ਗੱਲਾਂ ਕਰਕੇ ਵੀ ਨਹੀਂ ਕਮਾਇਆ ਜਾ ਸਕਦਾ ਹੁੰਦਾ, ਵਿਰਾਸਤ ਨੂੰ ਸੰਘਰਸ਼ ਚ ਸਿਰਫ਼ ਹਾਜ਼ਰੀ ਲਵਾਉਣ ਨਾਲ ਵੀ ਨਹੀਂ ਕਮਾਇਆ ਜਾ ਸਕਦਾ ਹੁੰਦਾ, ਵਿਰਾਸਤ ਨੂੰ ਰੀਸ/ਨਕਲ ਨਾਲ ਵੀ ਨਹੀਂ ਕਮਾਇਆ ਜਾ ਸਕਦਾ, ਵਿਰਾਸਤ ਨੂੰ ਕਮਾਉਣ ਲਈ ਇਹ ਸਾਰੇ ਹਿਸਾਬ ਕਿਤਾਬ ਮੇਟਨੇ ਪੈਂਦੇ ਹਨ ਜੋ ਕਈ ਵਾਰ ਮਨੁੱਖ ਨੇ ਆਪਣੀ ਉਮਰ ਦਾ ਵੱਡਾ ਹਿੱਸਾ ਗਾਲ਼ ਕੇ ਬਣਾਏ ਹੁੰਦੇ ਹਨ, ਵਿਰਾਸਤ ਨੂੰ ਕਮਾਉਣ ਲਈ ਜਿੱਤਾਂ ਹਾਰਾਂ ਦੇ ਪੈਮਾਨੇ ਬਦਲਣੇ ਪੈਂਦੇ ਹਨ, ਵਿਰਾਸਤ ਨੂੰ ਕਮਾਉਣ ਲਈ ਪਤਾ ਨਹੀਂ ਕਿੰਨਾ ਕੁਝ ਕਮਾਇਆ ਹੋਇਆ ਗਵਾਉਣਾ ਪੈਂਦਾ ਹੈ। ਦਿਮਾਗੀ ਜੋੜ-ਤੋੜ, ਦੇਖਾ-ਦੇਖੀ, ਰੌਲਾ-ਗੌਲਾ, ਛਲ-ਕਪਟ ਆਦਿ ਸਭ ਇੱਥੇ ਰਹਿ ਜਾਣੇ ਹਨ ਕਿਉਂਕਿ ਇਹ ਇਕੱਲਾ ਆਲੇ ਦੁਆਲੇ ਦੀ ਦੁਨੀਆਂ ਦਾ ਮਸਲਾ ਨਹੀਂ ਹੈ, ਇਹ ਸਭ ਲੇਖਾ ਦਰਗਾਹ ’ਚ ਵੀ ਜਾਣਾ ਹੈ।

**ਧੰਨਵਾਦ ,**
**ਸੰਪਾਦਕ, ਅੰਮ੍ਰਿਤਸਰ ਟਾਈਮਜ਼**

# ਹੜ੍ਹਾਂ ’ਤੇ ਵੀ ਸਿਆਸਤ ਕਰਨ ਲੱਗ ਪਏ ਸਿਆਸੀ ਆਗੂ



ਗੁਰਮੀਤ ਸਿੰਘ ਪਲਾਹੀ
9815802070




ਦੇਸ਼ ’ਚ ਹੜ੍ਹਾਂ ਨਾਲ ਮਰਨ ਵਾਲਿਆਂ ਦਾ ਅੰਕੜਾ ਵੇਖ-ਪੜ੍ਹਕੇ ਕਲੇਜਾ ਮੂੰਹ ਨੂੰ ਆਉਂਦਾ ਹੈ ਪਰ ਨੇਤਾ ਲੋਕ ਇੰਨੇ ਅਸੰਵੇਦਨਸ਼ੀਲ ਹੋ ਗਏ ਹਨ ਕਿ ਉਹਨਾਂ ਦਾ ਦਿਲ ਨਾ ਹੀ ਦਿਹਲਦਾ ਹੈ, ਨਾ ਹੀ ਪਸੀਜਦਾ ਹੈ। ਉਹ ਤਾਂ ਹੈਲੀਕਾਪਟਰ ’ਤੇ ਚੜ੍ਹਦੇ ਹਨ, ਦੌਰੇ ਕਰਦੇ ਹਨ, ਇਸ ਨਾਲ ਹੀ ਉਹ ਆਪਣੀ ਜ਼ਿੰਮੇਵਾਰੀ ਪੂਰੀ ਹੋ ਗਈ ਸਮਝਦੇ ਹਨ।

ਹਾਕਮਾਂ ਦੇ ਹੜ੍ਹਾਂ ਦਰਮਿਆਨ ਬਿਆਨ ਆਉਂਦੇ ਹਨ, ਵਿਰੋਧੀ ਧਿਰ ਦੇ ਨੇਤਾਵਾਂ ਦੇ ਬਿਆਨ ਵੀ ਚਮਕਦੇ ਹਨ। ਫਿਰ ਹੜ੍ਹ ਦਾ ਪਾਣੀ ਉਤਰ ਜਾਂਦਾ ਹੈ, ਬਿਆਨ ਵੀ ਮੱਧਮ ਹੋ ਜਾਂਦੇ ਹਨ। ਇਹਨਾਂ ਹੜ੍ਹਾਂ ਤੋਂ ਬਚਾਅ ਦਾ ਪੱਕਾ ਪ੍ਰਬੰਧ ਉਹਨਾਂ ਨੇ ਹੀ ਕਰਨਾ ਹੈ, ਉਹ ਇਹ ਭੁੱਲ ਹੀ ਜਾਂਦੇ ਹਨ। ਨੇਤਾ, ਲੋਕਾਂ ਨੂੰ ਰਾਹਤ ਦੇਣ ਦੀ ਥਾਂ, ਇੱਕ-ਦੂਜੇ ਨੂੰ ਦੋਸ਼ੀ ਠਹਿਰਾਅ ਕੇ, ਆਪਣੀ ਜਵਾਬਦੇਹੀ ਤੋਂ ਪੱਲਾ ਛੁਡਾ ਰਹੇ ਹਨ।

ਹੜ੍ਹਾਂ ਨਾਲ ਨੁਕਸਾਨ ਲਗਾਤਾਰ ਵੱਧ ਰਿਹਾ ਹੈ। ਇਸਦਾ ਵੱਡਾ ਕਾਰਨ ਇਹ ਹੈ ਕਿ ਡੁੱਬ ਰਹੇ ਖੇਤਰਾਂ ਵਿੱਚ ਪਿਛਲੇ ਕੁਝ ਵਰ੍ਹਿਆਂ ਦੌਰਾਨ ਆਰਥਿਕ ਗਤੀਵਿਧੀਆਂ ਬਹੁਤ ਵਧ ਗਈਆਂ ਹਨ ਅਤੇ ਨਵੀਆਂ, ਵੱਡੀਆਂ ਇਨਸਾਨੀ ਬਸਤੀਆਂ ਵਸ ਰਹੀਆਂ ਹਨ। ਇਸ ਨਾਲ ਨਦੀਆਂ ਦੇ ਡੁੱਬ ਰਹੇ ਖੇਤਰ ਵਿੱਚ ਆਉਣ ਵਾਲੇ ਲੋਕ ਦਾ ਹੜ੍ਹ ਦਾ ਸ਼ਿਕਾਰ ਹੋਣ ਦਾ ਖਦਸ਼ਾ ਸਾਲੋ-ਸਾਲ ਵਧਦਾ ਜਾ ਰਿਹਾ ਹੈ। ਜੇਕਰ ਨਦੀਆਂ ਦੇ ਕੁਦਰਤੀ ਵਹਾਅ ਦੇ ਰਸਤੇ ਬਨਾਉਣਾ ਜਾਂ ਸੁਰੱਖਿਅਤ ਕਰਨਾ ਸਰਕਾਰਾਂ ਦੇ ਅਜੰਡੇ ’ਤੇ ਹੁੰਦਾ ਤਾਂ ਹੜ੍ਹ ਨੂੰ ਰੋਕਿਆ ਜਾਂ ਘਟਾਇਆ ਜਾ ਸਕਦਾ ਹੁੰਦਾ।

ਹੜ੍ਹ ਤਦ ਆਉਂਦੇ ਹਨ, ਜਦ ਪਾਣੀ ਸਮੁੰਦਰਾਂ, ਮਹਾਂਸਾਗਰਾਂ, ਤਲਾਬਾਂ, ਝੀਲਾਂ, ਨਹਿਰਾਂ ਜਾਂ ਨਦੀਆਂ ਸਮੇਤ ਸਾਰੇ ਜਲ ਸਰੋਤਾਂ ਤੋਂ ਉਵਰ ਫਲੋ ਹੋ ਜਾਂਦਾ ਹੈ, ਜਿਸ ਨਾਲ ਸੁੱਕੀ ਜ਼ਮੀਨ ਜਲਮਗਨ ਹੋ ਜਾਂਦੀ ਹੈ। ਹੜ੍ਹ ਖਾਸ ਤੌਰ ’ਤੇ ਭਾਰਤ ਵਿੱਚ ਸਭਾ ਤੋਂ ਆਮ ਅਤੇ ਗੰਭੀਰ ਕੁਦਰਤੀ ਮੌਸਮੀ ਘਟਨਾ ਹੈ, ਜਿਸ ਨਾਲ ਜੀਵਨ, ਜਾਇਦਾਦ ਅਤੇ ਅਜੀਵਕਾ ਦਾ ਭਾਰੀ ਨੁਕਸਾਨ ਹੁੰਦਾ ਹੈ।

ਉਤਰਾਖੰਡ ’ਚ ਇਸ ਵਰ੍ਹੇ ਮੀਂਹ ਅਤੇ ਹੜ੍ਹ ਨੇ ਤਬਾਹੀ ਮਚਾ ਰੱਖੀ ਹੈ। ਪਰਬਤ ਡਿੱਗ ਪਏ। ਮਕਾਨ ਜ਼ਮੀਨਦੋਜ਼ ਹੋ ਗਏ। ਜਾਨੀ-ਮਾਲੀ ਅੰਤਾਂ ਦਾ ਨੁਕਸਾਨ ਹੋਇਆ। ਪੰਜਾਬ, ਹਰਿਆਣਾ, ਦਿੱਲੀ ਦੇ ਲੋਕ ਹੜ੍ਹਾਂ ਕਾਰਨ ਪ੍ਰੇਸ਼ਾਨ ਹੋ ਚੁੱਕੇ ਹਨ। ਸੜਕਾਂ ਟੁੱਟ ਗਈਆਂ ਹਨ। ਫਸਲਾਂ ਤਬਾਹ ਹੋ ਗਈਆਂ ਹਨ। ਜਨ ਜੀਵਨ ਥੰਮ ਗਿਆ ਹੈ। ਲੋਕਾਂ ਕੋਲ ਖਾਣ ਲਈ ਭੋਜਨ ਨਹੀਂ, ਪੀਣ ਲਈ ਪਾਣੀ ਨਹੀਂ। ਪੰਜਾਬ ’ਚ ਇੱਕ ਸਰਕਾਰੀ ਜਾਣਕਾਰੀ ਅਨੁਸਾਰ 2.40 ਲੱਖ ਹੈਕਟੇਅਰ ਝੋਨੇ ਦਾ ਰਕਬਾ ਬਰਸਾਤ ਕਾਰਨ ਪੂਰੀ ਤਰ੍ਹਾਂ ਨੁਕਸਾਨਿਆ ਗਿਆ। 83000 ਹੈਕਟੇਅਰ ਝੋਨੇ ਦੀ ਫਸਲ ਤਬਾਹ ਹੋ ਗਈ ਹੈ। ਉਂਜ ਦੇਸ਼ ਵਿੱਚ ਵੀ ਰਾਸ਼ਟਰੀ ਹੜ੍ਹ ਕਮਿਸ਼ਨ ਦੇ ਅਨੁਸਾਰ ਭਾਰਤ ਵਿੱਚ ਚਾਰ ਕਰੋੜ ਹੈਕਟੇਅਰ ਧਰਤੀ ਨੂੰ ਹੜ੍ਹਾਂ ਨੇ ਪਲੇਟ ’ਚ ਲਿਆ ਹੈ।

> ਕੇਂਦਰ ਸਰਕਾਰ ਨੇ ਹੜ੍ਹਾਂ ਦੀ ਮਾਰ ਦੇ ਅੰਕੜੇ ਪ੍ਰਕਾਸ਼ਤ ਕੀਤੇ ਹਨ। ਜਿਸ ਅਨੁਸਾਰ ਦੇਸ਼ ਵਿੱਚ ਪਿਛਲੇ 64 ਸਾਲਾਂ ਵਿੱਚ ਇੱਕ ਲੱਖ ਤੋਂ ਜਿਆਦਾ ਲੋਕਾਂ ਦੀ ਹੜ੍ਹਾਂ ਕਾਰਨ ਮੌਤ ਹੋਈ। ਹਰ ਸਾਲ ਔਸਤਨ 1654 ਲੋਕਾਂ ਤੋਂ ਇਲਾਵਾ 92,763 ਪਸ਼ੂ ਮਾਰੇ ਗਏ। ਸੂਬਿਆਂ ਵਿੱਚ ਸਲਾਨਾ ਔਸਤਨ 1680 ਕਰੋੜ ਰੁਪਏ ਦੀਆਂ ਫਸਲਾਂ ਦਾ ਨੁਕਸਾਨ ਹੁੰਦਾ ਹੈ। 12.40 ਲੱਖ ਮਕਾਨ ਹਰ ਸਾਲ ਨੁਕਸਾਨੇ ਜਾਂਦੇ ਹਨ ਜਾਂ ਧਰਤੀ ’ਚ ਸਿਮਟ ਜਾਂਦੇ ਹਨ। ਇਹਨਾਂ 64 ਵਰ੍ਹਿਆਂ ’ਚ ਇੱਕ ਅਨੁਮਾਨ ਅਨੁਸਾਰ 2.02 ਲੱਖ ਕਰੋੜ ਦੀ ਜਾਇਦਾਦ ਅਤੇ 1.09 ਲੱਖ ਕਰੋੜ ਦੀਆਂ ਫਸਲਾਂ ਤਬਾਹ ਹੋਈਆਂ। ਇਥੇ ਹੀ ਬੱਸ ਨਹੀਂ 25.6 ਲੱਖ ਹੈਕਟੇਅਰ ਉਪਜਾਊ ਖੇਤ ਨਸ਼ਟ ਹੋ ਗਏ ਅਤੇ ਇਹਨਾ 64 ਸਾਲਾਂ ’ਚ ਕੁਲ ਮਿਲਾਕੇ 205.8 ਕਰੋੜ ਲੋਕ ਪ੍ਰਭਾਵਿਤ ਹੋਏ।

ਕੇਂਦਰ ਸਰਕਾਰ ਨੇ ਹੜ੍ਹਾਂ ਦੀ ਮਾਰ ਦੇ ਅੰਕੜੇ ਪ੍ਰਕਾਸ਼ਤ ਕੀਤੇ ਹਨ। ਜਿਸ ਅਨੁਸਾਰ ਦੇਸ਼ ਵਿੱਚ ਪਿਛਲੇ 64 ਸਾਲਾਂ ਵਿੱਚ ਇੱਕ ਲੱਖ ਤੋਂ ਜਿਆਦਾ ਲੋਕਾਂ ਦੀ ਹੜ੍ਹਾਂ ਕਾਰਨ ਮੌਤ ਹੋਈ। ਹਰ ਸਾਲ ਔਸਤਨ 1654 ਲੋਕਾਂ ਤੋਂ ਇਲਾਵਾ 92,763 ਪਸ਼ੂ ਮਾਰੇ ਗਏ। ਸੂਬਿਆਂ ਵਿੱਚ ਸਲਾਨਾ ਔਸਤਨ 1680 ਕਰੋੜ ਰੁਪਏ ਦੀਆਂ ਫਸਲਾਂ ਦਾ ਨੁਕਸਾਨ ਹੁੰਦਾ ਹੈ। 12.40 ਲੱਖ ਮਕਾਨ ਹਰ ਸਾਲ ਨੁਕਸਾਨੇ ਜਾਂਦੇ ਹਨ ਜਾਂ ਧਰਤੀ ’ਚ ਸਿਮਟ ਜਾਂਦੇ ਹਨ। ਇਹਨਾਂ 64 ਵਰ੍ਹਿਆਂ ’ਚ ਇੱਕ ਅਨੁਮਾਨ ਅਨੁਸਾਰ 2.02 ਲੱਖ ਕਰੋੜ ਦੀ ਜਾਇਦਾਦ ਅਤੇ 1.09 ਲੱਖ ਕਰੋੜ ਦੀਆਂ ਫਸਲਾਂ ਤਬਾਹ ਹੋਈਆਂ। ਇਥੇ ਹੀ ਬੱਸ ਨਹੀਂ 25.6 ਲੱਖ ਹੈਕਟੇਅਰ ਉਪਜਾਊ ਖੇਤ ਨਸ਼ਟ ਹੋ ਗਏ ਅਤੇ ਇਹਨਾ 64 ਸਾਲਾਂ ’ਚ ਕੁਲ ਮਿਲਾਕੇ 205.8 ਕਰੋੜ ਲੋਕ ਪ੍ਰਭਾਵਿਤ ਹੋਏ। ਅਰਥਾਤ ਦੇਸ਼ ਦੀ ਮੌਜੂਦਾ ਆਬਾਦੀ ਦੇ ਡੇਢ ਗੁਣਾ ਤੋਂ ਵੀ ਵਧ ਲੋਕ ਵਾਰ-ਵਾਰ ਹੜ੍ਹਾਂ ਦੀ ਮਾਰ ਹੇਠ ਆਏ। ਅਸਲ ਵਿੱਚ ਭਾਰਤ ਵਿੱਚ ਹੁਣ ਹੜ੍ਹ ਸਿਰਫ਼ ਕੁਦਰਤੀ ਆਫਤ ਹੀ ਨਹੀਂ ਰਹੇ ਸਗੋਂ ਮਾਨਵਤਾ ਆਫਤ ਬਣਦੇ ਜਾ ਰਹੇ ਹਨ। ਦੇਸ਼ ’ਚ ਅੰਧਾਧੁੰਦ ਜੰਗਲਾਂ ਦੀ ਕਟਾਈ, ਬੇਤਹਾਸ਼ਾ ਸ਼ਹਿਰੀਕਰਨ, ਨਦੀਆਂ ਦਾ ਪ੍ਰਵਾਹ ਰੋਕਣਾ ਤੀਬਰ ਹੜ੍ਹਾਂ ਦਾ ਕਾਰਨ ਬਣਦਾ ਜਾ ਰਿਹਾ ਹੈ। ਇਸ ਨਾਲ ਹੜ੍ਹਾਂ ਦੀ ਸਮੱਸਿਆ ਵਿਕਰਾਲ ਰੂਪ ਧਾਰਨ ਕਰ ਰਹੀ ਹੈ ਅਤੇ ਹਰ ਵਰ੍ਹੇ ਲਗਾਤਾਰ ਵਧ ਰਹੀ ਹੈ, ਕਿਉਂਕਿ ਇਸ ਵਾਧੇ ਨੂੰ ਰੋਕਣ ਲਈ ਯਤਨ ਹੀ ਨਹੀਂ ਹੋ ਰਹੇ।

ਵਿਸ਼ਵ ਬੈਂਕ ਦੀ ਇੱਕ ਰਿਪੋਰਟ ਅਨੁਸਾਰ ਦੁਨੀਆਂ ਭਰ ਵਿੱਚ ਹੜ੍ਹ ਨਾਲ ਸਬੰਧਤ ਜੋ ਮੌਤਾਂ ਹੁੰਦੀਆਂ ਹਨ ਉਹਨਾ ਵਿਚੋਂ 20 ਫੀਸਦੀ ਭਾਰਤ ’ਚ ਹੁੰਦੀਆਂ ਹਨ। ਭਾਰਤ ’ਚ ਕਲੱਕਤਾ, ਮੁੰਬਈ ਤੋਂ ਬਿਨ੍ਹਾਂ ਗੁਆਂਢੀ ਦੇਸ਼ਾਂ ਦੇ ਢਾਕਾ(ਬੰਗਾਲ), ਕਰਾਚੀ ( ਪਾਕਿਸਤਾਨ) ਵਿੱਚ ਲਗਭਗ ਪੰਜ ਕਰੋੜ ਲੋਕਾਂ ਨੂੰ ਹੜ੍ਹ ਦੀ ਗੰਭੀਰ ਪੀੜਾ ਸਹਿਣੀ ਪੈ ਸਕਦੀ ਹੈ। ਪੂਰੇ ਦੱਖਣੀ ਭਾਰਤ ਵਿੱਚ ਤਾਪਮਾਨ ਵਧ ਰਿਹਾ ਹੈ ਅਤ ਅਗਲੇ ਕੁਝ ਦਹਾਕਿਆਂ ’ਚ ਹੋਰ ਵੀ ਵਧੇਗਾ। ਜਿਸ ਨਾਲ ਦੇਸ਼ ਵਿੱਚ ਜਲਵਾਯੂ ਪਰਿਵਰਤਨ ਹੋਏਗਾ ਅਤੇ ਹੜ੍ਹਾਂ ਦਾ ਕਹਿਰ ਵਧੇਗਾ। ਹੜ੍ਹ ਆਏਗਾ ਤਾਂ ਪੀਣ ਵਾਲੇ ਪਾਣੀ ਦੀ ਮੰਗ ਵਧੇਗੀ। ਵਿਸ਼ਵ ਬੈਂਕ ਅਨੁਸਾਰ ਮੱਧ ਪ੍ਰਦੇਸ਼ ਹੜ੍ਹ ਦੀ ਗੰਭੀਰ ਮਾਰ ਹੇਠ ਹੋਵੇਗਾ।

ਦੇਸ਼ ਦੇ ਸੂਬੇ ਹਿਮਾਚਲ ਪ੍ਰਦੇਸ਼ ਦਾ ਵੱਡਾ ਭਾਗ ਸੁੰਦਰ ਹੈ, ਇਥੇ ਪਰਬਤ ਹਨ, ਝੀਲਾਂ ਹਨ। ਪਰ ਪਿਛਲੇ ਦਿਨੀਂ ਇਥੇ ਭਿਅੰਕਰ ਮੀਂਹ ਪਿਆ। ਸੂਬੇ ਦਾ ਅਤਿਅੰਤ ਨੁਕਸਾਨ ਤਾਂ ਹੋਇਆ ਹੀ, ਪਰ ਨਾਲ ਲਗਦੇ ਲਗਭਗ ਸੂਬਿਆਂ ਪੰਜਾਬ, ਹਰਿਆਣਾ ਦਾ ਹਾਲ ਵੀ ਇਸ ਮੀਂਹ ਦੇ ਪਾਣੀ ਨੇ ਬੁਰਾ ਹਾਲ ਕਰ ਦਿੱਤਾ। ਅਸਲ ’ਚ ਪਿਛਲੇ ਇੱਕ ਦਹਾਕੇ ਤੋਂ ਇਥੇ ਕੁਦਰਤੀ ਆਫ਼ਤਾਂ ਵਧ ਰਹੀਆਂ ਹਨ। ਬੱਦਲਾਂ ਦੇ ਫਟਣ ਦੀ ਘਟਨਾਵਾਂ ਸੁਨਣ ਨੂੰ ਮਿਲਦੀਆਂ ਹਨ, ਹੜ੍ਹਾਂ ਨਾਲ ਤਬਾਹੀ ਦੀ ਗੱਲ ਤਾਂ ਆਮ ਹੈ। ਅਸਲ ’ਚ ਅੱਜ ਸੂਬੇ ’ਚ ਪਹਾੜਾਂ ਨੂੰ ਕੁਝ ਕੁ ਜ਼ਰੂਰਤਾਂ ਪੂਰੀਆਂ ਕਰਨ ਲਈ ਬੇਰਹਿਮੀ ਨਾਲ ਕੁਰੇਦਿਆ ਜਾ ਰਿਹਾ ਹੈ। ਵੱਡੀ ਗਿਣਤੀ ਹਾਈਡਰੋ ਯੋਜਨਾਵਾਂ, ਚਾਰ ਮਾਰਗੀ ਸੜਕਾਂ ਦਾ ਨਿਰਮਾਣ ਅਤੇ ਹਰ ਪਿੰਡ ਸ਼ਹਿਰ ’ਚ ਪਹਾੜਾਂ ਨੂੰ ਚੀਰਨ ਦੀ ਪ੍ਰਕਿਰਿਆ ਜਾਰੀ ਹੈ। ਇਸ ਪ੍ਰਕਿਰਿਆ ਨੂੰ ਵਿਕਾਸ ਦਾ ਨਾਅ ਦਿੱਤਾ ਜਾ ਰਿਹਾ ਹੈ। ਪਰ ਇਸ ਨਾਲ ਪਹਾੜ ਜਰਜਰ ਹੋ ਜਾਂਦੇ ਹਨ। ਵਿਕਾਸ ਦੀ ਦੌੜ ਕਿਧਰੇ ਨਾ ਕਿਧਰੇ ਮਨੁੱਖੀ ਜੀਵਨ ਦੇ ਸਾਹਮਣੇ ਅਨੇਕਾਂ ਸਮੱਸਿਆਵਾਂ ਉਜਾਗਰ ਕਰ ਰਹੀ ਹੈ।

20ਵੀਂ ਅਤੇ 21ਵੀਂ ਸਦੀ ਦਾ ਭਾਰਤ ਦਾ ਹੜ੍ਹਾਂ ਦਾ ਇਤਿਹਾਸ ਦਿਲ ਚੀਰਵਾਂ ਹੈ। ਅਕਤੂਬਰ 1943 ’ਚ ਮਦਰਾਸ ’ਚ ਵੱਡਾ ਹੜ੍ਹ ਆਇਆ, ਇੰਨੇ ਲੋਕ ਬੇਘਰ ਹੋਏ ਕਿ ਗਿਣਤੀ ਹੀ ਨਾ ਹੋ ਸਕੀ। ਸਾਲ 1979 ’ਚ ਗੁਜਰਾਤ ਦੇ ਮੋਰਵੀ (ਰਾਜਕੋਟ ਜ਼ਿਲਾ) ’ਚ ਭਿਅੰਕਰ ਹੜ੍ਹ ਆਇਆ। ਲਗਭਗ 2500 ਜਾਨਾਂ ਗਈਆਂ। ਸਾਲ 1987 ’ਚ ਬਿਹਾਰ ਨੇ ਵੱਡਾ ਹੜ੍ਹ ਵੇਖਿਆ, ਜਿਸ ’ਚ ਲੋਕਾਂ ਦੀ 68 ਬੀਲੀਅਨ ਰੁਪਏ ਦੀ ਜਾਇਦਾਦ ਨੁਕਸਾਨੀ ਗਈ। ਸਾਲ 1988 ’ਚ ਪੰਜਾਬ ’ਚ ਐਡਾ ਵੱਡਾ ਹੜ੍ਹ ਆਇਆ ਕਿ ਪੰਜਾਬ ਦੇ ਸਾਰੇ ਦਰਿਆ ਉਛਲ ਗਏ, ਲੋਕਾਂ ਦਾ ਜਾਨੀ ਮਾਲੀ ਨੁਕਸਾਨ ਹੋਇਆ। ਜੂਨ 2013 ’ਚ ਉਤਰਾਖੰਡ ’ਚ ਹੜ੍ਹਾਂ ਨਾਲ 5700 ਤੋਂ ਵਧ ਲੋਕ ਮਾਰੇ ਗਏ ਅਤੇ ਜੂਨ 2015 ’ਚ ਗੁਜਰਾਤ ਨੇ ਅਤੇ 2016 ’ਚ ਅਸਾਮ ਨੇ, 2017 ’ਚ ਫਿਰ ਗੁਜਰਾਤ ਨੇ ਅਤੇ 2018-19 ’ਚ ਕੇਰਲਾ, 2020 ’ਚ ਅਸਾਮ, 2021 ’ਚ ਉਤਰਾਖੰਡ ਤੇ ਮਹਾਂਰਾਸ਼ਟਰ, 2022 ’ਚ ਅਸਾਮ ਅਤੇ 2023 ’ਚ ਉੱਤਰ ਭਾਤਰ ਦੇ ਕਈ ਸੂਬੇ ਸਮੇਤ ਉੱਤਰਾਖੰਡ ਭਾਰੀ ਹੜ੍ਹ ਦੀ ਲਪੇਟ ’ਚ ਆਏ।

ਸਮੇਂ-ਸਮੇਂ ’ਤੇ ਹੜ੍ਹਾਂ ਕਾਰਨ ਦੇਸ਼ ਵਾਸੀਆਂ ਨੇ ਕਹਿਰ ਸਹਿ ਲਿਆ, ਘਰੋਂ ਬੇਘਰ ਹੋ ਗਏ। ਜਾਨੀ ਮਾਲੀ, ਪਸ਼ੂਧਨ ਦਾ ਨੁਕਸਾਨ ਝੱਲਿਆ। ਸਰਕਾਰਾਂ ਨੇ ਹੜ੍ਹ ਰੋਕਣ ਲਈ ਸਕੀਮਾਂ ਵੀ ਬਹੁਤ ਘੜੀਆਂ। ਭਾਰਤ ’ਚ ਹੜ੍ਹ ਦੀ ਭਵਿੱਖਬਾਣੀ ਲਈ ਕੇਂਦਰੀ ਜਲ ਆਯੋਗ ਬਣਾਇਆ, ਜਿਸਦੇ ਦੇਸ਼ ਭਰ ’ਚ 141 ਹੜ੍ਹ ਚਿਤਾਵਨੀ ਕੇਂਦਰ ਹਨ ਪਰ ਹੜ੍ਹਾਂ ਦਾ ਕਹਿਰ ਵਧਦਾ ਹੀ ਗਿਆ। (**ਬਾਕੀ ਸਫ਼ਾ 30 ’ਤੇ**)



# ਭੁੱਖਮਰੀ ਕਾਰਨ ਹਰ 4 ਸੈਕਿੰਡ 'ਚ ਇੱਕ ਵਿਅਕਤੀ ਦੀ ਹੁੰਦੀ ਹੈ ਮੌਤ

## ਤੇਜ਼ੀ ਨਾਲ ਵਧ ਰਹੀ ਅਰਥਵਿਵਸਥਾ ਦੇ ਬਾਵਜੂਦ ਭਾਰਤ ਭੁੱਖਮਰੀ ਦਾ ਸ਼ਿਕਾਰ

### ☛ ਭਾਰਤ 'ਚ ਹਰ ਸਾਲ 7 ਹਜ਼ਾਰ ਤੋਂ 19 ਹਜ਼ਾਰ ਲੋਕਾਂ ਦੀ ਭੁੱਖ ਨਾਲ ਹੋ ਜਾਂਦੀ ਹੈ ਮੌਤ

ਭਾਰਤ ਵਿੱਚ ਅਨਾਜ ਅਤੇ ਭੋਜਨ ਨੂੰ ਭਗਵਾਨ ਮੰਨਿਆ ਜਾਂਦਾ ਹੈ। ਭੋਜਨ ਦੀ ਬਰਬਾਦੀ ਕਰਨਾ ਜਾਂ ਖਾਣਾ ਖਾਂਦੇ ਸਮੇਂ ਭੋਜਨ ਛੱਡਣਾ ਗਲਤ ਮੰਨਿਆ ਜਾਂਦਾ ਹੈ। ਇਸ ਦੇ ਬਾਵਜੂਦ ਇਹ ਬੜੇ ਦੁੱਖ ਦੀ ਗੱਲ ਹੈ ਕਿ ਦੇਸ਼ ਨੂੰ ਭੁੱਖਮਰੀ ਦੇ ਮਾਮਲੇ ਵਿੱਚ ਪੂਰੀ ਦੁਨੀਆਂ ਦੇ ਸਾਹਮਣੇ ਸ਼ਰਮਿੰਦਗੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। 'ਇੰਡੀਆ ਫੂਡ ਬੈਂਕਿੰਗ' ਦੀ ਰਿਪੋਰਟ ਅਨੁਸਾਰ ਭਾਰਤ ਵਿੱਚ 189.2 ਮਿਲੀਅਨ ਲੋਕ ਕੁਪੋਸ਼ਣ ਦਾ ਸ਼ਿਕਾਰ ਹਨ। ਅਜਿਹੀ ਸਥਿਤੀ ਵਿੱਚ, ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਭਾਰਤ ਵਿੱਚ 14% ਆਬਾਦੀ ਕੁਪੋਸ਼ਣ ਦਾ ਸ਼ਿਕਾਰ ਹੈ। ਇਸ ਰਿਪੋਰਟ ਅਨੁਸਾਰ ਭਾਰਤ ਵਿੱਚ ਹਰ ਸਾਲ 7 ਹਜ਼ਾਰ ਤੋਂ 19 ਹਜ਼ਾਰ ਲੋਕ ਭੁੱਖ ਨਾਲ ਮਰ ਰਹੇ ਹਨ। ਯਾਨੀ ਪੰਜ ਤੋਂ 13 ਮਿੰਟਾਂ ਵਿੱਚ ਇੱਕ ਵਿਅਕਤੀ ਬਿਨਾਂ ਭੋਜਨ ਦੇ ਮਰ ਜਾਂਦਾ ਹੈ।



ਭਾਰਤ ਸਭ ਤੋਂ ਤੇਜ਼ੀ ਨਾਲ ਵਧ ਰਹੀ ਅਰਥਵਿਵਸਥਾ ਵਿੱਚੋਂ ਇੱਕ ਮੰਨਿਆ ਜਾਂਦਾ ਹੈ, ਫਿਰ ਵੀ ਗਰੀਬੀ ਅਤੇ ਭੁੱਖਮਰੀ ਨਾਲ ਸਬੰਧਤ ਮੁੱਦੇ ਇੱਥੇ ਇੱਕ ਵੱਡੀ ਅਤੇ ਗੰਭੀਰ ਸਮੱਸਿਆ ਬਣੇ ਹੋਏ ਹਨ। 2021 ਗਲੋਬਲ ਹੰਗਰ ਇੰਡੈਕਸ ਰੈਂਕਿੰਗ ਵਿੱਚ ਭਾਰਤ 116 ਦੇਸ਼ਾਂ ਵਿੱਚੋਂ 101ਵੇਂ ਸਥਾਨ 'ਤੇ ਹੈ। ਭਾਰਤ ਵਿੱਚ 27.5 ਦੇ ਸਕੋਰ ਨਾਲ ਭੁੱਖਮਰੀ ਦਾ ਗੰਭੀਰ ਪੱਧਰ ਹੈ। ਅਨਾਜ ਦੀ ਵੰਡ ਪ੍ਰਣਾਲੀ ਵਿੱਚ ਸੁਧਾਰ ਅਤੇ ਵੱਧ ਪੈਦਾਵਾਰ ਲਈ ਖੇਤੀ ਖੇਤਰ ਵਿੱਚ ਲਗਾਤਾਰ ਨਵੀਆਂ ਖੋਜਾਂ ਦੇ ਬਾਵਜੂਦ ਭਾਰਤ ਵਿੱਚ ਭੁੱਖਮਰੀ ਦੀ ਹਾਲਤ ਬਦ ਤੋਂ ਬਦਤਰ ਹੁੰਦੀ ਜਾ ਰਹੀ ਹੈ। ਭੁੱਖਮਰੀ ਅਤੇ ਕੁਪੋਸ਼ਣ ਦੇ ਮਾਮਲੇ ਵਿੱਚ ਭਾਰਤ ਆਪਣੇ ਗੁਆਂਢੀ ਦੇਸ਼ਾਂ ਪਾਕਿਸਤਾਨ, ਬੰਗਲਾਦੇਸ਼ ਅਤੇ ਨੇਪਾਲ ਤੋਂ ਵੀ ਪਿੱਛੇ ਹੈ।

ਜਦੋਂ ਤੋਂ ਗਲੋਬਲ ਹੰਗਰ ਇੰਡੈਕਸ-2022 ਵਿੱਚ ਭਾਰਤ ਨੂੰ 121 ਦੇਸ਼ਾਂ ਦੀ ਸੂਚੀ ਵਿੱਚ 107ਵਾਂ ਸਥਾਨ ਮਿਲਿਆ ਹੈ, ਉਦੋਂ ਤੋਂ ਹੀ ਸਵਾਲ ਉੱਠਣੇ ਸ਼ੁਰੂ ਹੋ ਗਏ ਹਨ ਕਿ ਕੀ ਭਾਰਤ ਦੀ ਹਾਲਤ ਗੁਆਂਢੀ ਮੁਲਕਾਂ ਪਾਕਿਸਤਾਨ, ਸ੍ਰੀਲੰਕਾ, ਬੰਗਲਾਦੇਸ਼, ਨੇਪਾਲ, ਮਿਆਂਮਾਰ ਤੋਂ ਵੀ ਮਾੜੀ ਹੈ। 121 ਦੇਸ਼ਾਂ ਦੀ ਸੂਚੀ 'ਚ ਪਾਕਿਸਤਾਨ 99ਵੇਂ, ਸ਼੍ਰੀਲੰਕਾ 64ਵੇਂ, ਬੰਗਲਾਦੇਸ਼ 84ਵੇਂ, ਨੇਪਾਲ 81ਵੇਂ ਅਤੇ ਮਿਆਂਮਾਰ 71ਵੇਂ ਸਥਾਨ 'ਤੇ ਹੈ।

ਗਲੋਬਲ ਹੰਗਰ ਇੰਡੈਕਸ ਰੈਂਕਿੰਗ 2021 ਵਿੱਚ ਭਾਰਤ 116 ਦੇਸ਼ਾਂ ਵਿੱਚੋਂ 101ਵੇਂ ਸਥਾਨ 'ਤੇ ਸੀ। ਗਲੋਬਲ ਹੰਗਰ ਇੰਡੈਕਸ 2019 ਵਿੱਚ ਭਾਰਤ 117 ਦੇਸ਼ਾਂ ਵਿੱਚੋਂ 102ਵੇਂ ਸਥਾਨ 'ਤੇ ਸੀ। ਬੇਲਾਰੂਸ, ਯੂਕਰੇਨ, ਤੁਰਕੀ, ਕਿਊਬਾ ਅਤੇ ਕੁਵੈਤ ਸਮੇਤ 17 ਦੇਸ਼ਾਂ ਨੇ ਪੰਜ ਤੋਂ ਘੱਟ 789 ਸਕੋਰ ਨਾਲ ਚੋਟੀ ਦਾ ਦਰਜਾ ਪ੍ਰਾਪਤ ਕੀਤਾ। ਆਇਰਿਸ਼ ਏਜੰਸੀ ਕਨਸਰਨ ਵਰਲਡਵਾਈਡ ਅਤੇ ਜਰਮਨ ਸੰਗਠਨ ਵੇਲਟ ਹੰਗਰ ਹਿਲਫੇ ਦੁਆਰਾ ਸਾਂਝੇ ਤੌਰ 'ਤੇ ਤਿਆਰ ਕੀਤੀ ਗਈ ਰਿਪੋਰਟ ਵਿੱਚ ਭਾਰਤ ਵਿੱਚ ਭੁੱਖਮਰੀ ਦੇ ਪੱਧਰ ਨੂੰ ਗੰਭੀਰ ਦੱਸਿਆ ਗਿਆ। ਭਾਰਤ 2018 ਵਿੱਚ 119 ਦੇਸ਼ਾਂ ਵਿੱਚੋਂ 103ਵੇਂ ਸਥਾਨ ਉੱਤੇ ਸੀ। ਜਦੋਂ ਕਿ ਸਾਲ 2000 ਵਿੱਚ ਇਹ 113 ਦੇਸ਼ਾਂ ਵਿੱਚੋਂ 83ਵੇਂ ਸਥਾਨ ਉੱਤੇ ਸੀ। ਇਸ ਦਾ 789 ਸਕੋਰ ਵੀ ਘਟਿਆ ਹੈ। ਜਿੱਥੇ 2005 ਅਤੇ 2010 ਵਿੱਚ 789 ਸਕੋਰ ਕ੍ਰਮਵਾਰ 38.9 ਅਤੇ 32 ਸੀ ਅਤੇ 2010 ਅਤੇ 2019 ਵਿਚਕਾਰ 789 ਸਕੋਰ 30.3 ਸੀ।ਸੰਯੁਕਤ ਰਾਸ਼ਟਰ ਵਰਲਡ ਫੂਡ ਪ੍ਰੋਗਰਾਮ ਦੀ ਰਿਪੋਰਟ ਦੇ ਅਨੁਸਾਰ, ਇੱਥੇ 828 ਮਿਲੀਅਨ ਲੋਕ ਹਨ ਜੋ ਹਰ ਰਾਤ ਭੁੱਖੇ ਸੌਂਦੇ ਹਨ। ਇਹ ਦੁਨੀਆਂ ਦੀ ਪੂਰੀ ਆਬਾਦੀ ਦਾ 10 ਫੀਸਦੀ ਹੈ। ਇਸ ਵਿੱਚ 345 ਮਿਲੀਅਨ ਲੋਕ ਅਜਿਹੇ ਹਨ, ਜੋ ਭੋਜਨ ਲਈ ਤਰਸ ਰਹੇ ਹਨ ਅਤੇ ਉਨ੍ਹਾਂ ਨੂੰ ਮੁਸ਼ਕਿਲ ਨਾਲ ਭੋਜਨ ਮਿਲਦਾ ਹੈ।



ਸੰਯੁਕਤ ਰਾਸ਼ਟਰ ਦੀ ਇੱਕ ਰਿਪੋਰਟ ਅਨੁਸਾਰ ਹਰ ਸਾਲ ਏਡਜ਼, ਟੀਬੀ ਅਤੇ ਮਲੇਰੀਆ ਤੋਂ ਵੱਧ ਲੋਕ ਭੁੱਖ ਨਾਲ ਮਰਦੇ ਹਨ। ਇਸ ਰਿਪੋਰਟ ਮੁਤਾਬਕ ਹਰ ਸਾਲ ਦੁਨੀਆ ਭਰ ਵਿੱਚ 90 ਲੱਖ ਲੋਕ ਭੁੱਖ ਨਾਲ ਮਰਦੇ ਹਨ। ਸਿਰਫ਼ ਭਾਰਤ ਵਿੱਚ ਹੀ ਨਹੀਂ ਸਗੋਂ ਦੁਨੀਆਂ ਭਰ ਵਿੱਚ ਗਰੀਬੀ ਅਤੇ ਭੁੱਖਮਰੀ ਦੇ ਮੁੱਦੇ ਵਿਆਪਕ ਹਨ। ਭਾਰਤ ਦੇ ਜ਼ਿਆਦਾਤਰ ਰਾਜਾਂ ਵਿੱਚ 20 ਤੋਂ 35 ਫੀਸਦੀ ਬੱਚੇ ਗੰਭੀਰ ਕੁਪੋਸ਼ਣ ਦਾ ਸ਼ਿਕਾਰ ਹਨ।

(ਬਾਕੀ ਸਫ਼ਾ 29 'ਤੇ)

## ਜ਼ਮੀਨੀ ਹਕੀਕਤ ਤੋਂ ਵੱਖਰੀ ਹੈ ਰਿਪੋਰਟ: ਭਾਰਤ ਸਰਕਾਰ

ਭੁੱਖਮਰੀ ਸਬੰਧੀ ਗਲੋਬਲ ਰਿਪੋਰਟ ਅਤੇ ਭਾਰਤ ਸਰਕਾਰ ਦੇ ਪੱਖ ਵਿੱਚ ਜ਼ਮੀਨ ਅਸਮਾਣ ਦਾ ਫਰਕ ਹੈ। ਭਾਰਤ ਸਰਕਾਰ ਨੇ ਇਸ ਰਿਪੋਰਟ ਨੂੰ ਮੁੱਢੋਂ ਹੀ ਖਾਰਜ਼ ਕਰ ਦਿੱਤਾ ਹੈ। ਆਇਰਲੈਂਡ ਅਤੇ ਜਰਮਨੀ ਦੀਆਂ ਗੈਰ ਸਰਕਾਰੀ ਸੰਸਥਾਵਾਂ ਕੰਸਰਨ ਵਰਲਡ ਵਾਈਡ ਅਤੇ ਬੈਲਟ ਹੰਗਰ ਹਿਲਫੇ ਦੁਆਰਾ ਗਲੋਬਲ ਹੰਗਰ ਰਿਪੋਰਟ 2022 ਜਾਰੀ ਕੀਤੀ ਗਈ, ਜਿਸ ਦੇ ਵਿੱਚ 121 ਦੇਸ਼ਾਂ ਨੂੰ ਰਖਿਆ ਗਿਆ ਅਤੇ ਭਾਰਤ ਇਸ ਰਿਪੋਰਟ ਵਿੱਚ 107ਵੇਂ ਸਥਾਨ 'ਤੇ ਰਿਹਾ।

ਭਾਰਤ ਸਰਕਾਰ ਨੇ ਕਿਹਾ ਹੈ ਕਿ ਇਹ ਰਿਪੋਰਟ ਸਿਰਫ਼ ਤਿੰਨ ਕੁ ਹਜ਼ਾਰ ਵਿਅਕਤੀਆਂ ਦੇ ਓਪੀਅਨ ਪੋਲ 'ਤੇ ਆਧਾਰਿਤ ਹੈ। ਸਰਕਾਰ ਨੇ ਇਸ ਰਿਪੋਰਟ ਤੋਂ ਪੱਲਾ ਝਾੜਦਿਆਂ ਕਿਹਾ ਕਿ ਇਹ ਰਿਪੋਰਟ ਜ਼ਮੀਨੀ ਹਕੀਕਤ ਤੋਂ ਵੱਖਰੀ ਹੈ। ਭਾਰਤ ਸਰਕਾਰ ਨੇ ਦੋਸ਼ ਲਗਾਇਆ ਕਿ ਇਹ ਰਿਪੋਰਟ ਤਿਆਰ ਕਰਨ ਵਾਲੀਆਂ ਦੋਵਾਂ ਸੰਸਥਾਵਾਂ ਨੇ ਪੂਰੀ ਤਨਦੇਹੀ ਨਾਲ ਕੰਮ ਨਹੀਂ ਕੀਤਾ। ਸਰਕਾਰ ਦਾ ਪੱਖ ਇਹ ਹੈ ਕਿ ਅਸੀਂ ਦੁਨੀਆਂ ਦਾ ਸਭ ਤੋਂ ਵੱਡਾ ਭੋਜਨ ਸੁਰਖਿਆ ਪ੍ਰੋਗਰਾਮ ਚਲਾ ਰਹੇ ਹਾਂ। ਦੇਸ਼ ਵਿੱਚ ਕੋਵਿਡ 19 ਦੇ ਪ੍ਰਕੋਪ ਦੇ ਸਮੇਂ ਆਰਥਿਕ ਰੁਕਾਵਟਾਂ ਦੇ ਮੱਦੇਨਜਰ ਸਰਕਾਰ ਨੇ 2020 ਵਿੱਚ ਕਰੀਬ 80 ਕਰੋੜ ਰਾਸ਼ਟਰੀ ਖੁਰਾਕ ਸੁਰਖਿਆ ਐਕਟ (ਐਨ ਐਫ ਐਸ ਏ) ਲਾਭਪਾਤਰੀਆਂ ਨੂੰ ਵਾਧੂ ਮੁਫਤ ਅਨਾਜ ਵੰਡਣ ਦਾ ਐਲਾਨ ਕੀਤਾ। ਪ੍ਰਧਾਨ ਗਰੀਬ ਕਲਿਆਣ ਅੰਨ ਯੋਜਨਾ ਦੇ ਤਹਿਤ ਪੰਜ ਕਿਲੋ ਪ੍ਰਤੀ ਵਿਅਕਤੀ ਪ੍ਰਤੀ ਮਹੀਨਾ ਲੱਖਾਂ ਲੋਕਾਂ ਨੂੰ ਦਿੱਤਾ ਜਾ ਰਿਹਾ ਹੈ। ਸਰਕਾਰ ਨੇ ਰਾਜਾਂ ਤੇ ਕੇਂਦਰ ਸਾਸਿਤ ਪ੍ਰਦੇਸ਼ਾਂ ਨੂੰ ਭੋਜਨ ਸਬਸਿਡੀ ਵਿੱਚ 110021 ਲੱਖ ਮੀਟਿਰਿਕ ਟਨ ਅਨਾਜ ਅਲਾਟ ਕੀਤਾ, ਜੋ ਕਿ 2022 ਵਿੱਚ ਲਗਭਗ 3.91 ਲੱਖ ਕਰੋੜ ਰੁਪਏ ਦੇ ਬਰਾਬਰ ਹੈ। ਇਸ ਸਕੀਮ ਨੂੰ ਦਸੰਬਰ 2022 ਤਕ ਵਧਾਇਆ ਗਿਆ। ਆਂਗਣਬਾੜੀ ਸੇਵਾਵਾਂ, ਪ੍ਰਧਾਨ ਮੰਤਰੀ ਮਾਤਰ ਬੰਧਨਾ ਯੋਜਨਾ ਦੇ ਤਹਿਤ ਵੀ ਗਰਭਵਤੀ ਔਰਤਾਂ ਤੇ ਬੱਚਿਆਂ ਦੇ ਪੋਸ਼ਟਿਕ ਭੋਜਨ ਵੱਲ ਖਾਸ ਧਿਆਨ ਦਿੱਤਾ ਗਿਆ।

## ਖਾਣੇ ਦੀ ਬਰਬਾਦੀ ਬਨਾਮ ਭੁੱਖ



ਅਸੀਂ ਜਦੋਂ ਵੀ ਕਿਸੇ ਵਿਆਹ ਸ਼ਾਦੀ ਜਾਂ ਹੋਰ ਸਮਾਗਮ ਵਿੱਚ ਜਾਂਦੇ ਹਾਂ ਤਾਂ ਅਕਸਰ ਵੇਖਦੇ ਹਾਂ ਕਿ ਵੱਡੀ ਗਿਣਤੀ ਲੋਕਾਂ ਵੱਲੋਂ ਖਾਣ ਪੀਣ ਦੀਆਂ ਅਨੇਕਾਂ ਚੀਜ਼ਾਂ ਨੂੰ ਅਣਗੌਲਿਆ ਜਿਹਾ ਕਰਕੇ ਪਲੇਟ ਵਿੱਚ ਹੀ ਛੱਡ ਦਿੱਤਾ ਜਾਂਦਾ ਹੈ। ਇਹ ਖਾਣਾ ਛੱਡਣ ਦਾ ਕਾਰਨ ਇਹ ਹੁੰਦਾ ਹੈ ਕਿ ਉਹ ਸਵਾਦ ਸਾਡੀ ਜੀਭ ਨੂੰ ਪਸੰਦ ਨਹੀਂ। ਇਸ ਤਰਾਂ ਖਾਣੇ ਦੀ ਬਰਬਾਦੀ ਹੁੰਦੀ ਹੈ। ਅਕਸਰ ਵਿਆਹਾਂ ਤੇ ਹੋਰ ਸਮਾਗਮਾਂ ਤੋਂ ਬਾਅਦ ਮੈਰਿਜ ਪੈਲੇਸਾਂ ਵੱਲੋਂ ਬਚਿਆ ਅਤੇ ਬਰਬਾਦ ਹੋਇਆ ਖਾਣਾ ਮੈਰਿਜ ਪੈਲਿਸਾਂ ਦੇ ਪਿੱਛਲੇ ਪਾਸੇ ਜਾਂ ਉਜਾੜ ਥਾਂ 'ਤੇ ਸੁੱਟ ਦਿਤਾ ਜਾਂਦਾ ਹੈ, ਜਿਥੇ ਕੁੱਤੇ ਅਤੇ ਗਰੀਬ ਬੱਚੇ ਲੋਕਾਂ ਵੱਲੋਂ ਬਰਬਾਦ ਕੀਤੇ ਖਾਣੇ ਨੂੰ ਖਾਣ ਲਈ ਕਈ ਵਾਰ ਆਪਸ ਵਿੱਚ ਲੜਦੇ ਵੀ ਵੇਖੇ ਜਾਂਦੇ ਹਨ, ਇਹ ਸਭ ਪਾਪੀ ਪੇਟ ਖਾਤਰ ਹੁੰਦਾ ਹੈ। ਅਸਲ ਵਿੱਚ ਭਾਰਤ 'ਚ ਉਹਨਾਂ ਲੋਕਾਂ ਦੀ ਗਿਣਤੀ ਬਹੁਤ ਜਿਆਦਾ ਹੈ, ਜਿਹਨਾਂ ਨੂੰ ਇੱਕ ਸਮੇਂ ਦੀ ਰੋਟੀ ਦਾ ਜੁਗਾੜ ਕਰਨਾ ਵੀ ਔਖਾ ਹੁੰਦਾ ਹੈ। ਜੀਭ ਦੇ ਸੁਆਦ ਵਾਲੇ ਲੋਕਾਂ ਨੂੰ ਇਹ ਪਤਾ ਹੋਣਾ ਚਾਹੀਦਾ ਹੈ ਕਿ ਰੋਜਾਨਾਂ ਕਿੰਨੇ ਲੋਕ ਭੁੱਖ ਦੇ ਨਾਲ ਹੀ ਮਰ ਜਾਂਦੇ ਹਨ। ਜੇਕਰ ਉਹਨਾਂ ਨੂੰ ਇਹ ਪਤਾ ਨਹੀਂ ਹੈ ਤਾਂ ਉਹ ਐਂਟੀ ਪੋਵਰਟੀ ਆਰਗੇਨਾਈਜੇਸ਼ਨ ਦੀ ਰਿਪੋਰਟ 'ਤੇ ਜਰੂਰ ਝਾਤੀ ਮਾਰ ਲਿਆ ਕਰਨ।

## ਸੰਯੁਕਤ ਰਾਸ਼ਟਰ ਦੀ ਰਿਪੋਰਟ

ਸੰਯੁਕਤ ਰਾਸ਼ਟਰ ਦੀ ਭੋਜਨ ਅਤੇ ਖੇਤੀਬਾੜੀ ਦੀ ਰਿਪੋਰਟ ਅਨੁਸਾਰ 2030 ਦੇ ਅੰਤ ਤਕ ਪੂਰੇ ਸੰਸਾਰ ਵਿੱਚ ਪੂਰੇ ਸੰਸਾਰ ਵਿੱਚ 63 ਕਰੋੜ ਲੋਕ ਰੋਜਾਨਾ ਭੁੱਖਮਰੀ ਨਾਲ ਜੂਝ ਰਹੇ ਹੋਣਗੇ।

ਭਾਵੇਂ ਕਿ ਸੰਸਾਰ ਪੱਧਰ ਦੀਆਂ ਸਰਕਾਰਾਂ ਨੇ ਦਾਅਵਾ ਕੀਤਾ ਸੀ ਕਿ ਉਹ 2030 ਤਕ ਸੰਸਾਰ ਵਿੱਚ ਭੁੱਖਮਰੀ ਖ਼ਤਮ ਕਰਨ ਦਾ ਟੀਚਾ ਪੂਰਾ ਕਰਨਗੀਆਂ ਪਰ ਤਾਜ਼ਾ ਰਿਪੋਰਟਾਂ ਅਨੁਸਾਰ ਉਹਨਾਂ ਦਾ ਇਹ ਟੀਚਾ ਪੂਰਾ ਨਹੀਂ ਹੋਵੇਗਾ। ਭੁੱਖ ਮਰੀ ਘੱਟ ਤਾਂ ਕੀ ਹੋਣੀ ਸੀ ਸਗੋਂ 2021 ਵਿੱਚ 83 ਕਰੋੜ ਤੋਂ ਵੱਧ ਲੋਕ ਭੁੱਖਮਰੀ ਨਾਲ ਪ੍ਰਭਾਵਿਤ ਸਨ। ਜੋ ਸੰਸਾਰ ਦੀ ਆਬਾਦੀ 9.8 ਫੀਸਦੀ ਬਣਦਾ ਹੈ। ਸਭ ਤੋਂ ਬੁਰਾ ਹਾਲ ਘੱਟ ਆਮਦਨੀ ਵਾਲੇ ਲੋਕਾਂ ਦੇ ਦੇਸ਼ਾਂ ਦਾ ਹੈ, ਜਿਸ ਵਿੱਚ ਅਫਰੀਕਾ ਅਤੇ ਏਸ਼ੀਆ ਮਹਾਂਦੀਪ ਦੇ ਦੇਸ਼ ਆਉਂਦੇ ਹਨ। 2030 ਤਕ ਭੁੱਖਮਰੀ ਖਤਮ ਕਰਨ ਦੇ ਲਈ ਇਹਨਾਂ ਗਰੀਬ ਦੇਸ਼ਾਂ ਦੇ ਲੋਕਾਂ ਤਕ ਭੋਜਨ ਦੀ



ਉਪਲਬਧਤਾ 30 ਫੀਸਦੀ ਤਕ ਵੱਧਣੀ ਜਰੂਰੀ ਹੈ। ਰਿਪੋਰਟਾਂ ਵਿੱਚ ਇਹ ਵੀ ਕਿਹਾ ਗਿਆ ਹੈ ਕਿ ਜੇ ਆਉਣ ਵਾਲੇ ਸਮੇਂ ਵਿੱਚ ਊਰਜਾ ਤੇ ਖੇਤੀ ਵਸਤਾਂ ਦੀ ਪੈਦਾਵਾਰ ਵਿੱਚ ਵਰਤੀਆਂ ਜਾਂਦੀਆਂ ਖਾਦਾਂ ਤੇ ਮਸ਼ੀਨਾਂ ਦੀਆਂ ਕੀਮਤਾਂ, ਹੋਰ ਖੇਤੀ ਖਰਚੇ ਵੱਧਦੇ ਹਨ ਤਾਂ ਸੰਸਾਰ ਦੀ ਵੱਡੀ ਆਬਾਦੀ ਭੁੱਖਮਰੀ ਦਾ ਸ਼ਿਕਾਰ ਹੋ ਸਕਦੀ ਹੈ।

ਮਨੁੱਖਤਾ ਦੇ ਪੂਰੇ ਇਤਿਹਾਸ 'ਤੇ ਨਜਰ ਮਾਰੀਏ ਤਾਂ ਮਨੁੱਖ ਕੋਲ ਪਹਿਲਾਂ ਕਦੇ ਵੀ ਏਨਾ ਭੋਜਨ ਨਹੀ ਸੀ, ਜਿੰਨਾ ਅੱਜ ਦੇ ਸਮੇਂ ਵਿੱਚ ਹੈ ਪਰ ਫਿਰ ਵੀ ਭੁੱਖਮਰੀ ਘੱਟ ਹੋਣ ਦੇ ਬਜਾਏ ਵੱਧ ਰਹੀ ਹੈ।



# ...ਤੇ ਹੁਣ ਬਜ਼ੁਰਗ ਵੀ ਮਾਰ ਚੱਲੇ ਵਿਦੇਸ਼ ਉਡਾਰੀ

# ਬਜ਼ੁਰਗਾਂ 'ਚ ਵੀ ਵੱਧ ਰਿਹਾ ਵਿਦੇਸ਼ ਜਾਣ ਦਾ ਰੁਝਾਨ

- ਪੰਜਾਬ 'ਚ ਰੁਲਦੇ ਬੁਢਾਪੇ ਦੀ ਵਿਦੇਸ਼ਾਂ 'ਚ ਪੈਣ ਲੱਗੀ ਕਦਰ
- ਕਈ ਬਜ਼ੁਰਗ ਤਾਂ ਬੁਢਾਪੇ 'ਚ ਸਿੱਖਣ ਲੱਗੇ ਅੰਗਰੇਜ਼ੀ
- ਪੰਜਾਬੀ ਦੇ ਨਾਲ ਅੰਗਰੇਜ਼ੀ ਅਖ਼ਬਾਰ ਵੀ ਲੱਗੇ ਪੜ੍ਹਨ




ਵਿਦੇਸ਼ੀ ਧਰਤੀ ਦੀ ਚਕਾਚੌਂਧ ਅਤੇ ਡਾਲਰਾਂ ਪੌਂਡਾਂ ਦੀ ਚਮਕ ਨਾਲ ਹੁਣ ਪੰਜਾਬ ਦੇ ਬਜ਼ੁਰਗ ਵੀ ਭਰਮਾਏ ਗਏ ਹਨ। ਪੰਜਾਬ ਦੇ ਵੱਡੀ ਗਿਣਤੀ ਉਹਨਾਂ ਬਜ਼ੁਰਗਾਂ ਵਿੱਚ ਵਿਦੇਸ਼ ਜਾਣ ਦੀ ਇੱਛਾ ਪ੍ਰਬਲ ਹੋ ਗਈ ਹੈ, ਜਿਨ੍ਹਾਂ ਦੇ ਬੱਚੇ ਵਿਦੇਸ਼ ਵਿੱਚ ਰਹਿੰਦੇ ਹਨ। ਪੰਜਾਬ ਦੇ ਮਾਲਵਾ, ਦੋਆਬਾ ਅਤੇ ਮਾਝਾ ਇਲਾਕਿਆਂ ਦਾ ਦੌਰਾ ਕਰਨ ਉਪਰੰਤ ਇਹ ਗੱਲ ਸਾਹਮਣੇ ਆਈ ਕਿ ਹੁਣ ਵੱਡੀ ਗਿਣਤੀ ਪੇਂਡੂ ਸੱਥਾਂ ਬਜ਼ੁਰਗਾਂ ਤੋਂ ਸੱਖਣੀਆਂ ਹੋਣੀਆਂ ਸ਼ੁਰੂ ਹੋ ਗਈਆਂ ਹਨ ਕਿਉਂਕਿ ਪੰਜਾਬ ਦੇ ਵੱਡੀ ਗਿਣਤੀ ਬਜ਼ੁਰਗ ਵੀ ਹੁਣ ਆਪਣੇ ਐਨ. ਆਰ. ਆਈ. ਬੱਚਿਆਂ ਕੋਲ ਵਿਦੇਸ਼ ਜਾ ਕੇ ਹੀ ਰਹਿਣ ਨੂੰ ਤਰਜੀਹ ਦੇਣ ਲੱਗ ਪਏ ਹਨ।

ਪੰਜਾਬ ਦੀ ਧਰਤੀ ਦਾ ਹੁਣ ਹਰ ਜੰਮਿਆ ਜਾਇਆ ਹੀ ਇਸ ਧਰਤੀ ਨੂੰ ਹਮੇਸ਼ਾ ਲਈ ਅਲਵਿਦਾ ਕਹਿ ਕੇ ਵਿਦੇਸ਼ ਉਡਾਰੀ ਮਾਰ ਜਾਣਾ ਚਾਹੁੰਦਾ ਹੈ। ਹਾਲ ਤਾਂ ਇਹ ਹੋ ਗਿਆ ਹੈ ਕਿ ਵੱਡੀ ਗਿਣਤੀ ਨੌਜਵਾਨ ਮੁੰਡੇ ਕੁੜੀਆਂ ਤੋਂ ਬਾਅਦ ਹੁਣ ਪੰਜਾਬ ਦੇ ਬਜ਼ੁਰਗਾਂ ਵਿੱਚ ਵੀ ਵਿਦੇਸ਼ ਜਾਣ ਦਾ ਰੁਝਾਨ ਪੈਦਾ ਹੋ ਗਿਆ ਹੈ, ਜੋ ਕਿ ਦਿਨੋਂ ਦਿਨ ਵਧਦਾ ਹੀ ਜਾ ਰਿਹਾ ਹੈ। ਇਸ ਗੱਲ ਦਾ ਸਬੂਤ ਦਿੱਲੀ ਵਿਚ ਵੱਖ-ਵੱਖ ਦੇਸ਼ਾਂ ਦੀਆਂ ਅੰਬੇਸੀਆਂ ਵਿੱਚ ਵੀਜ਼ਾ ਅਪਲਾਈ ਕਰਨ ਵਾਲੇ ਬਜ਼ੁਰਗਾਂ ਦੀਆਂ ਭੀੜਾਂ ਤੋਂ ਮਿਲ ਜਾਂਦਾ ਹੈ। ਵਿਦੇਸ਼ ਜਾ ਕੇ ਹੀ ਬੱਚਿਆਂ ਕੋਲ ਹਮੇਸ਼ਾ ਲਈ ਹੀ ਸੈਟ ਹੋ ਜਾਣ ਦੇ ਚਾਹਵਾਨ ਬਜ਼ੁਰਗਾਂ ਵਿੱਚ ਉਹ ਬਜ਼ੁਰਗ ਵੀ ਵੱਡੀ ਗਿਣਤੀ ਵਿੱਚ ਸ਼ਾਮਲ ਹਨ, ਜੋਕਿ ਪਹਿਲਾਂ ਕਿਸੇ ਨਾ ਕਿਸੇ ਮੌਕੇ ਆਪਣੇ ਬੱਚਿਆਂ ਕੋਲ ਵਿਦੇਸ਼ ਚੱਕਰ ਮਾਰ ਆਏ ਹੋਏ ਹਨ। ਵਿਦੇਸ਼ਾਂ ਵਿੱਚ ਇਨਸਾਨਾਂ ਦੀ ਪੈਂਦੀ ਕਦਰ, ਮਿਹਨਤ ਦੇ ਪੈਂਦੇ ਮੁੱਲ ਅਤੇ ਬਜ਼ੁਰਗਾਂ ਨੂੰ ਮਿਲਦੀਆਂ ਸਹੂਲਤਾਂ ਤੇ ਮਿਲਦੀ ਪੈਨਸ਼ਨ ਤੋਂ ਇਲਾਵਾ ਵਿਦੇਸ਼ੀ ਡਾਲਰਾਂ ਪੌਂਡਾਂ ਤੋਂ ਬਣਦੇ ਭਾਰਤੀ ਰੁਪਇਆਂ ਦੀ ਖਿੱਚ ਵੀ



ਇਹਨਾਂ ਬਜ਼ੁਰਗਾਂ ਨੂੰ ਵਿਦੇਸ਼ ਦੀ ਧਰਤੀ ਉਪਰ ਜਾ ਕੇ ਵੱਸਣ ਲਈ ਖਿੱਚ ਪਾ ਰਹੇ ਹਨ।

ਸਿਆਣੇ ਕਹਿੰਦੇ ਹਨ ਕਿ ਜੇ ਘਰ ਦੇ ਬਜ਼ੁਰਗ ਦੀ ਜੁੱਤੀ ਹੀ ਘਰ ਦੇ ਦਰਵਾਜ਼ੇ ਤੇ ਦਰਾਂ ਵਿੱਚ ਪਈ ਹੋਵੇ ਤਾਂ ਕਿਸੇ ਵੀ ਕੁੱਤੇ ਬਿੱਲੇ ਦੀ ਘਰ ਵਿੱਚ ਵੜਨ ਦੀ ਹਿੰਮਤ ਨਹੀਂ ਪੈਂਦੀ। ਕਹਿਣ ਦਾ ਭਾਵ ਇਹ ਹੈ ਕਿ ਬਜ਼ੁਰਗ ਅਸਲ ਵਿੱਚ ਘਰ ਦੇ ਮੋਢੀ ਅਤੇ ਰਾਖੇ ਹੁੰਦੇ ਹਨ ਅਤੇ ਘਰ ਦਾ ਵਜੂਦ ਬਜ਼ੁਰਗਾਂ ਕਰਕੇ ਹੀ ਹੁੰਦਾ ਹੈ। ਹਾਂ! ਇਹ ਵੱਖਰੀ ਗਲ ਹੈ ਕਿ ਪੰਜਾਬ ਦੇ ਵੱਡੀ ਗਿਣਤੀ ਬਜ਼ੁਰਗ ਹੁਣ ਇਕੱਲਤਾ ਦਾ ਵੀ ਸ਼ਿਕਾਰ ਹਨ, ਕਿਉਂਕਿ ਉਹਨਾਂ ਦੇ ਬੱਚੇ ਵਿਦੇਸ਼ ਚਲੇ ਗਏ ਹਨ ਅਤੇ ਇਸ ਇਕੱਲਤਾ ਤੋਂ ਦੁਖੀ ਹੋ ਕੇ ਹੀ ਇਹ ਬਜ਼ੁਰਗ ਹੁਣ ਵਿਦੇਸ਼ ਰਹਿੰਦੇ ਆਪਣੇ ਬੱਚਿਆਂ ਕੋਲ ਜਾਣ ਲਈ ਕਾਹਲੇ ਹੋਏ ਫਿਰਦੇ ਹਨ।

ਪੰਜਾਬ ਦੇ ਬਜ਼ੁਰਗਾਂ ਦੇ ਵਿਦੇਸ਼ ਜਾਣ ਦਾ ਰੁਝਾਨ ਭਾਵੇਂ ਹੁਣੇ ਜਿਹੇ ਹੀ ਸ਼ੁਰੂ ਹੋਇਆ ਹੈ ਪਰ ਇਸ ਰੁਝਾਨ ਦੀ ਸ਼ੁਰੂਆਤ ਉਦੋਂ ਹੀ ਹੋ ਗਈ ਸੀ ਜਦੋਂ ਵਿਦੇਸ਼ ਰਹਿੰਦੇ ਪੁੱਤਰਾਂ -ਧੀਆਂ ਨੇ ਆਪਣੇ ਬੱਚਿਆਂ ਦੇ ਜਨਮ ਸਮੇਂ ਬੱਚੇ ਸਾਂਭਣ ਲਈ ਆਪਣੇ ਮਾਪਿਆਂ ਨੂੰ ਹੀ ਪੰਜਾਬ ਤੋਂ ਵਿਦੇਸ਼ ਬੁਲਾਉਣਾ ਸ਼ੁਰੂ ਕਰ ਦਿੱਤਾ ਸੀ। ਵਿਦੇਸ਼ ਵਿੱਚ ਨੌਕਰ ਰੱਖਣਾ ਬਹੁਤ ਹੀ ਮਹਿੰਗਾ ਪੈਂਦਾ ਹੈ,ਖਾਸ ਕਰਕੇ ਛੋਟੇ ਬੱਚਿਆਂ ਦੀ ਸੰਭਾਲ ਲਈ ਨੌਕਰਾਣੀ ਰੱਖਣੀ ਬਹੁਤ ਮਹਿੰਗੀ ਪੈਂਦੀ ਹੈ। ਵਿਦੇਸ਼ ਰਹਿੰਦੇ ਨੌਜਵਾਨਾਂ ਨੇ ਇਸ ਸਸਤਾ ਹੱਲ ਇਹ ਲੱਭਿਆ ਕਿ ਉਹਨਾਂ ਨੇ ਆਪਣੇ ਬੱਚਿਆਂ ਦੀ ਸੰਭਾਲ ਲਈ ਪੰਜਾਬ ਤੋਂ ਆਪਣੇ ਬਾਪੂ ਬੇਬੇ ਨੂੰ ਬੁਲਾਉਣਾ ਸ਼ੁਰੂ ਕਰ ਦਿੱਤਾ। ਇਸ ਤਰਾਂ ਉਹਨਾਂ ਦੇ ਬੱਚੇ ਵੀ ਸੁਰੱਖਿਅਕ ਹੱਥਾਂ ਵਿੱਚ ਪਲਨ ਲੱਗੇ ਅਤੇ ਬਾਪੂ ਬੇਬੇ ਵੀ ਵਲੈਤ ਦੀਆਂ ਰੰਗੀਨੀਆਂ ਵੇਖਣ ਲੱਗ ਪਏ। ਸ਼ੁਰੂ- ਸ਼ੁਰੂ ਵਿੱਚ ਪੰਜਾਬ ਦੇ ਅਨੇਕਾਂ ਬਜ਼ੁਰਗ ਆਪਣੇ ਬੱਚਿਆਂ ਕੋਲ ਪੰਜ ਛੇ ਮਹੀਨੇ ਹੀ ਲਗਾ ਕੇ ਵਾਪਸ ਪੰਜਾਬ ਆਉਂਦੇ ਰਹੇ ਅਤੇ ਫਿਰ ਪੰਜ ਕੁ ਸਾਲਾਂ ਬਾਅਦ ਉਹ ਇਕ ਵਾਰ ਫਿਰ ਵਲੈਤ ਫੇਰੀ ਪਾ ਆਉਂਦੇ ਅਤੇ ਫਿਰ ਪੰਜਾਬ ਦੀਆਂ ਸੱਥਾਂ ਵਿੱਚ ਬਹਿ ਕੇ ਵਲੈਤ ਦੇ ਅੱਖੀਂ ਡਿੱਠੇ ਨਜ਼ਾਰੇ ਆਪਣੇ ਸੰਗੀ ਸਾਥੀਆਂ ਨੂੰ ਦੱਸਦੇ । ਇਸ ਤਰਾਂ ਬਜ਼ੁਰਗ ਮਾਪਿਆਂ ਦਾ ਵਿਦੇਸ਼ ਜਾਣਾ ਸ਼ੁਰੂ ਹੋ ਗਿਆ ਜੋ ਕਿ ਇਕ ਰੁਝਾਨ ਹੀ ਬਣ ਗਿਆ ਅਤੇ ਹੁਣ ਹਾਲ ਇਹ ਹੈ ਕਿ ਵਿਦੇਸ਼ ਰਹਿੰਦੇ ਹਰ ਐਨ. ਆਰ. ਆਈ. ਦੇ ਬੇਬੇ ਬਾਪੂ ਆਪਣੇ ਬੱਚਿਆਂ ਕੌਲ ਵਿਦੇਸ਼ ਜਾਣਾ ਲੋਚਦੇ ਹਨ।



ਪੰਜਾਬ ਦੇ ਦੋਆਬਾ ਇਲਾਕੇ ਦਾ ਦੌਰਾ ਕਰਦਿਆਂ ਇਹ ਵੀ ਤਸਵੀਰ ਸਾਹਮਣੇ ਆਈ ਕਿ ਬਜ਼ੁਰਗਾਂ ਵਿੱਚ ਵੀ ਮਹਿਲਾ ਬਜ਼ੁਰਗ ਖਾਸ ਕਰਕੇ ਮਾਵਾਂ ਸਭ ਤੋਂ ਜਿਆਦਾ ਕਾਹਲ਼ੀਆਂ ਹਨ, ਆਪਣੇ ਵਿਦੇਸ਼ ਵਿੱਚ ਰਹਿੰਦੇ ਬੱਚਿਆਂ ਕੌਲ ਜਾਣ ਲਈ। ਕਈ ਮਾਵਾਂ ਤਾਂ ਅਜਿਹੀਆਂ ਵੀ ਹਨ ਜੋ ਕਿ ਚੰਗੀ ਸਰਕਾਰੀ ਨੌਕਰੀ ਤੋਂ ਰਿਟਾਇਰ ਹੋ ਕੇ ਚੰਗੀ ਪੈਨਸ਼ਨ ਲੈ ਰਹੀਆਂ ਹਨ ਅਤੇ ਘਰ ਵਿੱਚ ਹਰ ਸੁੱਖ ਸਹੂਲਤ ਹੈ ਪਰ ਫਿਰ ਵੀ ਉਹ ਆਪਣਾ ਬੁਢਾਪਾ ਪੰਜਾਬ ਦੀ ਥਾਂ ਵਿਦੇਸ਼ਾਂ ਵਿੱਚ ਆਪਣੇ ਬੱਚਿਆਂ ਕੋਲ ਜਾ ਕੇ ਹੀ ਕੱਟਣ ਨੂੰ ਤਰਜੀਹ ਦੇਣ ਲੱਗ ਰਹੀਆਂ ਹਨ। ਮਾਵਾਂ ਦੇ ਨਾਲ ਹੀ ਬਾਪੂ ਨੂੰ ਵੀ ਵਿਦੇਸ਼ ਜਾਣਾ ਪੈ ਰਿਹਾ ਹੈ। ਇਸ ਤਰਾਂ ਪੰਜਾਬ ਦੇ ਬਜ਼ੁਰਗਾਂ ਕਾਰਨ ਦੋਆਬੇ ਦੇ ਕਈ ਪਿੰਡਾਂ ਵਿੱਚ ਕਈ ਘਰ ਸੁੰਨੇ ਸੁੰਨੇ ਹੋ ਗਏ ਹਨ। ਕਿਉਂਕਿ ਇਹਨਾਂ ਆਲੀਸ਼ਾਨ ਮਹਿਲਾਂ ਵਰਗੇ ਘਰਾਂ ਦੇ ਪੁੱਤ ਤਾਂ ਪਹਿਲਾਂ ਹੀ ਪਰਵਾਸ ਦਾ ਦਰਦ ਹੰਡਾਂ ਰਹੇ ਹਨ ਪਰ ਹੁਣ ਬਜ਼ੁਰਗ ਵੀ ਆਪਣੇ ਪੁੱਤਾਂ ਵਲੋਂ ਪਾਈਆਂ ਪੈੜਾਂ ਉਪਰ ਹੀ ਤੁਰਨ ਲੱਗ ਪਏ ਹਨ ਤੇ ਵਿਦੇਸ਼ ਉਡਾਰੀਆਂ ਮਾਰਨ ਲੱਗ ਪਏ ਹਨ। ਕਈ ਘਰਾਂ ਵਿੱਚ ਤਾਂ ਹਾਲ ਇਹ ਹੈ ਕਿ ਬਜ਼ੁਰਗ ਮਾਤਾ ਵਿਦੇਸ਼ ਵਿੱਚ ਆਪਣੇ ਧੀਆਂ ਪੁੱਤਾਂ ਕੋਲ ਰਹਿੰਦੀ ਹੈ ਅਤੇ ਬਾਪੂ ਕੱਲਾ ਹੀ ਜਾਂ (ਬਾਕੀ ਸਫ਼ਾ 30 'ਤੇ)



# ਖ਼ਤਰੇ 'ਚ ਹੈ ਭਾਰਤੀ ਮੀਡੀਆ ਦੀ ਆਜ਼ਾਦੀ



## ਅਜੇ ਹੋਰ ਕਿੰਨਾ ਕੁ ਡਿੱਗੇਗਾ ਭਾਰਤੀ ਮੀਡੀਆ ਦਾ ਮਿਆਰ



ਪੱਤਰਕਾਰਾਂ ਵਿਰੁੱਧ ਹਿੰਸਾ, ਪੱਖਪਾਤੀ ਮੀਡੀਆ ਅਤੇ ਮੀਡੀਆ ਅਦਾਰਿਆਂ ਦੀ ਮੁੱਠੀ ਭਰ ਲੋਕਾਂ ਦੇ ਹੱਥਾਂ ਵਿੱਚ ਮਾਲਕੀ ਇਹ ਦਰਸਾਉਂਦੀ ਹੈ ਕਿ ਦੁਨੀਆਂ ਦੇ ਸਭ ਤੋਂ ਵੱਡੇ ਲੋਕ-ਤੰਤਰ ਭਾਰਤ ਵਿੱਚ ਪ੍ਰੈਸ/ਮੀਡੀਆ ਦੀ ਆਜ਼ਾਦੀ ਖ਼ਤਰੇ ਵਿੱਚ ਹੈ।

ਵਰਲਡ ਪ੍ਰੈਸ ਫਰੀਡਮ ਇੰਡੈਕਸ 2023 ਦੀ ਰਿਪੋਰਟ ਆ ਗਈ ਹੈ। ਇਸ ਵਿੱਚ ਭਾਰਤ ਦੀ ਰੈਂਕਿੰਗ 161 ਹੈ, ਯਾਨੀ 180 ਦੇਸ਼ਾਂ ਵਿੱਚੋਂ ਭਾਰਤ ਦੀ ਰੈਂਕਿੰਗ 161 ਹੈ। ਪਿਛਲੇ ਸਾਲ ਭਾਰਤ 150ਵੇਂ ਸਥਾਨ 'ਤੇ ਸੀ। ਉਸ ਤੋਂ ਪਿਛਲੇ ਸਾਲ ਯਾਨੀ 2021 ਵਿੱਚ 142ਵੇਂ ਸਥਾਨ 'ਤੇ ਸੀ। ਥੋੜਾ ਪਿੱਛੇ ਜਾ ਕੇ, ਭਾਰਤ 2012 ਵਿੱਚ 131ਵੇਂ ਅਤੇ 2002 ਵਿੱਚ 80ਵੇਂ ਸਥਾਨ 'ਤੇ ਸੀ, ਜਿਸ ਸਾਲ ਸੂਚਕਾਂਕ ਦਾ ਉਦਘਾਟਨ ਹੋਇਆ ਸੀ। ਯਾਨੀ ਇਸ ਰਿਪੋਰਟ ਅਨੁਸਾਰ ਭਾਰਤ ਵਿੱਚ ਪ੍ਰੈਸ ਦੀ ਆਜ਼ਾਦੀ ਵਿੱਚ ਲਗਾਤਾਰ ਗਿਰਾਵਟ ਆ ਰਹੀ ਹੈ।

ਵਰਲਡ ਪ੍ਰੈਸ ਫਰੀਡਮ ਇੰਡੈਕਸ ਹਰ ਸਾਲ ਰਿਪੋਰਟਰਜ਼ ਵਿਦਾਊਟ ਬਾਰਡਰਜ਼ (ਆਰਐਸਐਫ) ਨਾਂ ਦੀ ਸੰਸਥਾ ਵੱਲੋਂ ਤਿਆਰ ਕੀਤਾ ਜਾਂਦਾ ਹੈ। ਇਹ ਇੱਕ ਅੰਤਰਰਾਸ਼ਟਰੀ ਐਨਜੀਓ ਹੈ, ਜਿਸਦਾ ਉਦੇਸ਼ ਮੀਡੀਆ ਦੀ ਆਜ਼ਾਦੀ ਨੂੰ ਉਤਸ਼ਾਹਿਤ ਕਰਨਾ ਹੈ। ਇਸ ਨੂੰ ਸੰਯੁਕਤ ਰਾਸ਼ਟਰ ਅਤੇ ਯੂਨੈਸਕੋ ਦੁਆਰਾ ਸਲਾਹਕਾਰ ਦਾ ਦਰਜਾ ਦਿੱਤਾ ਗਿਆ ਹੈ। ਇਸ ਸੰਸਥਾ ਦਾ ਮੁੱਖ ਦਫ਼ਤਰ ਪੈਰਿਸ, ਫਰਾਂਸ ਵਿੱਚ ਹੈ। ਇਹ ਐਨਜੀਓ ਦੁਨੀਆਂ ਭਰ ਦੇ 180 ਦੇਸ਼ਾਂ ਵਿੱਚ ਮੀਡੀਆ ਲਈ ਉਪਲਬਧ ਆਜ਼ਾਦੀ ਦੇ ਪੱਧਰ ਦਾ ਮੁਲਾਂਕਣ ਕਰਦਾ ਹੈ ਅਤੇ ਫਿਰ ਇਸ ਦੇ ਆਧਾਰ 'ਤੇ ਰੈਂਕਿੰਗ ਤਿਆਰ ਕਰਦਾ ਹੈ। ਇਸੇ ਤਰ੍ਹਾਂ ਇਨ੍ਹਾਂ 180 ਦੇਸ਼ਾਂ ਵਿੱਚ ਪੱਤਰਕਾਰਾਂ ਅਤੇ ਮੀਡੀਆ ਨੂੰ ਉਪਲਬਧ ਆਜ਼ਾਦੀ ਦੇ ਪੱਧਰ ਦੀ ਤੁਲਨਾ ਕੀਤੀ ਗਈ ਹੈ। ਆਰਐਸਐਫ ਦੇ ਅਨੁਸਾਰ ਪ੍ਰੈਸ ਦੀ ਆਜ਼ਾਦੀ ਦਾ ਮਤਲਬ ਹੈ ਕਿਸੇ ਵੀ ਸਿਆਸੀ, ਆਰਥਿਕ, ਕਾਨੂੰਨੀ ਅਤੇ ਸਮਾਜਿਕ ਦਖਲ ਤੋਂ ਸੁਤੰਤਰ ਅਤੇ ਵਿਅਕਤੀਗਤ ਜਾਂ ਸਮੂਹਿਕ ਪੱਤਰਕਾਰਾਂ ਨੂੰ ਜਨਤਕ ਹਿੱਤ ਵਿੱਚ ਖ਼ਬਰਾਂ ਦੀ ਚੋਣ, ਉਤਪਾਦਨ ਅਤੇ ਪ੍ਰਸਾਰਣ ਲਈ ਕਿਸੇ ਸਰੀਰਕ ਜਾਂ ਮਾਨਸਿਕ ਖ਼ਤਰੇ ਤੋਂ ਬਿਨਾਂ।




ਆਰਐਸਐਫ ਨੇ ਕਿਹਾ ਹੈ ਕਿ, ਪੱਤਰਕਾਰਾਂ ਵਿਰੁੱਧ ਹਿੰਸਾ, ਸਿਆਸੀ ਪੱਖਪਾਤੀ ਮੀਡੀਆ, ਮੀਡੀਆ ਦੀ ਮਲਕੀਅਤ ਕੁਝ ਲੋਕਾਂ ਦੇ ਹੱਥਾਂ ਵਿੱਚ ਹੋਣਾ ਇਹ ਦਰਸਾਉਂਦਾ ਹੈ ਕਿ 2014 ਤੋਂ ਭਾਰਤੀ ਜਨਤਾ ਪਾਰਟੀ ਦੇ ਨੇਤਾ ਅਤੇ ਰਾਸ਼ਟਰਵਾਦੀ ਨਾਲ ਜੁੜੇ ਨਰਿੰਦਰ ਮੋਦੀ ਦੇ ਸ਼ਾਸਨ ਵਾਲੇ ਦੁਨੀਆਂ ਦੇ ਸਭ ਤੋਂ ਵੱਡੇ ਲੋਕ-ਤੰਤਰ ਵਿੱਚ ਪ੍ਰੈਸ ਦੀ ਆਜ਼ਾਦੀ ਹਿੰਦੂ ਵਿਚਾਰਧਾਰਾ ਕਾਰਨ ਖ਼ਤਰੇ ਵਿੱਚ ਹੈ।

ਰਾਜਨੀਤਿਕ ਸੰਦਰਭ ਵਿੱਚ, ਆਰਐਸਐਫ ਨੇ ਲਿਖਿਆ ਹੈ ਕਿ ਭਾਰਤੀ ਮੀਡੀਆ ਨੂੰ ਮੂਲ ਰੂਪ ਵਿੱਚ ਬਸਤੀਵਾਦ ਵਿਰੋਧੀ ਲਹਿਰ ਦੀ ਇੱਕ ਪ੍ਰਗਤੀਸ਼ੀਲ ਉਤਪਾਦ ਮੰਨਿਆ ਗਿਆ ਹੈ ਪਰ ਪਿਛਲੇ ਦਹਾਕੇ ਵਿੱਚ ਹਾਲਾਤ ਬਦਲ ਗਏ, ਜਦੋਂ ਨਰਿੰਦਰ ਮੋਦੀ ਪ੍ਰਧਾਨ ਮੰਤਰੀ ਬਣੇ। ਮੁਕੇਸ਼ ਅੰਬਾਨੀ ਨੂੰ ਪੀਐਮ ਮੋਦੀ ਦਾ ਦੋਸਤ ਦੱਸਦੇ ਹੋਏ ਆਰਐਸਐਫ ਨੇ ਕਿਹਾ ਹੈ ਕਿ ਉਨ੍ਹਾਂ ਦੀ ਕੰਪਨੀ ਰਿਲਾਇੰਸ ਇੰਡਸਟਰੀਜ਼ ਮੀਡੀਆ ਇੰਡਸਟਰੀ 'ਤੇ ਹਾਵੀ ਹੈ। ਇਸੇ ਤਰ੍ਹਾਂ, ਪ੍ਰਧਾਨ ਮੰਤਰੀ ਦੇ ਇੱਕ ਹੋਰ ਮਿੱਤਰ ਅਡਾਨੀ ਦੀ ਐਨਡੀਟੀਵੀ ਪ੍ਰਾਪਤੀ ਨੂੰ ਮੀਡੀਆ ਉਦਯੋਗ ਵਿੱਚ ਬਹੁਲਵਾਦ ਦੇ ਅੰਤ ਦਾ ਸੰਕੇਤ ਦੱਸਿਆ ਗਿਆ ਹੈ। ਆਰਐਸਐਫ ਨੇ ਕਿਹਾ ਹੈ ਕਿ ਮੋਦੀ ਸਮਰਥਕਾਂ (ਜਿਨ੍ਹਾਂ ਨੂੰ ਅੰਧ ਭਗਤ ਦੱਸਿਆ ਜਾਂਦਾ ਹੈ) ਦੁਆਰਾ ਸਰਕਾਰ ਦੀ ਆਲੋਚਨਾ ਕਰਨ ਵਾਲੇ ਪੱਤਰਕਾਰਾਂ ਨੂੰ ਹਰ ਪਾਸੇ ਨਿਸ਼ਾਨਾ ਬਣਾਇਆ ਜਾ ਰਿਹਾ ਹੈ।

ਆਰਐਸਐਫ ਨੇ ਕਿਹਾ ਹੈ ਕਿ ਭਾਰਤੀ ਕਾਨੂੰਨ ਸਿਧਾਂਤਕ ਤੌਰ 'ਤੇ ਸੁਰੱਖਿਆਤਮਕ ਹੈ, ਪਰ ਸਰਕਾਰ ਦੁਆਰਾ ਅਕਸਰ ਭਾਰਤੀ ਪੱਤਰਕਾਰਾਂ 'ਤੇ ਮਾਣਹਾਨੀ, ਦੇਸ਼-ਧ੍ਰੋਹ, ਅਦਾਲਤ ਦੀ ਅਪਮਾਨ ਅਤੇ ਰਾਸ਼ਟਰੀ ਸੁਰੱਖਿਆ ਨੂੰ ਖ਼ਤਰੇ ਵਿੱਚ ਪਾਉਣ ਦੇ ਦੋਸ਼ ਲਗਾਏ ਜਾਂਦੇ ਹਨ ਅਤੇ ਉਨ੍ਹਾਂ ਨੂੰ ਦੇਸ਼ ਵਿਰੋਧੀ ਕਿਹਾ ਜਾਂਦਾ ਹੈ। ਸਰਕਾਰ ਵਿਰੋਧੀ ਪ੍ਰਦਰਸ਼ਨਾਂ ਨੂੰ ਕਵਰ ਕਰਨ ਦੀ ਕੋਸ਼ਿਸ਼ ਕਰਨ ਵਾਲੇ ਪੱਤਰਕਾਰਾਂ ਨੂੰ ਅਕਸਰ ਗ੍ਰਿਫ਼ਤਾਰ ਕੀਤਾ ਜਾਂਦਾ ਹੈ ਅਤੇ ਕਈ ਵਾਰ ਮਨਮਾਨੀ ਢੰਗ ਨਾਲ ਨਜ਼ਰਬੰਦ ਕੀਤਾ ਜਾਂਦਾ ਹੈ।

ਆਰਥਿਕ ਪੱਖੋਂ ਐਨਜੀਓ ਦਾ ਕਹਿਣਾ ਹੈ ਕਿ ਭਾਰਤੀ ਮੀਡੀਆ ਜ਼ਿਆਦਾਤਰ ਸਥਾਨਕ ਅਤੇ ਖੇਤਰੀ ਸਰਕਾਰਾਂ ਦੇ ਇਸ਼ਤਿਹਾਰਾਂ 'ਤੇ ਨਿਰਭਰ ਹੈ। ਵਪਾਰ ਅਤੇ ਸੰਪਾਦਕੀ ਨੀਤੀ ਦੇ ਵਿਚਕਾਰ ਅਕਸਰ ਇੱਕ ਸਪਸ਼ਟ ਸੀਮਾ ਦੀ ਘਾਟ ਹੁੰਦੀ ਹੈ, ਅਤੇ ਕਹਾਣੀਆਂ ਨੂੰ ਵਪਾਰਕ ਲੋੜਾਂ ਅਨੁਸਾਰ ਐਡਜਸਟ ਕੀਤਾ ਜਾਂਦਾ ਹੈ। ਜਿਸ ਦਾ ਫਾਇਦਾ ਉਠਾ ਕੇ ਸਰਕਾਰਾਂ ਆਪਣਾ ਬਿਰਤਾਂਤ ਥੋਪ ਸਕਦੀਆਂ ਹਨ।

ਸਮਾਜਿਕ-ਆਰਥਿਕ ਸੰਦਰਭ ਵਿੱਚ, ਆਰਐਸਐਫ ਦੇ ਅਨੁਸਾਰ, ਭਾਰਤੀ ਸਮਾਜ ਦੀ ਵਿਸ਼ਾਲ ਵਿਭਿੰਨਤਾ ਮੁੱਖ ਧਾਰਾ ਮੀਡੀਆ ਵਿੱਚ ਸ਼ਾਇਦ ਹੀ ਦਿਖਾਈ ਦਿੰਦੀ ਹੈ। ਪੱਤਰਕਾਰੀ ਵਿੱਚ ਜ਼ਿਆਦਾਤਰ ਅਹੁਦਿਆਂ 'ਤੇ ਉੱਚ ਜਾਤੀ ਦੇ ਹਿੰਦੂ ਮਰਦ ਹੀ ਕਾਬਜ਼ ਹਨ। ਜਦੋਂ ਕੋਵਿਡ -19 ਸੰਕਟ ਆਪਣੇ ਸਿਖਰ 'ਤੇ ਸੀ, ਕੁਝ ਟੀਵੀ ਐਂਕਰਾਂ ਨੇ ਇਸ ਲਈ ਮੁਸਲਿਮ ਘੱਟ ਗਿਣਤੀ ਨੂੰ ਜ਼ਿੰਮੇਵਾਰ ਠਹਿਰਾਇਆ।

ਸੁਰੱਖਿਆ ਦੇ ਲਿਹਾਜ਼ ਨਾਲ ਆਰਐਸਐਫ ਨੇ ਮੀਡੀਆ ਲਈ ਭਾਰਤ ਨੂੰ ਦੁਨੀਆਂ ਦਾ ਸਭ ਤੋਂ ਖਤਰਨਾਕ ਦੇਸ਼ ਦੱਸਿਆ ਹੈ। ਆਰਐਸਐਫ ਦਾ ਕਹਿਣਾ ਹੈ ਕਿ ਹਰ ਸਾਲ ਔਸਤਨ ਤਿੰਨ ਜਾਂ ਚਾਰ ਪੱਤਰਕਾਰ ਉਨ੍ਹਾਂ ਦੇ ਕੰਮ ਕਾਰਨ ਮਾਰੇ ਜਾਂਦੇ ਹਨ। ਪੱਤਰਕਾਰਾਂ ਨੂੰ ਹਰ ਕਿਸਮ ਦੀ ਸਰੀਰਕ ਹਿੰਸਾ ਦਾ ਸਾਹਮਣਾ ਕਰਨਾ ਪੈਂਦਾ ਹੈ, ਜਿਸ ਵਿੱਚ ਪੁਲਿਸ ਹਿੰਸਾ, ਰਾਜਨੀਤਿਕ ਕਾਰਕੁਨਾਂ ਦੁਆਰਾ ਹਿੰਸਾ, ਅਪਰਾਧਿਕ ਸਮੂਹ ਜਾਂ ਇੱਥੋਂ ਤੱਕ ਕਿ ਭ੍ਰਿਸ਼ਟ ਸਥਾਨਕ ਅਧਿਕਾਰੀਆਂ ਦੁਆਰਾ ਵੀ ਹਿੰਸਾ ਸ਼ਾਮਲ ਹੈ। ਸੋਸ਼ਲ ਮੀਡੀਆ ਜਾਂ ਔਨਲਾਈਨ ਪਲੇਟਫਾਰਮਾਂ 'ਤੇ ਪੱਤਰਕਾਰਾਂ ਖ਼ਾਸਕਰ ਮਹਿਲਾ ਪੱਤਰਕਾਰਾਂ ਨੂੰ ਵੀ ਨਿਸ਼ਾਨਾ ਬਣਾਇਆ ਜਾਂਦਾ ਹੈ। ਆਰਐਸਐਫ ਨੇ ਕਸ਼ਮੀਰ ਦੀ ਸਥਿਤੀ ਨੂੰ ਚਿੰਤਾਜਨਕ ਦੱਸਿਆ ਹੈ ਅਤੇ ਕਿਹਾ ਕਿ ਸੁਰੱਖਿਆ ਬਲਾਂ ਵੱਲੋਂ ਪੱਤਰਕਾਰਾਂ ਨੂੰ ਅਕਸਰ ਪ੍ਰੇਸ਼ਾਨ ਕੀਤਾ ਜਾਂਦਾ ਹੈ।

ਹਾਲਾਂ ਕਿ ਜਦੋਂ ਵੀ ਅਜਿਹੀਆਂ ਰਿਪੋਰਟਾਂ ਆਉਂਦੀਆਂ ਹਨ। ਅਕਸਰ ਉਨ੍ਹਾਂ ਦੇ ਖ਼ਿਲਾਫ਼ ਇਹ ਦਲੀਲ ਦਿੱਤੀ ਜਾਂਦੀ ਹੈ ਕਿ ਉਨ੍ਹਾਂ ਦੀ ਕਾਰਜਪ੍ਰਣਾਲੀ ਜਾਂ ਤਰੀਕਾ ਸਹੀ ਨਹੀਂ ਹੈ ਕਿਉਂਕਿ ਪਾਕਿਸਤਾਨ ਅਤੇ ਅਫ਼ਗਾਨਿਸਤਾਨ ਵਰਗੇ ਦੇਸ਼ ਸੂਚਕਾਂਕ ਵਿੱਚ ਸਾਡੇ ਤੋਂ ਉੱਪਰ ਹਨ, ਹਾਲਾਂ ਕਿ ਅਸੀਂ ਇਨ੍ਹਾਂ ਦੇਸ਼ਾਂ ਦੀ ਹਾਲਤ ਦੇਖ ਰਹੇ ਹਾਂ।

## ਮਜ਼ਬੂਤ ਗਣਰਾਜ ਦੀ ਸਥਾਪਨਾ ਲਈ ਆਜ਼ਾਦ ਪ੍ਰੈੱਸ ਜ਼ਰੂਰੀ: ਸੁਪਰੀਮ ਕੋਰਟ




ਮੀਡੀਆ ਵਨ ਚੈਨਲ ਦੇ ਲਾਇਸੈਂਸ ਨਵਿਆਉਣ 'ਤੇ ਸੁਣਵਾਈ ਕਰਦੇ ਹੋਏ ਸੁਪਰੀਮ ਕੋਰਟ ਨੇ ਕਿਹਾ ਸੀ-"ਇੱਕ ਮਜ਼ਬੂਤ ਲੋਕ-ਤੰਤਰੀ ਗਣਰਾਜ ਦੇ ਕੰਮਕਾਜ ਲਈ ਇੱਕ ਆਜ਼ਾਦ ਪ੍ਰੈਸ ਦੀ ਲੋੜ ਹੁੰਦੀ ਹੈ। ਇੱਕ ਜਮਹੂਰੀ ਸਮਾਜ ਵਿੱਚ ਪ੍ਰੈਸ ਦੀ ਭੂਮਿਕਾ ਬਹੁਤ ਮਹੱਤਵਪੂਰਨ ਹੁੰਦੀ ਹੈ। ਪ੍ਰੈਸ ਇਸ ਗੱਲ 'ਤੇ ਰੌਸ਼ਨੀ ਪਾਉਂਦਾ ਹੈ ਕਿ ਰਾਜ ਕਿਵੇਂ ਚੱਲ ਰਿਹਾ ਹੈ। ਸੱਚ ਬੋਲਣਾ ਅਤੇ ਤੱਥਾਂ ਨੂੰ ਪੇਸ਼ ਕਰਨਾ ਪ੍ਰੈਸ ਦਾ ਫਰਜ਼ ਹੈ, ਤਾਂ ਜੋ ਲੋਕ-ਤੰਤਰ ਸਹੀ ਦਿਸ਼ਾ 'ਚ ਚੱਲੇ। ਜੇਕਰ ਪ੍ਰੈਸ ਦੀ ਆਜ਼ਾਦੀ 'ਤੇ ਪਾਬੰਦੀ ਲੱਗ ਜਾਵੇ ਤਾਂ ਨਾਗਰਿਕ ਵੀ ਇਸੇ ਤਰ੍ਹਾਂ ਸੋਚਣਾ ਸ਼ੁਰੂ ਕਰ ਦੇਣਗੇ ਅਤੇ ਜੇਕਰ ਸਮਾਜ ਸਮਾਜਿਕ, ਆਰਥਿਕ ਤੌਰ 'ਤੇ ਇਹੋ ਵਿਚਾਰਧਾਰਾ ਰੱਖਣ ਲੱਗ ਪਏ ਤਾਂ ਸਿਆਸੀ ਤੌਰ 'ਤੇ, ਫਿਰ ਲੋਕ-ਤੰਤਰ ਲਈ ਗੰਭੀਰ ਖ਼ਤਰੇ ਪੈਦਾ ਹੋਣਗੇ।"

## ਸਰਕਾਰ ਦੀ ਅਲੋਚਨਾ ਨੂੰ ਕਿਹਾ ਜਾਂਦਾ ਹੈ ਦੇਸ਼ ਵਿਰੋਧੀ: ਸਾਂਸਦ ਪਵਨ ਕੁਮਾਰ

ਸਾਬਕਾ ਡਿਪਲੋਮੈਟ ਅਤੇ ਰਾਜ ਸਭਾ ਮੈਂਬਰ ਪਵਨ ਕੁਮਾਰ ਵਰਮਾ ਨੇ ਇਸ ਪੂਰੇ ਮਾਮਲੇ 'ਤੇ ਇੱਕ ਕਾਲਮ ਲਿਖਿਆ ਹੈ - "ਮੀਡੀਆ ਪਲੇਟਫਾਰਮਾਂ ਨੂੰ ਧਮਕੀਆਂ ਦੇਣਾ, ਉਨ੍ਹਾਂ 'ਤੇ ਦਬਾਅ ਪਾਉਣਾ, ਉਨ੍ਹਾਂ ਨੂੰ ਸਜ਼ਾ ਦੇਣਾ, ਇਸ਼ਤਿਹਾਰ ਨਾ ਦੇਣਾ, ਲੋਕ-ਤੰਤਰ ਦੀਆਂ ਸੀਮਾਵਾਂ ਨੂੰ ਪਾਰ ਕਰਨ ਵਾਲੀਆਂ ਗਤੀਵਿਧੀਆਂ ਕਹੀਆਂ ਜਾਣਗੀਆਂ। ਤਾਂ ਕੀ ਸਰਕਾਰ ਨੇ ਇਹ ਸੀਮਾ ਪਾਰ ਕਰ ਲਈ ਹੈ? ਹਾਂ ਅਤੇ ਨਹੀਂ ਜਾਂ ਦੋਵੇਂ। ਕੋਈ ਨਹੀਂ ਕਹਿ ਸਕਦਾ ਕਿ ਕੋਈ ਆਜ਼ਾਦ ਨਹੀਂ ਹੈ। ਪਰ ਇਹ ਵੀ ਨਹੀਂ ਕਿਹਾ ਜਾ ਸਕਦਾ ਕਿ ਇਸ ਨੂੰ ਰੋਕਣ ਦੇ ਯਤਨ ਨਹੀਂ ਕੀਤੇ ਗਏ ਹਨ। ਅਜੋਕੇ ਸਮੇਂ ਵਿੱਚ ਕੁਝ ਪਰੇਸ਼ਾਨ ਕਰਨ ਵਾਲੇ ਰੁਝਾਨ ਸਾਹਮਣੇ ਆਏ ਹਨ, ਜਿਨ੍ਹਾਂ ਨੂੰ ਨਜ਼ਰ ਅੰਦਾਜ਼ ਨਹੀਂ ਕੀਤਾ ਜਾ ਸਕਦਾ। ਪਹਿਲੀ ਗੱਲ ਤਾਂ ਇਹ ਕਿ ਸਰਕਾਰ ਦੀ ਕਿਸੇ ਵੀ ਤਰ੍ਹਾਂ ਦੀ ਆਲੋਚਨਾ ਨੂੰ ਤੁਰੰਤ ਦੇਸ਼ ਵਿਰੋਧੀ ਕਰਾਰ ਦਿੱਤਾ ਜਾਂਦਾ ਹੈ ਜਾਂ ਰਾਸ਼ਟਰੀ ਸੁਰੱਖਿਆ ਦੇ ਵਿਰੁੱਧ ਕਿਹਾ ਜਾਂਦਾ ਹੈ।"




**ਕੁਝ ਬੁੱਧੀਜੀਵੀ ਕਹਿ ਰਹੇ ਹਨ ਕਿ ਭਾਰਤ ਵਿੱਚ ਜਦੋਂ ਤੋਂ ਮੋਦੀ ਸਰਕਾਰ ਬਣੀ ਹੈ, ਉਦੋਂ ਤੋਂ ਮੀਡੀਆ ਦੀ ਆਜ਼ਾਦੀ ਖ਼ਤਰੇ ਵਿੱਚ ਪਈ ਹੋਈ ਹੈ। ਇਹਨਾਂ ਬੁੱਧੀਜੀਵੀਆਂ ਅਨੁਸਾਰ ਜਿਆਦਾ ਨੈਸ਼ਨਲ ਨਿਊਜ਼ ਚੈਨਲ ਮੋਦੀ ਸਰਕਾਰ ਦੀ ਬੋਲੀ ਬੋਲਦੇ ਹਨ। ਇਸੇ ਕਾਰਨ ਕੁਝ ਵਿਦਵਾਨ ਇਹਨਾਂ ਨਿਊਜ਼ ਚੈਨਲਾਂ ਨੂੰ ਸਰਕਾਰੀ ਤੋਤੇ ਵੀ ਕਹਿੰਦੇ ਹਨ। ਜੇ ਕੋਈ ਨਿਊਜ਼ ਚੈਨਲ ਸਰਕਾਰ ਵਿਰੁੱਧ ਬੋਲਦਾ ਹੈ ਤਾਂ ਉਸ ਨੂੰ ਬੰਦ ਕਰਵਾਉਣ ਦੇ ਯਤਨ ਕੀਤੇ ਜਾਂਦੇ ਹਨ। ਸਰਕਾਰ ਦੀ ਬੋਲੀ ਬੋਲਣ ਕਾਰਨ ਵੱਡੀ ਗਿਣਤੀ ਨੈਸ਼ਨਲ ਨਿਊਜ਼ ਚੈਨਲਾਂ ਦੀਆਂ ਖ਼ਬਰਾਂ ਤੇ ਆਮ ਲੋਕ ਹੁਣ ਘੱਟ ਵਿਸ਼ਵਾਸ ਕਰਦੇ ਹਨ, ਜਿਸ ਕਾਰਨ ਮੀਡੀਆ ਦਾ ਮਿਆਰ ਡਿੱਗਦਾ ਜਾ ਰਿਹਾ ਹੈ। ਵਿਦਵਾਨਾਂ ਦਾ ਕਹਿਣਾ ਹੈ ਕਿ ਇਹ ਵੇਖਣ ਵਾਲੀ ਗਲ ਹੋਵੇਗੀ ਕਿ ਭਾਰਤੀ ਮੀਡੀਆ ਦਾ ਮਿਆਰ ਅਜੇ ਹੋਰ ਕਿੰਨਾ ਕੁ ਡਿੱਗੇਗਾ।**

# ਹਾਲੀਵੁੱਡ: 60 ਸਾਲਾਂ ’ਚ ਸਭ ਤੋਂ ਵੱਡੀ ਹੜਤਾਲ

## ਜੈਨੀਫਰ ਲਾਰੈਂਸ, ਬ੍ਰੈਡ ਪਿਟ ਸਮੇਤ 1.71 ਲੱਖ ਲੇਖਕਾਂ-ਅਦਾਕਾਰਾਂ ਨੇ ਕੀਤਾ ਕੰਮ ਬੰਦ




ਹਾਲੀਵੁੱਡ/ਏ.ਟੀ.ਨਿਊਜ਼: ਅਮਰੀਕਾ ’ਚ ਹਾਲੀਵੁੱਡ ਲੇਖਕਾਂ ਦੀ ਦੋ ਮਹੀਨੇ ਤੋਂ ਚੱਲ ਰਹੀ ਹੜਤਾਲ ’ਚ ਹਾਲੀਵੁੱਡ ਦੇ ਕਈ ਅਦਾਕਾਰ ਸ਼ਾਮਲ ਹੋ ਗਏ ਹਨ। ਇੱਕ ਰਿਪੋਰਟ ਮੁਤਾਬਕ ਪਿਛਲੇ 6 ਦਹਾਕਿਆਂ ਵਿੱਚ ਹਾਲੀਵੁੱਡ ਵਿੱਚ ਇਹ ਸਭ ਤੋਂ ਵੱਡੀ ਹੜਤਾਲ ਹੈ। ਅਦਾਕਾਰਾਂ ਨੇ ਐਲਾਨ ਕੀਤਾ ਕਿ ਉਹ ਹੜਤਾਲ ਦੌਰਾਨ ਕਿਸੇ ਵੀ ਫਿਲਮ ਦੀ ਸ਼ੂਟਿੰਗ ਜਾਂ ਪ੍ਰਮੋਸ਼ਨ ਵਿੱਚ ਸ਼ਾਮਲ ਨਹੀਂ ਹੋਣਗੇ। ਇਸ ਨਾਲ ਅਵਤਾਰ ਅਤੇ ਗਲੇਡੀਏਟਰ ਵਰਗੀਆਂ ਵੱਡੀਆਂ ਫਿਲਮਾਂ ਦੀਆਂ ਸੀਰੀਜ਼ ਦੇ ਸੀਕਵਲ ਨੂੰ ਖਤਰਾ ਹੈ।




ਕ੍ਰਿਸਟੋਫਰ ਨੋਲਨ ਦੀ ਓਪਨਹਾਈਮਰ ਮੂਵੀ ਦੇ ਕਲਾਕਾਰ ਮੇਟ ਡੈਮ, ਐਮਿਲੀ ਬਲੰਟ, ਸਿਲਿਅਨ ਮਰਫੀ ਅਤੇ ਫਲੋਰੈਂਸ ਪੁਗ ਪ੍ਰੀਮੀਅਰ ਛੱਡ ਕੇ ਚਲੇ ਗਏ। ਲਾਸ ਏਂਜਲਸ ਵਿੱਚ ਨੈੱਟਫਲਿਕਸ ਦੇ ਦਫ਼ਤਰ ਦੇ ਸਾਹਮਣੇ 1.71 ਲੱਖ ਤੋਂ ਵੱਧ ਲੇਖਕ ਅਤੇ ਅਦਾਕਾਰ ਪ੍ਰਦਰਸ਼ਨ ਕਰ ਰਹੇ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਆਰਟੀਫੀਸ਼ੀਅਲ ਇੰਟੈਲੀਜੈਂਸ ਦੀ ਵਧਦੀ ਵਰਤੋਂ ਕਾਰਨ ਉਨ੍ਹਾਂ ਨੂੰ ਕੰਮ ਨਹੀਂ ਮਿਲ ਰਿਹਾ, ਉਹਨਾਂ ਦੀ ਕਮਾਈ ਘਟ ਗਈ ਹੈ।




11 ਹਫ਼ਤਿਆਂ ਤੋਂ ਚੱਲ ਰਹੀ ਲੇਖਕਾਂ ਦੀ ਇਸ ਹੜਤਾਲ ਨੂੰ ਹਾਲੀਵੁੱਡ ਦੀਆਂ ਕਈ ਹਸਤੀਆਂ ਨੇ ਵੀ ਸਮਰਥਨ ਦਿੱਤਾ ਹੈ। ਇਨ੍ਹਾਂ ਵਿੱਚ ਬ੍ਰੈਡ ਪਿਟ, ਮੈਰਿਲ ਸਟ੍ਰੀਪ, ਜੈਨੀਫਰ ਲਾਰੈਂਸ, ਚਾਰਲੀਜ਼ ਥੇਰੋਨ, ਜੋਕਿਨ ਫਿਨੋਕਸ, ਜੈਮੀ ਲੀ ਕਰਟਿਸ, ਓਲੀਵੀਆ ਵਾਈਲਡ, ਈਵਾਨ ਮੈਕਗ੍ਰੇਗਰ ਸ਼ਾਮਲ ਹਨ। ਜਾਰਜ ਕਲੂਨੀ, ਜੋਨ ਕੁਸੈਕ ਅਤੇ ਮਾਰਕ ਰਫਾਲੋ ਨੇ ਵੀ ਇਸ ਮੁਹਿੰਮ ਨੂੰ ਆਪਣਾ ਸਮਰਥਨ ਦਿੱਤਾ ਹੈ।

### ਲੇਖਕਾਂ ਨੂੰ ਮੁਨਾਫੇ ਤੋਂ ਦੂਰ ਰੱਖਣਾ ਚਾਹੁੰਦੇ ਹਨ ਪ੍ਰੋਡਕਸ਼ਨ ਹਾਊਸ

ਐਚਬੀਓ ਦੀ ਸਕਸੇਸ਼ਨ ਲੜੀ ਦੇ ਮੁੱਖ ਅਦਾਕਾਰ ਬ੍ਰਾਇਨ ਕੌਕਸ ਨੇ ਦੱਸਿਆ ਕਿ ਇਹ ਹੜਤਾਲ ਪੂਰੇ ਸਾਲ ਤੱਕ ਚੱਲਣ ਦੀ ਉਮੀਦ ਹੈ। ਫਿਲਮਾਂ ਅਤੇ ਲੜੀਵਾਰਾਂ ਦੀ ਸਟ੍ਰੀਮਿੰਗ ਵਿੱਚ ਬਹੁਤ ਸਾਰਾ ਪੈਸਾ ਹੈ ਅਤੇ ਪ੍ਰੋਡਕਸ਼ਨ ਹਾਊਸ ਲੇਖਕਾਂ ਅਤੇ ਅਦਾਕਾਰਾਂ ਨਾਲ ਮੁਨਾਫਾ ਸਾਂਝਾ ਨਹੀਂ ਕਰਨਾ ਚਾਹੁੰਦੇ ਹਨ। ਉਹ ਸਾਨੂੰ ਬਾਹਰ ਕੱਢਣਾ ਚਾਹੁੰਦੇ ਹਨ।

ਪ੍ਰਦਰਸ਼ਨਕਾਰੀਆਂ ਦਾ ਕਹਿਣਾ ਹੈ ਕਿ ਪ੍ਰੋਡਕਸ਼ਨ ਹਾਊਸਾਂ ਦੀ ਮਨਮਾਨੀ ਕਾਰਨ ਉਨ੍ਹਾਂ ਨੂੰ ਇੰਡਸਟਰੀ ’ਚ ਟਿਕਣ ਲਈ ਸੰਘਰਸ਼ ਕਰਨਾ ਪੈ ਰਿਹਾ ਹੈ। ਅਭਿਨੇਤਰੀ ਫੇਲਿਸੀਆ ਡੇ ਨੇ ਕਿਹਾ ਕਿ ਇਸ ਸਮੇਂ ਹਾਲਾਤ ਅਜਿਹੇ ਹੋ ਗਏ ਹਨ ਕਿ ਤੁਸੀਂ ਬਚ ਵੀ ਨਹੀਂ ਸਕਦੇ। ਪੈਸੇ ਦੀ ਘਾਟ ਕਾਰਨ ਅਸੀਂ ਬੇਘਰੇ ਹੋਣ ਦੇ ਸੰਕਟ ਦਾ ਸਾਹਮਣਾ ਕਰ ਰਹੇ ਹਾਂ।

ਰਾਈਟਰਜ਼ ਗਿਲਡ ਆਫ ਅਮਰੀਕਾ (ਡਬਲਯੂ.ਜੀ.ਏ.) ਦੇ 11,500 ਅਤੇ ਸਕ੍ਰੀਨ ਐਕਟਰਜ਼ ਗਿਲਡ-ਅਮਰੀਕਨ ਫੈਡਰੇਸ਼ਨ ਆਫ ਟੈਲੀਵਿਜ਼ਨ ਐਂਡ ਰੇਡੀਓ ਆਰਟਿਸਟ ਯੂਨੀਅਨ ਦੇ 1.60 ਲੱਖ ਮੈਂਬਰ ਹੜਤਾਲ ’ਤੇ ਹਨ। ਹਾਲੀਵੁੱਡ ਦੇ ਕਈ ਦਿੱਗਜ ਅਦਾਕਾਰਾਂ ਨੇ ਵੀ ਉਸ ਦਾ ਸਮਰਥਨ ਕੀਤਾ ਹੈ। ਨੇਟਫਲਿਕਸ ਵਰਗੇ ਪਲੇਟਫਾਰਮਾਂ ਦਾ ਕਹਿਣਾ ਹੈ ਕਿ ਐਮਾਜ਼ਾਨ, ਐਪਲ ਦੇ ਨਾਲ ਸਟ੍ਰੀਮਿੰਗ ਵਿਵਾਦ ਨੇ ਸਥਿਤੀ ਨੂੰ ਵਿਗਾੜ ਦਿੱਤਾ ਹੈ।

### ਲੇਖਕਾਂ ਨੂੰ ਜਿਗ ਵਰਕਰਾਂ ਵਾਂਗ ਬਣਾਇਆ ਗਿਆ ਹੈ : ਰਾਈਟਰਜ਼ ਯੂਨੀਅਨ

ਆਰਟੀਫੀਸ਼ੀਅਲ ਇੰਟੈਲੀਜੈਂਸ ਦੀ ਮਦਦ ਨਾਲ ਹਾਲੀਵੁੱਡ ’ਚ ਨਵੇਂ ਆਈਡੀਆ, ਸਟੋਰੀ ਲਾਈਨ, ਡਾਇਲਾਗ ਅਤੇ ਸਕ੍ਰਿਪਟ ਰਾਈਟਿੰਗ ਕੀਤੀ ਜਾ ਰਹੀ ਹੈ,ਇਸ ਕਾਰਨ ਲੇਖਕਾਂ ਨੂੰ ਕੰਮ ਨਹੀਂ ਮਿਲ ਰਿਹਾ। ਰਾਈਟਰਜ਼ ਯੂਨੀਅਨ ਦੇ ਮੁਖੀ ਫ੍ਰੈਨ ਡ੍ਰੈਸਰ ਨੇ ਕਿਹਾ ਕਿ ਕਲਾਕਾਰ ਰੋਜ਼ਾਨਾ ਬਰਖਾਸਤਗੀ ਤੋਂ ਅੱਕ ਚੁੱਕੇ ਹਨ, ਹੁਣ ਕੰਮ ਮਿਲਣਾ ਘਟ ਗਿਆ ਹੈ। ਏਆਈ ਦੇ ਕਾਰਨ, ਕੰਪਨੀਆਂ ਨੇ ਲੇਖਕਾਂ ਨੂੰ ਗਿੱਗ ਵਰਕਰ ਬਣਾ ਦਿੱਤਾ ਹੈ।

### ਆਰਟੀਫ਼ੀਸ਼ੀਅਲ ਇੰਟੈਲੀਜੈਂਸ ਕਾਰਨ ਬੈਕ ਗਰਾਊਂਡ ਅਦਾਕਾਰਾਂ ਦੀ ਨਹੀਂ ਹੋਵੇਗੀ ਲੋੜ

ਕਈ ਪ੍ਰੋਡਕਸ਼ਨ ਹਾਊਸਾਂ ਦਾ ਪ੍ਰਸਤਾਵ ਹੈ ਕਿ ਬੈਕ ਗਰਾਊਂਡ ਵਾਲੇ ਕਲਾਕਾਰਾਂ ਨੂੰ ਇੱਕ ਵਾਰ ਸਕੈਨ ਕੀਤਾ ਜਾਵੇ ਅਤੇ ਇੱਕ ਦਿਨ ਦੀ ਤਨਖਾਹ ਦਿੱਤੀ ਜਾਵੇ। ਇਸ ਤੋਂ ਬਾਅਦ ਕੰਪਨੀਆਂ ਜਦੋਂ ਵੀ ਚਾਹੁਣ, ਕਿਸੇ ਵੀ ਪ੍ਰੋਜੈਕਟ ਵਿੱਚ ਆਰਟੀਫੀਸ਼ੀਅਲ ਇੰਟੈਲੀਜੈਂਸ ਰਾਹੀਂ ਆਪਣੇ ਸਕੈਨ ਦੀ ਵਰਤੋਂ ਕਰ ਸਕਣਗੀਆਂ। ਇਸ ਦੇ ਲਈ ਨਾ ਤਾਂ ਵਾਰ-ਵਾਰ ਅਦਾਕਾਰਾਂ ਦੀ ਸਹਿਮਤੀ ਦੀ ਲੋੜ ਪਵੇਗੀ ਅਤੇ ਨਾ ਹੀ ਹਰ ਵਾਰ ਕੋਈ ਮੁਆਵਜ਼ਾ ਦਿੱਤਾ ਜਾਵੇਗਾ।

---

ਅਪੂਰਵਾਨੰਦ
ਪ੍ਰੋਫੈਸਰ ਦਿੱਲੀ ਯੂਨੀਵਰਸਿਟੀ





# ਬਾਗੀ ਕਸ਼ਮੀਰ ਤੇ ਰਾਸ਼ਟਰੀ ਗੀਤ ਨਾ ਗਾਉਣ ਦੀ ਸਜ਼ਾ ਬਨਾਮ ਬਸਤੀਵਾਦੀ ਨੀਤੀ

ਜੰਮੂ-ਕਸ਼ਮੀਰ ਵਿੱਚ ਇੱਕ ਪ੍ਰੋਗਰਾਮ ਦੌਰਾਨ ‘ਜਨ ਗਣ ਮਨ’ ਗਾਇਆ ਜਾ ਰਿਹਾ ਸੀ ਤਾਂ ਕੁਝ ਲੋਕ ਖੜ੍ਹੇ ਨਹੀਂ ਹੋਏ। ਇਹ ‘ਅਮਨ ਦੇ ਲਈ ਸਾਈਕਲ ਚਲਾਓ’ ਪ੍ਰੋਗਰਾਮ ਦਾ ਸਮਾਪਤੀ ਸਮਾਰੋਹ ਸੀ ਜੋ ਇਨ੍ਹਾਂ ਗ੍ਰਿਫਤਾਰੀਆਂ ਨਾਲ ਸਮਾਪਤ ਹੋਇਆ। ਪ੍ਰੋਗਰਾਮ ਵਿਚ ਜੰਮੂ-ਕਸ਼ਮੀਰ ਦੇ ਉਪ ਰਾਜਪਾਲ ਮੌਜੂਦ ਸਨ ਅਤੇ ਉਨ੍ਹਾਂ ਦੀ ਮੌਜੂਦਗੀ ਵਿੱਚ ਰਾਸ਼ਟਰੀ ਗੀਤ ਗਾਇਆ ਜਾ ਰਿਹਾ ਸੀ। ਅਜਿਹੇ ਗੰਭੀਰ ਕੌਮੀ ਪਲਾਂ ਵਿੱਚ ਬੈਠੇ ਰਹਿਣਾ ਇਸ ਤੋਂ ਵਧਕੇ ਅਸੱਭਿਅਕ ਵਰਤਾਰਾ ਕੀ ਹੋ ਸਕਦਾ ਹੈ ?

ਜਦੋਂ ਬਾਹਰਲੇ ਲੋਕਾਂ ਨੇ ਇਹ ਕਹਿਣਾ ਸ਼ੁਰੂ ਕਰ ਦਿੱਤਾ ਕਿ 14 ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ, ਤਾਂ ਰਾਜ ਦੀ ਪੁਲਿਸ ਨੇ ਸਪੱਸ਼ਟ ਕੀਤਾ ਕਿ ਇਹ ਕੋਈ ਗ੍ਰਿਫ਼ਤਾਰੀ ਨਹੀਂ ਹੈ ਅਤੇ ਸਿਰਫ਼ 11 ਲੋਕਾਂ ਨੂੰ ਅਣਗਹਿਲੀ ਲਈ ਹਿਰਾਸਤ ਵਿੱਚ ਲਿਆ ਗਿਆ ਹੈ। ਗ੍ਰਿਫ਼ਤਾਰੀ ਅਤੇ ਨਜ਼ਰਬੰਦੀ ਵਿੱਚ ਜ਼ੁਬਾਨੀ ਫਰਕ ਭਾਵੇਂ ਕੁਝ ਵੀ ਹੋਵੇ, ਮਾਮਲਾ ਇੱਕੋ ਜਿਹਾ ਹੈ। ਇਨ੍ਹਾਂ ਸਾਰਿਆਂ ਨੂੰ 7 ਦਿਨਾਂ ਲਈ ਹਿਰਾਸਤ ਵਿੱਚ ਭੇਜ ਦਿੱਤਾ ਗਿਆ। ਇਹ ਉਨ੍ਹਾਂ ਲਈ ਅੱਗੇ ਤੋਂ ਚੰਗਾ ਵਿਹਾਰ ਕਰਨ ਲਈ ਨਸੀਹਤ ਵਜੋਂ ਸਜ਼ਾ ਸੀ।



ਇਸ ਪੂਰੇ ਘਟਨਾਕ੍ਰਮ ਵਿੱਚ ਜੰਮੂ-ਕਸ਼ਮੀਰ ਪੁਲਿਸ ਦੀ ਚਲਾਕੀ ਦੇਖੀ ਜਾ ਸਕਦੀ ਹੈ। ਉਨ੍ਹਾਂ ਨੇ ਕਿਤੇ ਵੀ ਇਹ ਨਹੀਂ ਕਿਹਾ ਕਿ ਰਾਸ਼ਟਰੀ ਗੀਤ ਦੌਰਾਨ ਬੈਠਣ ਦੀ ਸਜ਼ਾ ਹੈ। ਅਜਿਹਾ ਇਸ ਲਈ ਕਿਉਂਕਿ 2021 ਦੌਰਾਨ ਜੰਮੂ-ਕਸ਼ਮੀਰ ਹਾਈਕੋਰਟ ਨੇ ਇਸੇ ਤਰ੍ਹਾਂ ਦੇ ਮਾਮਲੇ ਵਿੱਚ 2018 ਦੌਰਾਨ ਤੌਸੀਫ ਅਹਿਮਦ ਖ਼ਿਲਾਫ਼ ਦਰਜ ਐੱਫਆਈਆਰ ਨੂੰ ਰੱਦ ਕਰਦੇ ਹੋਏ ਕਿਹਾ ਸੀ ਕਿ ਰਾਸ਼ਟਰੀ ਗੀਤ ਦੇ ਗਾਉਣ ਦੌਰਾਨ ਖੜ੍ਹੇ ਨਾ ਹੋਣਾ ਕੋਈ ਅਪਰਾਧ ਨਹੀਂ ਹੈ। ਵੱਧ ਤੋਂ ਵੱਧ ਤੁਸੀਂ ਇਸ ਨੂੰ ਰਾਸ਼ਟਰੀ ਗੀਤ ਦਾ ਅਪਮਾਨ ਕਹਿ ਸਕਦੇ ਹੋ ਪਰ ਇਹ ਕੋਈ ਅਪਰਾਧ ਨਹੀਂ ਹੈ।

ਨਜ਼ਰਬੰਦੀ ਦੇ ਹੁਕਮਾਂ ਵਿੱਚ ਕਿਹਾ ਗਿਆ ਸੀ ਕਿ ਇਸ ਗੱਲ ਦਾ ਖਦਸ਼ਾ ਹੈ ਕਿ ਉਹ ਭਵਿੱਖ ਵਿੱਚ ਕਾਨੂੰਨ ਵਿਵਸਥਾ ਨੂੰ ਵਿਗਾੜ ਸਕਦੇ ਹਨ। ਅੱਜ ਜੇਕਰ ਉਹ ਰਾਸ਼ਟਰੀ ਗੀਤ ਦੇ ਦੌਰਾਨ ਖੜ੍ਹੇ ਨਹੀਂ ਹੋਏ ਤਾਂ ਪਤਾ ਨਹੀਂ ਅੱਗੇ ਕੀ ਕਰਨਗੇ ? ਇਹ ਸਭ ਪੜ੍ਹ ਕੇ ਮੈਨੂੰ 2016 ਦੌਰਾਨ ਵਾਪਰੀ ਦਿੱਲੀ ਦੀ ਇੱਕ ਘਟਨਾ ਯਾਦ ਆ ਗਈ। ਕੁਝ ਨੌਜਵਾਨਾਂ ਨੂੰ ਫੜ ਕੇ ਪਾਰਲੀਮੈਂਟ ਸਟਰੀਟ ਥਾਣੇ ਲਿਆਂਦਾ ਗਿਆ। ਜਦੋਂ ਉਸ ਨੂੰ ਪੁੱਛਿਆ ਗਿਆ ਕਿ ਉਨ੍ਹਾਂ ਦਾ ਕੀ ਕਸੂਰ ਹੈ ਤਾਂ ਉਨ੍ਹਾਂ ਨੇ ਦੱਸਿਆ ਕਿ ਉਸ ਨੂੰ ਗ੍ਰਿਫ਼ਤਾਰ ਕਰਨ ਸਮੇਂ ਪੁਲਿਸ ਵਾਲਿਆਂ ਨੇ ਕਿਹਾ ਸੀ ਕਿ ਉਹ ਜੇਐੱਨਯੂ ਦੇ ਵਿਦਿਆਰਥੀਆਂ ਵਰਗੇ ਲੱਗ ਰਹੇ ਸਨ। ਅਜਿਹੇ ਲੋਕਾਂ ਨੂੰ ਸੜਕ ’ਤੇ ਛੱਡਣ ਨਾਲ ਅਮਨ-ਕਾਨੂੰਨ ਭੰਗ ਹੋਣ ਦਾ ਖਤਰਾ ਹੈ।

ਜਦੋਂ ਮੈਂ ਥਾਣਾ ਮੁਖੀ ਨੂੰ ਕਿਹਾ ਕਿ ਉਨ੍ਹਾਂ ਨੂੰ ਛੱਡ ਦਿੱਤਾ ਜਾਵੇ ਤਾਂ ਉਨ੍ਹਾਂ ਦੀ ਤਲਾਸ਼ੀ ਲੈਣੀ ਸ਼ੁਰੂ ਕਰ ਦਿੱਤੀ। ਉਨ੍ਹਾਂ ਵਿੱਚੋਂ ਇੱਕ ਦੇ ਬੈਗ ਵਿੱਚੋਂ ਸਟੂਡੈਂਟਸ ਫੈਡਰੇਸ਼ਨ ਆਫ਼ ਇੰਡੀਆ ਦਾ ਝੰਡਾ ਨਿਕਲਿਆ। ਪੁਲਿਸ ਮੁਲਾਜ਼ਮ ਨੇ ਮੈਨੂੰ ਕਿਹਾ, ‘ਤੁਸੀਂ ਅਜਿਹੇ ਆਦਮੀ ਨੂੰ ਛੱਡਣ ਲਈ ਕਹਿੰਦੇ ਹੋ!’ ਮੈਂ ਪੁੱਛਿਆ, ‘ਇਸ ਝੰਡੇ ਤੋਂ ਕੀ ਇਤਰਾਜ਼ ਹੈ ?’

ਉਸ ਨੇ ਕਿਹਾ, ‘ਅੱਜ ਉਹ ਝੰਡਾ ਚੁੱਕ ਰਿਹਾ ਹੈ, ਕੱਲ੍ਹ ਉਹ ਰਿਵਾਲਵਰ ਲੈ ਕੇ ਘੁੰਮੇਗਾ!’ ਇਸ ਦਾ ਜਵਾਬ ਕੀ ਹੋ ਸਕਦਾ ਸੀ! ਉਸ ਥਾਣੇਦਾਰ ਵਾਂਗ ਜੰਮੂ-ਕਸ਼ਮੀਰ ਦੀ ਪੁਲਿਸ ਨੂੰ ‘ਜਨ ਗਣ ਮਨ’ ਦੇ ਵਕਤ ਬੈਠੇ ਲੋਕ ਬੇਚੈਨੀ ਪੈਦਾ ਕਰਦੇ ਨਜ਼ਰ ਆ ਰਹੇ ਸਨ। ਅਦਾਲਤ ਵੀ ਪੁਲਿਸ ਨਾਲ ਸਹਿਮਤ ਸੀ ਆਖ਼ਰਕਾਰ, ਤੁਸੀਂ ਮੈਨੂੰ ਕਿਸੇ ਦਾ ਅਦਬ ਕਰਨ ਲਈ ਕਿਵੇਂ ਮਜਬੂਰ ਕਰ ਸਕਦੇ ਹੋ ? ਸਤਿਕਾਰ ਦਿਲ ਤੋਂ ਪੈਦਾ ਹੁੰਦਾ ਹੈ। ਤੁਸੀਂ ਮੈਨੂੰ ਡੰਡੇ ਦੇ ਜ਼ੋਰ ’ਤੇ ਖੜ੍ਹਾ ਕਰ ਸਕਦੇ ਹੋ, ਪਰ ਉਸ ਸਮੇਂ ਵੀ ਤੁਹਾਡੇ ਲਈ ਮੇਰੇ ਮਨ ਵਿਚੋਂ ਸਿਰਫ਼ ਬਦ ਦੁਆ ਹੀ ਨਿਕਲੇਗੀ। ਇਸ ਮਾਮੂਲੀ ਜਿਹੀ ਗੱਲ ਨੂੰ ਤਾਨਾਸ਼ਾਹ ਅਤੇ ਉਸ ਦੇ ਕਾਰਕੁੰਨ

(ਬਾਕੀ ਸਫ਼ਾ 31 ’ਤੇ)

# ਸੰਘੋਲ: ਅਤੀਤ, ਵਰਤਮਾਨ ਤੇ ਭਵਿੱਖ

ਖ਼ੋਜ ਕਰਤਾ: ਸਰਬਜੀਤ ਸਿੰਘ ( ਨਿਊਯਾਰਕ)
ਫੋਨ ਨੰਬਰ - 347-935-6589
ਸਕ੍ਰਿਪਟ ਲੇਖਕ: ਡਾ. ਸਰਬਜੀਤ ਕੌਰ ਜੰਗ

**☛ ਪੰਜਾਬ ਨਾਲ ਜੁੜੀਆਂ ਹਨ ਸੰਘੋਲ ਦੀਆਂ ਜੜ੍ਹਾਂ**
**☛ ਸੰਘੋਲ ਦਾ ਪੰਜਾਬ ਤੋਂ ਤਾਮਿਲਨਾਡੂ ਤੱਕ ਦਾ ਸਫ਼ਰ**
**☛ ਸੇਂਗੋਲ ਜਾ ਸੰਗੋਲ ਵੀ ਕਿਹਾ ਜਾਂਦਾ ਹੈ ਸੰਘੋਲ ਨੂੰ**



ਇਤਿਹਾਸਕ ਝਰੋਖੇ ਨੇ ਆਪਣੇ ਅੰਦਰ ਉਹ ਅਨਮੋਲ ਖ਼ਜ਼ਾਨਾ ਸੰਭਾਲ ਕੇ ਰੱਖਿਆ ਹੈ, ਜਿਸ ਨੂੰ ਲੱਭਣ ਦੇ ਲਈ ਖੋਜੀਆਂ ਨੂੰ ਉਸ ਦੀ ਅਸਲ ਡੂੰਘਾਈ ਤੱਕ ਜਾਣਾ ਪੈਂਦਾ ਹੈ। ਅਜਿਹਾ ਹੀ ਖ਼ਜ਼ਾਨਾ ਸੰਘੋਲ ਦੇ ਪਿਛੋਕੜ ਵਿੱਚ ਪਿਆ ਹੈ ਜਿਸ ਨੂੰ ਸੇਂਗੋਲ ਜਾ ਸੰਗੋਲ ਸ਼ਬਦਾਂ ਨਾਲ ਵੀ ਲਿਖਿਆ ਜਾਂਦਾ ਹੈ। ਮੌਜੂਦਾ ਸਮੇਂ ਦੌਰਾਨ ਬੇਸ਼ੱਕ ਸਿਰਫ਼ ਤਾਮਿਲਨਾਡੂ ਦੇ ਸੱਭਿਆਚਾਰ ਅਤੇ ਵਿਰਾਸਤ ਨਾਲ ਹੀ ਇਸ ਨੂੰ ਜੋੜ ਕੇ ਦੇਖਿਆ ਜਾ ਰਿਹਾ ਹੈ, ਪਰ ਇਸ ਦੀਆਂ ਜੜ੍ਹਾਂ ਪੰਜਾਬ ਤੋਂ ਹੀ ਸ਼ੁਰੂ ਹੁੰਦੀਆਂ ਹਨ, ਜੋ ਸਮੇਂ ਦੇ ਨਾਲ ਨਾਲ ਤਾਮਿਲਨਾਡੂ ਦੀ ਵਿਰਾਸਤ ਤੱਕ ਪੁੱਜ ਜਾਂਦੀਆਂ ਹਨ। ਇਸ ਸੱਚ ਨੂੰ ਸਪਸ਼ਟ ਕਰਨ ਦੇ ਲਈ ਸਾਨੂੰ ਪਹਿਲਾਂ ਇਤਿਹਾਸ ਦੇ ਉਸ ਪੱਖ ਨੂੰ ਜਾਨਣਾ ਪਵੇਗਾ ਜਿਥੋਂ ਕਬੀਲਿਆਂ ਦਾ ਆਗਾਜ਼ ਹੁੰਦਾ ਹੈ।

ਅਕਮੀਨੀਡ ਸਾਮਰਾਜ ਜਾਂ ਅਚੇਮੇਨੀਡ, ਜਿਸ ਦਾ ਬਾਦਸ਼ਾਹ ਕੋਰਸ਼ ਕਾਮਬੋਜਾ- ਕੌੜਾ ਕਾਮਬੋਜਾ (ਸਾਇਰਸ) ਸੀ, ਨੇ ਸਹਿਨਸ਼ਾਹ, ਸ਼ਾਹੀ, ਪਾਲਾ, ਬਾਮਣ, ਗੌਡਾਪਤੀਸ, ਗੌੜਾਪਤੀ, ਗਪਤੀ ਆਦਿ ਨਾਮ ਸਮੇਂ ਦੇ ਨਾਲ ਵਰਤੇ ਜੋ ਕਿ ਉਨ੍ਹਾਂ ਦੇ ਇਤਿਹਾਸਕ ਪਿਛੋਕੜ ਦੀਆਂ ਨਿਸ਼ਾਨੀਆਂ ਨਾਲ ਸਬੰਧਿਤ ਸਨ।

ਸਮੇਂ ਦੇ ਨਾਲ ਪਿਛਲੀਆਂ ਸਦੀਆਂ ਦੇ ਦੌਰਾਨ, ਕੰਬੋਜਾਂ ਦੇ ਕਈ ਕਬੀਲੇ, ਜਿਨ੍ਹਾਂ ਵਿਚੋਂ ਸਾਕਾਂ, ਪਹਿਲਵਾਂ, ਯਵਨਾਂ ਨਾਲ ਗੱਠਜੋੜ ਕਰਕੇ ਭਾਰਤ ਵਿੱਚ ਦਾਖਲ ਹੋਏ ਅਤੇ ਸਿੰਧੂ, ਸੌਰਾਸ਼ਟਰ, ਮਾਲਵਾ, ਰਾਜਸਥਾਨ, ਪੰਜਾਬ ਅਤੇ ਸੂਰਸੇਨਾ ਵਿੱਚ ਫੈਲ ਗਏ। 4 ਏ.ਡੀ. ਦੇ ਕਰੀਬ ਚੰਦਰ ਵਰਮਨ ਕਾਮਬੋਜਾਂ ਨੇ ਬੰਨ ਕੌੜਾ ਬੰਗਾਲ ਦੇ ਇਸ ਇਲਾਕੇ 'ਤੇ ਰਾਜ ਕੀਤਾ ਜਿਸ ਦੇ ਸਾਰੇ ਸਬੂਤ ਹੁਣ ਵੀ ਬੰਨ ਕੌੜਾ ਬੰਗਾਲ ਵਿੱਚ ਮੌਜੂਦ ਹਨ, ਤੇ 5 ਏ.ਡੀ. ਦੇ ਕਰੀਬ ਗੋਪਾਲਾ ਕਾਮਬੋਜਾ ਨੇ ਬੰਗਾਲ ਤੇ ਬਿਹਾਰ ਵਿੱਚ ਪਾਲ ਕਾਮਬੋਜਾ ਰਾਜਵੰਸ਼ (ਪਾਲ ਦਾ ਮਤਲਬ ਰਖਵਾਲੇ, ਰੱਖਿਅਕ ) ਦੀ ਨੀਂਹ ਰੱਖੀ।

ਕੰਬੋਜ-ਪਾਲ ਰਾਜਵੰਸ਼ ਦੇ ਆਖ਼ਰੀ ਕੰਬੋਜ ਸ਼ਾਸਕ ਧਰਮਪਾਲ ਨੂੰ 11ਵੀਂ ਸਦੀ ਵਿੱਚ ਪਾਲ ਰਾਜਵੰਸ਼ ਦੇ ਦੱਖਣ ਭਾਰਤੀ ਸਮਰਾਟ ਰਾਜੇਂਦਰ ਚੋਲਾ ਪਹਿਲੇ ਨੇ ਹਰਾਇਆ ਸੀ। ਇਸ ਸਾਮਰਾਜ ਨਾਲ ਸਬੰਧਿਤ 52 ਰਾਜਿਆਂ ਦਾ ਸੰਬੰਧ ਸ਼ਾਹੀ ਕੰਬੋਜ ਪਰਿਵਾਰਾਂ ਨਾਲ ਸੀ। ਜਿਨ੍ਹਾਂ ਦੇ ਅੱਗੇ 84 ਗੋਤਾਂ ਵਿਚੋਂ ਇੱਕ ਗੋਤ ਕੁਆਰ ਸੀ।

ਕੁਆਰ ਜਾਂ ਕੁਰਦ ਇੱਕ ਪੁਰਾਤਨ ਕੌਮ ਹੈ ਜੋ ਮੱਧ ਏਸ਼ੀਆ ਦੇ ਕਰੀਬ ਦੱਸ ਦੇਸ਼ਾਂ ਵਿੱਚ ਹੁਣ ਵੀ ਰਹਿ ਰਹੀ ਹੈ ਤੇ ਜਿਸ ਨੂੰ ਭਾਰਤ ਵਿੱਚ ਸਾਕਾ ਸ਼ਾਕਯ ਤੇ ਸਿਥੀਅਨ ਲਿਖਿਆ ਗਿਆ ਹੈ। ਕੁਰਦ ਤੋਂ ਹੀ ਅੱਗੇ ਕਈ ਨਾਮ ਹੋਰ ਉਤਪੰਨ ਹੋਏ ਜਿਸ ਤੋਂ ਵੱਖ-ਵੱਖ ਕਬੀਲੇ ਸਾਹਮਣੇ ਆਏ ਜਿਨ੍ਹਾਂ ਵਿੱਚ ਕੁਆਰ, ਕੱਲਰ, ਕੋਲਾਰ, ਕੁਲਰ ਆਦਿ ਨਾਮ ਪ੍ਰਮੁੱਖ ਹਨ ਤੇ ਇਹ ਕਬੀਲੇ ਅੱਜ ਵੀ ਭਾਰਤ ਦੇ ਰਾਜ ਖ਼ਾਸ ਕਰਕੇ ਪੰਜਾਬ ਵਿੱਚ ਅਜੋਕੇ ਸਮੇਂ ਵੀ ਰਹਿ ਰਹੇ ਹਨ।

ਭਾਰਤ ਤੋਂ ਬਾਹਰ ਕੁਰਦ ਜਾਤੀ ਨਾਲ ਸਬੰਧਿਤ ਲੋਕ ਮੁੱਖ ਰੂਪ ਵਿੱਚ ਉੱਤਰੀ ਇਰਾਕ, ਤੁਰਕੀ, ਇਰਾਨ ਅਤੇ ਸੀਰੀਆ ਵਿੱਚ ਰਹਿੰਦੇ ਹਨ। ਸੱਤਵੀਂ ਸਦੀ ਵਿੱਚ ਕੁਰਦ ਇਸਲਾਮ ਵੱਲ ਖਿੱਚੇ ਗਏ ਅਤੇ ਇਨ੍ਹਾਂ ਵਿੱਚੋਂ ਸਲਾਹਉਦੀਨ ਅਯੂਬੀ ਉੱਭਰੇ ਸਨ ਜਿਸ ਨੇ ਸਲੀਬੀ ਜੰਗਾਂ ਵਿੱਚ ਆਪਣੀਆਂ ਜਿੱਤਾਂ ਨਾਲ ਬਹੁਤ ਨਾਮ ਪੈਦਾ ਕੀਤਾ।

ਪਹਿਲੀ ਵਿਸ਼ਵ ਜੰਗ ਤੋਂ ਪਹਿਲਾਂ ਕੁਰਦ ਇਨ੍ਹਾਂ ਇਲਾਕਿਆਂ ਵਿੱਚ ਉਸਮਾਨੀਆ ਸਲਤਨਤ ਦੇ ਤਹਿਤ ਬੇਘਰਿਆਂ ਦੀ ਜ਼ਿੰਦਗੀ ਗੁਜ਼ਾਰਦੇ ਸਨ। ਉਸਮਾਨੀਆ ਸਲਤਨਤ ਦੇ ਖ਼ਾਤਮੇ ਦੇ ਬਾਅਦ ਮੱਧ-ਪੂਰਬ ਵਿੱਚ ਕਈ ਨਵੇਂ ਆਜ਼ਾਦ ਦੇਸ਼ ਸਾਹਮਣੇ ਆਏ ਲੇਕਿਨ ਆਜ਼ਾਦ ਖੁਦਮੁਖਤਾਰ ਦੇਸ਼ ਦਾ ਕੁਰਦਾ ਦਾ ਖਾਬ ਸਾਕਾਰ ਨਾ ਹੋ ਸਕਿਆ ਹਾਲਾਂ ਕਿ 1920 ਦੇ ਮੁਆਹਿਦੇ ਵਿੱਚ ਜਿਸ ਦੇ ਤਹਿਤ ਇਰਾਕ ਅਤੇ ਕੁਵੈਤ ਆਜ਼ਾਦ ਦੇਸ਼ ਦੇ ਵਜੂਦ ਵਿੱਚ ਆਏ ਤੇ ਕੁਰਦਾਂ ਨਾਲ ਇੱਕ ਆਜ਼ਾਦ ਮੁਲਕ ਦੇਣ ਦਾ ਵਾਅਦਾ ਕੀਤਾ ਗਿਆ ਸੀ ਪਰ ਤੁਰਕੀ ਵਿੱਚ ਮੁਸਤਫ਼ਾ ਕਮਾਲ ਅਤੀਤੁਰਕ ਦੇ ਸੱਤਾ ਵਿੱਚ ਆਉਣ ਦੇ ਬਾਅਦ ਤੁਰਕੀ ਨੇ ਅਤੇ ਇਸ ਦੇ ਨਾਲ ਇਰਾਨ ਅਤੇ ਇਰਾਕ ਨੇ ਕੁਰਦਾਂ ਦੇ ਆਜ਼ਾਦ ਦੇਸ਼ ਨੂੰ ਤਸਲੀਮ (ਕਬੂਲ) ਕਰਨ ਤੋਂ ਇਨਕਾਰ ਕਰ ਦਿੱਤਾ। ਭਾਵੇਂ ਉੱਤਰੀ ਇਰਾਕ ਵਿੱਚ ਕੁਰਦਾਂ ਦੀ ਆਬਾਦੀ ਸੱਠ ਲੱਖ ਦੇ ਕਰੀਬ ਹੈ ਪਰ ਸਭ ਤੋਂ ਜਿਆਦਾ ਤਾਦਾਦ ਉਨ੍ਹਾਂ ਦੀ ਤੁਰਕੀ ਵਿੱਚ ਹੈ ਜਿੱਥੇ ਇਹ ਇੱਕ ਕਰੋੜ ਅੱਸੀ ਲੱਖ ਦੇ ਕਰੀਬ ਦੱਸੇ ਜਾਂਦੇ ਹਨ ਤੇ ਇਰਾਨ ਵਿੱਚ ਅਠਤਾਲੀ ਲੱਖ ਦੇ ਕਰੀਬ ਹਨ। ਇਰਾਨ ਵਿੱਚ ਕੁਰਦਾਂ ਦੀ ਬਹੁਗਿਣਤੀ ਅਜਰਬਾਈਜਾਨ ਅਤੇ ਹਮਦਾਨ ਦੇ ਇਲਾਕਿਆਂ ਵਿੱਚ ਆਬਾਦ ਹੈ ਜਿਸ ਨੂੰ ਇਰਾਨੀ ਕੁਰਦਦਸਤਾਨ ਕਿਹਾ ਜਾਂਦਾ ਹੈ, ਕੁਰਦ ਲੋਕ ਉਸ ਨੂੰ ਪੂਰਬੀ ਕੁਰਦਦਸਤਾਨ ਕਹਿੰਦੇ ਹਨ। ਕੁਲਰ ਪ੍ਰਮੁੱਖ ਰੂਪ ਵਿੱਚ ਕੁਆਰ ਨਾਲ ਹੀ ਸਬੰਧਿਤ ਸ਼ਬਦ ਹੈ, ਹਵਾਲਾ ਦੇ ਰੂਪ 'ਚ ਕੁਆਰ ਸਥਾਨ, ਕੌਂਸਲੀ, ਤੁਰਕੀ ਦਾ ਇੱਕ ਪਿੰਡ ਹੈ। ਜੋ ਰੂਸ ਦੇ ਦਾਗੇਸਤਾਨ ਗਣਰਾਜ ਦਾ ਇੱਕ ਇਲਾਕਾ ਹੈ ਜੋ ਕੁਆਰ ਜਾਂ ਯਪਕਲੀ ਦੇ ਨਾਮ ਨਾਲ ਹੈ।




ਕੁਰਦ ਕਬੀਲਾ ਦੇ ਭਾਰਤ 'ਚ ਇਤਿਹਾਸ ਰਾਜਾ ਸਿਕੰਦਰ ਦੇ ਸਮੇਂ ਵੀ ਸੀ। ਜਦੋਂ ਸਿਕੰਦਰ ਮਹਾਨ ਦਾ ਵਿਆਹ ਅਕਮੀਨੀਡ ਸਾਮਰਾਜ ਪਰਸ਼ੀਅਨ ਰਾਜਾ ਦਾਰੇ ਦੀ ਧੀ ਨਾਲ ਹੋਣ ਤੋਂ ਬਾਅਦ ਉਸ ਵੇਲੇ ਦੁਨੀਆਂ ਦੀਆਂ ਦੋ ਮਹਾਨ ਤਾਕਤਾਂ ਪਰਸ਼ੀਅਨ ਤੇ ਗ੍ਰੀਕ ਤੇ ਕੁਰਦ ਕਬੀਲੀਆਂ ਦੇ ਸਮੂਹ ਇੱਕ ਪਲੇਟਫਾਰਮ 'ਤੇ ਇਕੱਠੇ ਹੋ ਗਏ ਤੇ ਜਿਨ੍ਹਾਂ ਦੇ ਪਹਿਲਾਂ ਆਪਸ ਵਿੱਚ ਕਈ ਯੁੱਧਹੋ ਚੁੱਕੇ ਸਨ। ਰਾਜਾ ਸਿਕੰਦਰ ਦੀ ਮੌਤ ਤੋਂ ਬਾਅਦ ਇਕੱਠੇ ਹੋ ਚੁੱਕੇ ਪਰਸ਼ੀਅਨ, ਗ੍ਰੀਕਾ, ਕੁਰਦਾਂ ਨੇ ਸਾਰੇ ਮੱਧ ਏਸ਼ੀਆ ਦੇ ਕਈ ਦੇਸ਼ਾਂ ਦੇ ਨਾਲ ਭਾਰਤ, ਅਫ਼ਗਾਨਿਸਤਾਨ ਵਿੱਚ ਵੀ ਆਪਣਾ ਰਾਜ ਕਾਇਮ ਕਰ ਲਿਆ, ਉਸ ਸਮੇਂ ਤੋਂ ਕੁਰਦਾ ਦਾ ਇਹ ਇੱਕ ਤਾਕਤਵਾਰ ਕੁਆਰ, ਕਲਵਾਰ, ਕਲਾਲ ਕਬੀਲਾ ਪੰਜਾਬ ਸਮੇਤ ਸਾਰੇ ਭਾਰਤ ਵਿੱਚ ਰਹਿ ਰਿਹਾ ਹੈ ਜੋ ਕਿ ਇਤਿਹਾਸਕ ਤੌਰ 'ਤੇ ਉੱਤਰ ਪ੍ਰਦੇਸ਼, ਰਾਜਸਥਾਨ, ਪੰਜਾਬ, ਹਰਿਆਣਾ,ਤਾਮਿਲਨਾਡੂ ਕਰਨਾਟਕ ਅਤੇ ਮੱਧ ਭਾਰਤ ਦੇ ਹੋਰ ਕਈ ਹਿੱਸਿਆਂ ਵਿੱਚ ਪਾਇਆ ਜਾਂਦਾ ਹੈ ਇਸ ਕਬੀਲੇ ਨੇ ਭਾਰਤ ਵਿੱਚ ਕਈ ਥਾਂ ਮਹਾਨ ਰਾਜੇ ਵੀ ਪੈਦਾ ਕੀਤੇ ਤੇ ਉਨ੍ਹਾਂ ਨੂੰ ਰਾਜ-ਭਾਗ ਦੇ ਮਾਲਿਕ ਵੀ ਬਣਾਇਆ ਸੀ। ਕਰਨਾਟਕ ਦੇ ਤਾਮਿਲਨਾਡੂ 'ਚ ਕੁਆਰ ਗੋਲਡ ਫੀਲਡ ਸੋਨੇ ਦੀਆਂ ਖ਼ਾਨਾ ਦੇ ਸਾਰੇ ਇਲਾਕੇ 'ਤੇ ਕੁਆਰਾ ਨੇ ਬਹੁਤ ਸਮਾਂ ਪਹਿਲਾਂ ਰਾਜ ਕੀਤਾ ਕੁਆਰ ਜਾਤੀ ਅਜੋਕੇ ਸਮੇਂ ਦੁਨੀਆਂ ਦੇ ਹਰ ਇਕ ਕੋਨੇ ਵਿੱਚ ਮੌਜੂਦ ਹੈ। ਮੁੱਢਲੇ ਪਿਛੋਕੜ ਤੋਂ ਗਿਆਤ ਹੋ ਜਾਂਦਾ ਹੈ ਕਿ ਇਹ ਜਾਤੀ ਇੱਕ ਪ੍ਰਭਾਵਸ਼ਾਲੀ ਅਤੇ ਅੜਬ ਸੁਭਾਅ ਵਾਲੀ ਹੈ। ਇਸ ਜਾਤੀ ਨਾਲ ਸਬੰਧਿਤ ਯੋਧਿਆਂ ਨੇ ਆਪਣੇ ਕਾਰਜਕਾਲ ਦੌਰਾਨ ਅਨੇਕਾਂ ਜਿੱਤਾਂ ਵੀ ਹਾਸਲ ਕੀਤੀਆਂ ਹਨ ।

ਕੁਆਰ ਸ਼ਬਦ ਦੇ ਬੇਸ਼ੱਕ ਵੱਖੋ ਵੱਖਰੇ ਨਾਮ ਹੋ ਗਏ ਹਨ ਪਰ ਸੁਭਾਵਿਕ ਤੌਰ 'ਤੇ ਇਨ੍ਹਾਂ ਦੀ ਮਾਨਸਿਕਤਾ ਵਿੱਚ ਬਹਾਦਰੀ ਦੀ ਉਪਜ ਮੌਜੂਦ ਹੈ। ਪੰਜਾਬ ਅਤੇ ਅਫ਼ਗਾਨਿਸਤਾਨ ਤੇ ਅਕਮੀਨੀਡ ਸਾਮਰਾਜ ਦਾ 550 ਬੀ. ਸੀ. ਤੋਂ ਲੈਕੇ 1045 ਏ.ਡੀ. ਤੱਕ ਰਾਜ ਕਾਇਮ ਰਿਹਾ। ਇਤਿਹਾਸਕ ਸਰੋਤਾਂ ਨੂੰ ਵਾਚ ਕੇ ਪਤਾ ਲੱਗਾ ਕਿ ਅਫ਼ਗਾਨਿਸਤਾਨ ਦੇ ਇਕ ਇਲਾਕੇ ਦਾ ਸ਼ਾਹੀ ਰਾਜਾ ਕੁਆਰ ਕਮਬੋਜ਼ ਵੀ ਸੀ । ਕਾਮਬੋਜਾ ਸ਼ਾਹੀ ਰਾਜੇ ਜੈਪਾਲਾ, ਭੀਮ ਪਾਲਾ, ਤਰਲੋਚਨ ਪਾਲਾ, ਇਹਨਾਂ ਦੇ ਅੰਤਿਮ ਰਾਜੇ ਹੋਏ। ਰਾਜਾ ਜੈਪਾਲਾ ਕਾਮਬੋਜਾ ਦੇ ਮਹਿਦੂਦ ਗ਼ਜ਼ਨੀ ਨਾਲ ਤਿੰਨ ਯੁੱਧ ਹੋਏ, ਅੰਤਿਮ ਯੁੱਧ 1001 ਏ.ਡੀ. ਵਿੱਚ ਹੋਇਆ ਜਿਸ ਵਿੱਚ ਉਸ ਦੀ ਹਾਰ ਹੋ ਗਈ ਤੇ ਦੁਸ਼ਮਣੀ ਘੇਰੇ ਵਿੱਚ ਆ ਜਾਣ ਕਰਕੇ ਉਸਨੇ ਹੁਣ ਦੇ ਲਾਹੌਰ ਸ਼ਹਿਰ ਦੇ ਮੋਰੀ ਗੇਟ ਕੋਲ ਆਪਣੇ ਆਪ ਨੂੰ ਅੱਗ ਲਗਾਕੇ ਜੌਹਰ ਕਰ ਲਿਆ (ਅਗਨੀ ਦੇ ਹਵਾਲੇ ਕਰ ਦਿੱਤਾ) ਇਹ ਥਾਂ ਹੁਣ ਵੀ ਮੋਰੀ ਗੇਟ ਲਾਹੌਰ ਵਿੱਚ ਮੌਜੂਦ ਹੈ ਜਿਸ ਦੀ ਸੇਵਾ ਸੰਭਾਲ ਹੁਣ ਇਸੇ ਹੀ ਕਾਮਬੋਜਾ ਕਬੀਲੇ ਦੇ ਪਾਕਿਸਤਾਨ ਦੇ ਪ੍ਰਧਾਨ ਚੌਧਰੀ ਤਨਵੀਰ ਅਹਿਮਦ ਢੋਟ ਕਾਮਬੋਜ ਕਰਨ ਦੀ ਕੋਸ਼ਿਸ਼ ਕਰ ਰਹੇ ਹਨ।

ਸੰਘੋਲ (ਫਤਿਹਗੜ੍ਹ ਸਾਹਿਬ ਦੇ ਲਾਗੇ ਪਿੰਡ) ਸਿਲਕ ਰੋਡ ਉੱਤੇ ਸੀ ਤੇ ਉਸ ਸਮੇਂ ਇਹਨਾਂ ਰਾਜਿਆਂ ਨੇ ਬੁਧੀਸ਼ਟ ਸੰਘੋਲ ਸਰੂਪ ਦੀ ਸਥਾਪਨਾ ਕੀਤੀ। ਇਸ ਦੇ ਲਾਗੇ ਪਿੰਡ ਹੁਣ ਵੀ ਕੁਆਰ ਕੁਰਦ ਮੌਜੂਦ ਹੈ . ਕੁਰਦ ਦਾ ਅਜੋਕਾ ਨਾਮ ਖੁਰਦ ਹੈ, ਇਸ ਕਬੀਲੇ ਦੇ ਲੋਕ ਹੀ ਇੱਥੋਂ ਅੱਗੇ ਤਾਮਿਲਨਾਡੂ ਗਏ ਜਿੱਥੇ ਉਨ੍ਹਾਂ ਨੇ ਆਪਣੀ ਵਿਰਾਸਤ ਤੇ ਸਭਿਆਚਾਰ ਨੂੰ ਜਨਮ ਦਿੱਤਾ। ਸੰਘੋਲ ਇਹਨਾਂ ਰਾਜਿਆਂ ਦੀ ਪੁਰਾਤਨ ਪਰੰਪਰਾ ਸੀ, ਵੱਡੇ ਸੰਘੋਲ ਦੇ ਹੀ ਰਾਜੇ ਸਨ ਤੇ ਇਹ ਇੱਕ ਰਾਜੇ ਤੋਂ ਅੱਗੇ ਦੂਜੇ ਰਾਜੇ ਨੂੰ ਸੰਘੋਲ ਦੇਂਦਾ ਸੀ। ਸੋ ਇਹਨਾਂ ਦਾ ਪਿਛੋਕੜ ਸੰਘੋਲ ਪੰਜਾਬ ਸੂਬੇ ਨਾਲ ਸੰਬੰਧਿਤ ਹੈ, ਇਤਿਹਾਸ ਦੀ ਇਹ ਛਾਪ ਪੰਜਾਬ ਦਾ ਆਪਣਾ ਪਿਛੋਕੜ ਬਣ ਗਈ, ਬੇਸ਼ਕ ਉਹਨਾਂ ਦੇ ਅੱਗੇ ਵੰਸ਼ਜ ਇਤਿਹਾਸ ਭੁੱਲਦੇ ਗਏ ਪਰ ਸੰਘੋਲ ਉਹਨਾਂ ਦੇ ਰਾਜ ਦਾ ਅੰਗ ਬਣਿਆ ਰਿਹਾ। ਸੰਘੋਲ ਦੇ ਉੱਤੇ ਸਮੇਂ ਸਮੇਂ 'ਤੇ ਵੱਖ-ਵੱਖ ਢੰਗ ਨਾਲ ਚਿੱਤਰਕਾਰੀ ਹੁੰਦੀ ਰਹੀ। ਪਹਿਲਾਂ ਇਹ ਬੁਧੀਸ਼ਟ ਜੈਨੀ ਧਰਮ ਤੇ ਸ਼ੈਵ ਮੱਤ ਪਵਿੱਤਰ ਬਲਦ ਨਾਲ ਸਬੰਧਿਤ ਹੁੰਦੀ ਸੀ ਜਿਸ ਤਰਾਂ ਹੁਣ ਭਾਰਤ ਸਰਕਾਰ ਨੇ ਸ਼ੈਵ ਮਤ ਨਾਲ ਸਬੰਧਿਤ ਪਵਿੱਤਰ ਬਲਦ ਦੀ ਚਿਤਰਕਾਰੀ ਕਰਵਾਈ ਹੈ ਨੰਦਾਨ, ਨੰਦਾ, ਸੰਦਾ, ਸੰਧਾ ਆਦਿ ਅਚਮੇਨੀਡ ਸਾਮਰਾਜ ਦੇ ਪਵਿੱਤਰ ਬਲਦ ਨਾਲ ਸਬੰਧਿਤ ਰਾਜੇ ਸੀ ਜੋ ਕਿ ਪਵਿੱਤਰ ਬਲਦ ਦੀ ਪੂਜਾ ਕਰਦੇ ਸਨ ਜਿਸ ਨੂੰ ਭਾਰਤ ਵਿੱਚ ਸ਼ੈਵ ਮਤ ਕਿਹਾ ਜਾਂਦਾ ਹੈ ਪਰ ਇਹ ਸਾਰੇ ਅਚਮੇਨੀਡ ਸਾਮਰਾਜ, ਸਾਸਾਨੀਅਨ, ਪਾਲਾ ਕੰਬੋਜਾ ਰਾਜਿਆ ਨਾਲ ਸਬੰਧਿਤ ਹੈ। ਨੰਦਨ, ਨੰਦਾ, ਸੰਦਾ, ਸੰਧਾ ਰਾਜਿਆਂ ਦੇ ਪਰਿਵਾਰ ਹੁਣ ਵੀ ਪੰਜਾਬ ਵਿੱਚ ਮੌਜੂਦ ਹਨ ਜੋ ਕਿ ਬਹੁਗਿਣਤੀ ਵਿੱਚ ਉਹ ਹੁਣ ਸਿੱਖ ਧਰਮ ਨੂੰ ਮੰਨਦੇ ਹਨ। ਸੋ ਇਸ ਸ਼ਬਦ ਦੇ ਨਾਮ ਨਾਲ ਸਬੰਧਿਤ ਨੰਦੀ ਦੀ ਚਿੱਤਰਕਾਰੀ ਸਿੰਧੂ ਘਾਟੀ ਦੀ ਸਭਿਅਤਾ ਦੀਆਂ ਮੋਹਰਾਂ 'ਤੇ ਵੀ ਦਿਖਾਈ ਦਿੰਦੇ ਹਨ।

ਸੰਘੋਲ ਜਿਸ ਨੂੰ ਮੂਲ ਰੂਪ ਵਿੱਚ ਨੰਦੀ ਧਵਾਜਾ ਕਿਹਾ ਜਾਂਦਾ ਹੈ, ਇਹ ਕਰਨਾਟਕ ਦੇ ਵਿਸ਼ਵ ਵਿਰਾਸਤ ਸਥਾਨ, ਵਿਰੂਪਕਸ਼ਾ ਮੰਦਰ, ਪੱਤਦਕੁਲ ਦੀ ਦੱਖਣੀ ਕੰਧ ਤੇ ਉੱਕਰੀ ਸ਼ਿਵ-ਨਟਰਾਜ ਦੀ ਮੂਰਤੀ ਦੇ ਖੱਬੇ ਹੱਥ ਵਿੱਚ ਦਿਖਾਈ ਦਿੰਦਾ ਹੈ। ਮੰਦਿਰ ਦਾ ਨਿਰਮਾਣ 745 ਈਸਵੀ ਵਿੱਚ ਬਦਾਮੀ ਚਲੁਕਿਆਨ ਸਮਰਾਟ ਵਿਕਰਮਾਦਿਤਿਆ-2 (733-45) ਦੀ ਰਾਈ ਲੋਕਮਹਾਦੇਵੀ ਦੁਆਰਾ ਕੀਤਾ ਗਿਆ ਸੀ। ਉਨ੍ਹਾਂ ਨੇ ਦੱਸਿਆ ਕਿ ਦੱਖਣੀ ਭਾਰਤ ਵਿੱਚ ਬਾਅਦ ਦੇ ਦੌਰ ਵਿੱਚ ਕਈ ਰਾਜਵੰਸ਼ਾਂ ਦੁਆਰਾ ਇਸਨੂੰ ਸ਼ਕਤੀ ਦਾ ਪ੍ਰਤੀਕ ਮੰਨਿਆ ਜਾਂਦਾ ਸੀ। ਸੰਘੋਲ ਦੀ ਇਤਿਹਾਸਕ ਮਹੱਤਤਾ ਨੂੰ ਸਮਝਦੇ ਹੋਏ, ਕਿਹਾ ਜਾ ਸਕਦਾ ਹੈ ਕਿ ਇਹ ਰਾਜਵੰਡ ਆਜ਼ਾਦੀ ਦਾ ਇਤਿਹਾਸਕ ਪ੍ਰਤੀਕ ਹੈ।

ਸੰਘੋਲ ਦੇ ਮੂਲ ਦਾ ਪਤਾ ਦੱਖਣੀ ਭਾਰਤ ਦੇ ਚੋਲ ਰਾਜਵੰਸ਼ ਤੋਂ ਪਤਾ ਚਲਦਾ ਹੈ। ਜੋ ਕਿ ਦੁਨੀਆਂ ਦੇ ਸਭ ਤੋਂ ਲੰਬੇ ਸਮੇਂ ਤੱਕ ਰਾਜ ਕਰਨ ਵਾਲੇ ਰਾਜਵੰਸ਼ਾਂ ਵਿੱਚੋਂ ਇੱਕ ਹੈ। ਚੋਲ ਰਾਜ ਦੇ ਸ਼ਾਸਨ ਦੌਰਾਨ ਇੱਕ ਪੁਜਾਰੀ ਦੀ ਮੌਜੂਦਗੀ ਵਿੱਚ ਸ਼ਕਤੀ ਦਾ ਤਬਾਦਲਾ ਕੀਤਾ ਗਿਆ ਸੀ ਅਤੇ ਇਸਨੂੰ ਸੰਘੋਲ ਨਾਲ ਪਵਿੱਤਰ ਕੀਤਾ ਗਿਆ ਸੀ ਜੋ ਰਾਜੇ ਨੂੰ ਨਿਆਂ ਨਾਲ ਰਾਜ ਕਰਨ ਦੀ ਯਾਦ ਦਿਵਾਉਂਦਾ ਸੀ। ਪੰਜਵੀਂ ਸਦੀ ਦਾ ਬ੍ਰਾਹਮਣੀ ਗ੍ਰੰਥ ਮਾਰਕੰਡੇਯ ਪੁਰਾਣ ਇਸ ਗੱਲ ਦੀ ਪੁਸ਼ਟੀ ਕਰਦਾ ਹੈ ਕਿ ਪਹਿਲਵਾਂ ਅਤੇ ਕੰਬੋਜਾਂ ਦੀਆਂ ਬਸਤੀਆਂ ਨਾ ਸਿਰਫ਼ ਉਦੀਚਿਆ (ਉੱਤਰ-ਪੱਛਮ) ਵਿੱਚ ਸਗੋਂ ਦੱਖਣ-ਪੱਛਮੀ ਭਾਰਤ (ਕਰਨਾਟਕ) ਵਿੱਚ ਵੀ ਸਨ। ਵਰਾਹ ਮਿਹਾਰ ਦੀ ਛੇਵੀਂ ਸਦੀ ਦੀ ਬ੍ਰਹਤਸੰਹਿਤਾ ਵੀ ਪ੍ਰਮਾਣਿਤ ਕਰਦੀ ਹੈ ਕਿ ਪਹਿਲਵ ਅਤੇ ਕੰਬੋਜ ਦੱਖਣ-ਪੱਛਮ ਭਾਰਤ ਦੇ ਕਬਜ਼ੇ ਵਿੱਚ ਸਨ। ਪਹਿਲ ਦੇ ਆਧਾਰ ਉੱਤੇ ਨਜ਼ਦੀਕੀ ਸਹਿਯੋਗੀ ਵਜੋਂ ਕੰਬੋਜ ਵੀ ਕਈ ਪ੍ਰਾਚੀਨ ਗ੍ਰੰਥਾਂ ਦੁਆਰਾ ਦੱਖਣ-ਪੱਛਮੀ ਅਤੇ ਦੱਖਣੀ ਭਾਰਤ ਵਿੱਚ ਹੋਣ ਦੀ ਭਰਪੂਰ ਪੁਸ਼ਟੀ ਕਰਦੇ ਹਨ ਅਤੇ ਬਹੁਤ ਦਿਲਚਸਪ ਗੱਲ ਇਹ ਹੈ ਕਿ, ਅਗਨੀ ਪੁਰਾਣ ਭਾਰਤ ਦੇ ਅੰਦਰ ਹੀ ਦੋ ਕੰਬੋਜਾਂ ਬਸਤੀਆਂ ਦਾ ਜ਼ਿਕਰ ਕਰਦਾ ਹੈ, ਜਿਸ ਵਿੱਚ ਉਹ ਦੱਖਣ-ਪੱਛਮੀ ਭਾਰਤ ਵਿੱਚ ਕੰਬੋਜ਼ ਜਾਤੀ ਹੋਣ ਦਾ ਦਾਅਵਾ ਕਰਦਾ ਹੈ। ਗਰੁੜ ਪੁਰਾਣ ਅਸ਼ਮਾਕਾ, ਪੁਲਿੰਡਾ, ਜਿਮਤਾ, ਨਰਰਾਸ਼ਟਰ ਦੇ ਗੁਆਂਢ ਵਿੱਚ ਇੱਕ ਕੰਬੋਜ ਬਸਤੀ ਨੂੰ ਵੀ ਜੋੜਦਾ ਹੈ। ਲਤਾ ਅਤੇ ਕਾਮਤਾ ਦੇਸ਼ ਵਿਸ਼ੇਸ਼ ਤੌਰ 'ਤੇ ਸਾਨੂੰ ਸੂਚਿਤ ਕਰਦੇ ਹਨ ਕਿ ਕੰਬੋਜਾਂ ਦਾ ਇਹ ਵਰਗ ਭਾਰਤ ਦੇ ਦੱਖਣੀ ਭਾਗ ਵਿੱਚ ਰਹਿ ਰਿਹਾ ਸੀ। ਕੰਬੋਡੀਆ ਵਿੱਚ ਭਾਰਤ ਦਾ ਸਾਬਕਾ ਰਾਜਦੂਤ (1991-94), ਪ੍ਰਾਚੀਨ ਕੰਬੋਜ ਦੇ ਇਕ ਸ਼ਾਹੀ ਘਰਾਣੇ ਅਤੇ ਕਾਂਚੀ ਦੇ ਪੱਲਵਾਂ ਦੇ ਵਿਚਕਾਰ ਨਜ਼ਦੀਕੀ ਵੰਸ਼ਾਵਲੀ ਸਬੰਧਾਂ ਬਾਰੇ ਲਿਖਦਾ ਹੈ ਜਿਸ ਦੇ ਨਤੀਜੇ ਵਜੋਂ ਪੱਲਵ ਰਾਜਾ ਪਰਮੇਸ਼ਵਰ ਵਰਮਨ ਦੂਜੇ ਦੀ ਮੌਤ ਤੋਂ ਬਾਅਦ ਕੰਬੋਡੀਆ ਨੂੰ ਕਾਮਬੋਜਾ ਦੇਸ਼, ਹੁਣ ਜਿਸ ਦੇਸ਼ ਦਾ ਨਾਮ ਕਾਮਬੋਡੀਆ ਹੈ, ਤੋਂ ਪਰਮੇਸ਼ਵਰ (ਉਰਫ਼ ਪੱਲਵਮੱਲਾ) ਦੇ ਨਾਂ ਨਾਲ ਵੀ ਦੱਖਣ

ਭਾਰਤ ਲਿਆਂਦਾ ਗਿਆ ਅਤੇ ਨੰਦੀਵਰਮਨ ਦੇ ਸਿਰਲੇਖ ਹੇਠ ਹੀ ਪੱਲਵ ਸਿੰਘਾਸਣ 'ਤੇ ਬਿਠਾਇਆ ਗਿਆ ਸੀ। ਪੱਲਵ ਸਾਮਰਾਜ ਨੂੰ ਚੋਲ ਸਾਮਰਾਜ ਦੁਆਰਾ ਮਿਲਾਏ ਜਾਣ ਤੋਂ ਬਾਅਦ, ਪੱਲਵ ਤਮਿਲ ਆਬਾਦੀ ਵਿੱਚ ਵਿਲੀਨ ਹੋ ਗਏ ?। ਤਾਮਿਲ ਦੇਸ਼ ਦੇ ਪੱਲਵਾਂ ਨੇ 9ਵੀਂ ਸਦੀ ਈਸਵੀ ਦੇ ਅੰਤ ਵਿੱਚ ਆਦਿਤਿਆ ਦੁਆਰਾ ਗੰਗਾ-ਪੱਲਵਾਂ ਉੱਤੇ ਜਿੱਤ ਪ੍ਰਾਪਤ ਕਰਨ ਤੋਂ ਬਾਅਦ ਚੋਲਾਂ ਦੇ ਅਧੀਨ ਸੇਵਾ ਕੀਤੀ । ਚੋਲਾ ਦੇ ਰਾਜਾ ਚੋਲਾ ਪਹਿਲਾ ਦਾ ਜਨਮ ਅਰੁਣਮੋਜ਼ੀ ਖੋਵਰ (ਜਿਸ ਨੂੰ ਰਾਜਾ ਕੇਸਰੀ ਵਰਮਨ ਰਾਜਾ ਦੇਵਰ ਵੀ ਕਿਹਾ ਜਾਂਦਾ ਹੈ ਅਤੇ ਸਤਿਕਾਰ ਨਾਲ ਪੇਰੁਵੁਦਾਈਅਰ ਵੀ ਕਿਹਾ ਜਾਂਦਾ ਹੈ), ਜੋ ਕਿ ਰਾਜਾ ਮਹਾਨ ਵਜੋਂ ਜਾਣਿਆ ਜਾਂਦਾ ਹੈ, ਭਾਰਤ ਦੇ ਸਭ ਤੋਂ ਮਹਾਨ ਰਾਜਿਆਂ ਵਿੱਚੋਂ ਇੱਕ ਹੈ। ਜਿਸਨੇ 985 ਅਤੇ 1014

ਈਸਵੀ ਦੇ ਵਿਚਕਾਰ ਰਾਜ ਕੀਤਾ ਉਹ ਮੁਕੁਲਖੋਰ ਵੀ ਕੁਆਰ......ਕਲਰ..ਕੱਲਰ ਜਾਤੀ ਨਾਲ ਸਬੰਧਿਤ ਸੀ। ਰਾਜਾਰਾਜ ਦੇ ਰਾਜ ਨੂੰ ਅੱਜ ਵੀ ਤੰਜਾਵੁਰ ਦੇ ਸ਼ਿਵ ਮੰਦਰ ਦੁਆਰਾ ਯਾਦ ਕੀਤਾ ਜਾਂਦਾ ਹੈ, ਜਿਸ ਨੂੰ ਰਾਜਾਰਾਜੇਸ਼ਵਰਮ ਕਿਹਾ ਜਾਂਦਾ ਹੈ। ਮੰਦਿਰ ਨੂੰ ਹੁਣ ਯੂਨੈਸਕੋ ਦੀ ਵਿਸ਼ਵ ਵਿਰਾਸਤ ਸਾਈਟ ਵਜੋਂ ਮਾਨਤਾ ਪ੍ਰਾਪਤ ਹੈ, ਜੋ ਕਿ ਮਹਾਨ ਲਿਵਿੰਗ ਚੋਲਾ ਮੰਦਿਰ ਸਾਈਟ ਦਾ ਹਿੱਸਾ ਹੈ। ਕਿਹਾ ਜਾਂਦਾ ਹੈ ਕਿ ਮੰਦਰ ਦਾ ਨਿਰਮਾਣ ਉਸਦੇ ਸ਼ਾਸਨ ਦੇ 25ਵੇਂ ਸਾਲ ਦੇ 275ਵੇਂ ਦਿਨ ਪੂਰਾ ਹੋ ਗਿਆ ਸੀ।

ਸੋ ਪੰਜਾਬ ਤੋਂ ਚੱਲਿਆ ਇਹ ਸੰਘੋਲ ਤਾਮਿਲਨਾਡੂ ਰਾਜ ਦੀ ਵਿਰਾਸਤ ਅਤੇ ਪਰੰਪਰਾ ਦੇ ਚਿੰਨ੍ਹ ਵਜੋਂ ਵੀ ਲਿਆ ਜਾਂਦਾ ਹੈ, ਵੱਖ- ਵੱਖ ਸੱਭਿਆਚਾਰਕ ਸਮਾਗਮਾਂ, ਤਿਉਹਾਰਾਂ ਅਤੇ ਮਹੱਤਵਪੂਰਨ ਸਮਾਰੋਹਾਂ ਦੇ ਇੱਕ ਅਨਿੱਖੜਵੇਂ ਹਿੱਸੇ ਵਜੋਂ ਸੇਵਾ ਕਰਦਾ ਹੈ ਭਾਰਤ ਦੇ ਆਖ਼ਰੀ ਵਾਇਸਰਾਏ ਲਾਰਡ ਮਾਊਂਟਬੈਟਨ ਨੇ ਨਹਿਰੂ ਨੂੰ ਉਸ ਰਸਮ ਬਾਰੇ ਪੁੱਛਿਆ ਜੋ ਬ੍ਰਿਟਿਸ਼ ਤੋਂ ਭਾਰਤੀ ਹੱਥਾਂ ਵਿੱਚ ਸੱਤਾ ਦੇ ਤਬਾਦਲੇ ਦੇ ਪ੍ਰਤੀਕ ਵਜੋਂ ਪਾਲਣਾ ਕੀਤੀ ਜਾਈ ਚਾਹੀਦੀ ਹੈ । ਪ੍ਰਤੀਕ (ਸੱਤਾ ਦੇ ਤਬਾਦਲੇ ਲਈ) ਨੂੰ ਇੱਕ ਰਾਜੇ ਤੋਂ ਉਸਦੇ

(ਬਾਕੀ ਸਫ਼ਾ 30 'ਤੇ)

# ਯੂਨੀਫਾਰਮ ਸਿਵਲ ਕੋਡ: ਬੀ.ਜੇ.ਪੀ. ਦਾ ਸਿਆਸੀ ਫਿਰਕੂ ਏਜੰਡਾ ਅਤੇ ਸਿੱਖ ਪੰਥ

ਭਾਈ ਹਰਿਸਿਮਰਨ ਸਿੰਘ
ਮੁਖੀ ਭਾਈ ਗੁਰਦਾਸ ਇੰਸਟੀਚਿਊਟ ਆਫ਼ ਐਡਵਾਂਸ ਸਿੱਖ ਸਟੱਡੀਜ਼, ਸ੍ਰੀ ਅਨੰਦਪੁਰ ਸਾਹਿਬ ਸਾਹਿਬ
ਮੋ. 9872591713




ਅਬਾਦੀ ਪੱਖੋਂ ਵਿਸ਼ਵ ਦੀ ਸਭ ਤੋਂ ਵੱਧ ਵੱਸੋਂ ਵਾਲਾ ਭਾਰਤ ਕਈ ਹੋਰ ਛੋਟੇ ਵੱਡੇ ਦੇਸ਼ਾਂ ਵਾਂਗ ਇਕ ਬਹੁ-ਧਰਮੀ, ਬਹੁ-ਭਾਸ਼ਾਈ, ਬਹੁ-ਸੱਭਿਆਚਾਰਕ ਅਤੇ ਬਹੁ-ਕੌਮੀ ਦੇਸ਼ ਹੈ। ਭਾਰਤ ਦੀ ਅਜਿਹੀ ਸਮਾਜਿਕ ਬਣਤਰ ਕੁਦਰਤ ਦੇ ਵੰਨ-ਸੁਵੰਨਤਾਵਾਂ ਤੇ ਬਹੁਲਤਾ ਦੇ ਨਿਯਮ ਅਨੁਸਾਰ ਹਜ਼ਾਰਾਂ-ਲੱਖਾਂ ਸਾਲਾਂ ਦੀ ਮਿਹਨਤ ਦਾ ਨਤੀਜਾ ਹੈ। ਸਮਝਿਆ ਜਾ ਸਕਦਾ ਹੈ ਕਿ ਜਿਵੇਂ ਕੁਦਰਤ ਵਿੱਚ ਵੱਖ-ਵੱਖ ਕਿਸਮਾਂ ਦੇ ਜਾਨਵਰਾਂ, ਬਨਸਪਤੀ ਤੇ ਪੰਛੀਆਂ ਆਦਿ ਵਿੱਚ ਵਿਭੰਨਤਾ ਹੈ ਤੇ ਉਹ ਕੁਦਰਤ ਦੇ ਨਿਯਮਾਂ ਅਨੁਸਾਰ ਆਪਸੀ ਪੂਰਕ ਸਾਂਝ ਵਿੱਚ ਇਕੱਠੇ ਰਹਿੰਦੇ ਹਨ, ਉਸੇ ਤਰ੍ਹਾਂ ਹੀ ਮਨੁੱਖ ਜਾਤੀ ਦੀਆਂ ਚਾਰ ਗੋਰੇ, ਕਾਲੇ, ਮੰਗੋਲੀਅਨ ਅਤੇ ਪੀਲੀ ਨਸਲ ਦੇ ਲੋਕ ਅਤੇ ਉਨ੍ਹਾਂ ਦੇ ਸੱਭਿਆਚਾਰਕ ਜੀਵਨ ਵਿੱਚ ਵੀ ਵੰਨਸੁਵੰਨਤਾ ਅਤੇ ਵਿਭੰਨਤਾਵਾਂ ਹਨ। ਇਸੇ ਕਾਰਨ ਹੀ ਮਨੁੱਖ ਵਿੱਚ ਵੱਖ-ਵੱਖ ਬੋਲੀਆਂ, ਸੱਭਿਆਚਾਰਾਂ, ਰੀਤੀ-ਰਿਵਾਜਾਂ, ਧਰਮਾਂ ਅਤੇ ਕੌਮਾਂ ਦਾ ਵਿਕਾਸ ਅਤੇ ਉਤਪਤੀ ਯਕੀਨੀ ਬਣੀ ਸੀ (ਹੈ)। ਕੁਦਰਤ ਤੋਂ ਪ੍ਰੇਰਨਾ ਲੈ ਕੇ ਹੀ ਬਹੁ-ਪਰਤੀ ਮਨੁੱਖੀ ਜੀਵਨ ਆਪਸ ਵਿੱਚ ਪ੍ਰੇਮ-ਪਿਆਰ, ਆਪਸੀ ਸਤਿਕਾਰ ਅਤੇ 'ਸਭੇ ਸਾਂਝੀਵਾਲਤਾ' ਵਾਲਾ ਸਫ਼ਲ ਸਮਾਜਿਕ ਜੀਵਨ ਜੀਵਿਆ ਜਾ ਸਕਦਾ ਹੈ।

ਦੂਜੇ ਪਾਸੇ ਮਨੁੱਖੀ ਇਤਿਹਾਸ ਦੀ ਇਹ ਵੀ ਇਕ ਸੱਚਾਈ ਹੈ ਕਿ ਕੁੱਝ ਬਹੁ-ਗਿਣਤੀ ਜਾਬਰ ਤਾਕਤਾਂ ਕੁਦਰਤ ਦੇ 'ਸਰਬੱਤ ਦੇ ਸਤਿਕਾਰ' ਦੇ ਨਿਯਮ ਦੀ ਉਲੰਘਣਾ ਕਰਦੀਆਂ ਦੂਜੇ ਦੀ 'ਦੂਜਿਤਾ' ਦਾ ਤ੍ਰਿਸਕਾਰ ਕਰਦੀਆਂ ਆ ਰਹੀਆਂ ਹਨ। ਵਰਤਮਾਨ ਸਮੇਂ ਵਿਚ ਭਾਰਤੀ-ਹਿੰਦੂ ਪਾਲਿਟੀ ਵਿੱਚ ਆਰ.ਐਸ.ਐਸ.-ਭਾਰਤੀ ਜਨਤਾ ਪਾਰਟੀ ਸਕੂਲ ਆਫ਼ ਥਾਟ ਕੁਝ ਅਜਿਹੇ ਰਾਜਨੀਤਿਕ ਨਜ਼ਰੀਏ ਨੂੰ ਅੱਗੇ ਵਧਾ ਰਿਹਾ ਹੈ। 1947 ਵਿੱਚ ਅੰਗਰੇਜ਼ਾਂ ਵੱਲੋਂ ਭਾਰਤ ਦੀ ਸੱਤਾ ਬਹੁ-ਗਿਣਤੀ ਹਿੰਦੂਆਂ ਨੂੰ ਸੌਂਪਣ ਨਾਲ ਹਿੰਦੂ ਪਦ-ਪਾਤਸ਼ਾਹੀ ਦਾ ਨਵ-ਉਭਾਰ ਹੋਇਆ ਸੀ ਪਰ ਭਾਰਤ ਉੱਤੇ ਰਾਜ ਕਰਨ ਲਈ 1947 ਤੋਂ ਹੀ ਗਾਂਧੀਵਾਦੀ ਰਾਸ਼ਟਰਵਾਦੀ ਅਤੇ ਗੋਲਵਾਰਕਰ-ਸਾਵਰਕਰ ਰਾਸ਼ਟਰਵਾਦੀ ਸ਼ਕਤੀਆਂ ਵਿਚਕਾਰ ਸੱਤਾ ਉੱਤੇ ਕਬਜ਼ੇ ਦੀ ਲੜਾਈ ਚਲਦੀ ਆ ਰਹੀ ਹੈ। ਜਿੱਥੇ ਗਾਂਧੀਵਾਦੀ ਸੋਚ ਅਮਲ ਹਿੰਦੂਆਂ ਦੇ ਹਿੱਤਾਂ ਦੀ ਸੁਰੱਖਿਆ ਦੇ ਨਾਲ-ਨਾਲ ਭਾਰਤ ਦੀਆਂ ਮੁਸਲਿਮ, ਸਿੱਖ, ਦਲਿਤ, ਬੋਧੀ, ਜੈਨੀ ਤੇ ਆਦਿਵਾਸੀ ਲੋਕਾਂ ਦੀ ਹੋਂਦ, ਰਸਮੋ-ਰਿਵਾਜਾਂ ਅਤੇ ਜੀਵਨ ਕਦਰਾਂ-ਕੀਮਤਾਂ ਦਾ ਮਾਣ ਸਤਿਕਾਰ ਕਰਦਾ ਹੈ, ਉਥੇ ਸਾਵਰਕਰ ਰਾਸ਼ਟਰਵਾਦੀ ਸ਼ਕਤੀਆਂ ਦਿੱਲੀ ਉੱਤੇ ਭਾਰੀ ਬਹੁਮਤ ਨਾਲ ਰਾਜ ਕਰਨ ਦੇ ਜ਼ੋਰ ਨਾਲ ਹਿੰਦੂ ਰਾਸ਼ਟਰ ਦਾ ਰਾਜਸੀ ਏਜੰਡਾ ਲਾਗੂ ਕਰਨ ਲਈ ਲਗਾਤਾਰ ਕੋਸ਼ਿਸ਼ਾਂ ਕਰਦੀਆਂ ਆ ਰਹੀਆਂ ਹਨ। ਇਸੇ ਵਿਚਾਰ ਉੱਤੇ ਚਲਦਿਆਂ 2014 ਤੇ 2019 ਵਿੱਚ ਭਾਰਤੀ ਜਨਤਾ ਪਾਰਤੀ ਨੇ ਹੋਰ ਗੱਲਾਂ ਦੇ ਨਾਲ-ਨਾਲ ਕਸ਼ਮੀਰ ਵਿੱਚ ਧਾਰਾ 370 ਖਤਮ ਕਰਨ ਤੇ ਅਯੁਧਿਆ ਵਿੱਚ ਰਾਮ ਮੰਦਿਰ ਦੀ ਉਸਾਰੀ ਦਾ ਵਾਅਦਾ ਪੂਰਾ ਕੀਤਾ ਹੈ ਪਰ 'ਇਕ ਦੇਸ਼ ਇਕ ਕਾਨੂੰਨ' ਅਧੀਨ ਸਮਾਨ ਨਾਗਰਿਕ ਜ਼ਾਬਤਾ (ਯੂਨੀਫਾਰਮ ਸਿਵਲ ਕੋਡ) ਬਣਾਉਣ ਦੇ ਤੀਜੇ ਵੱਡੇ ਯਤਨ ਨੂੰ ਸਾਰੇ ਭਾਰਤੀਆਂ ਦੀ ਸਮਜਿਕ-ਜਾਤੀ ਜੀਵਨ ਨੂੰ ਇਕਸਾਰ ਕਰਨ ਦੇ ਦ੍ਰਿਸ਼ਟੀਕੋਣ ਤੋਂ ਵੇਖਿਆ ਜਾਣਾ ਚਾਹੀਦਾ ਹੈ। ਭਾਰਤੀ ਜਨਤਾ ਪਾਰਟੀ ਦਾ ਇਹ ਯਤਨ ਭਾਰਤ ਦੇ ਲੋਕਾਂ ਦੀ ਬਹੁ-ਪਰਤੀ ਵੰਨ-ਸੁਵੰਨਤਾ ਨੂੰ ਕਾਨੂੰਨ ਰਾਹੀਂ ਖਤਮ ਕਰਕੇ ਉਨ੍ਹਾਂ ਦੇ ਸਮਾਜਿਕ ਜੀਵਨ ਉੱਤੇ ਹਿੰਦੂਵਾਦੀ ਕਬਜ਼ਾ ਮਜ਼ਬੂਤ ਕਰਨਾ ਹੈ, ਜੋ ਕੁਦਰਤ ਦੇ ਬਹੁਲਤਾ ਤੇ ਇਕਸੁਰਤਾ ਵਾਲੇ ਨਿਯਮਾਂ ਅਤੇ ਸਿੱਖ ਫਿਲਾਸਫੀ ਦੀ ਮੂਲ ਭਾਵਨਾ ਤੋਂ ਉਲਟ ਹੈ।

ਇਸ ਵਿਚਾਰ ਵਿੱਚ ਕੋਈ ਸ਼ੱਕ ਨਹੀਂ ਕਿ ਹਰ ਰਾਜਸੀ ਪਾਰਟੀ ਸੱਤਾ ਵਿੱਚ ਆਉਣ ਜਾਂ ਟਿਕੇ ਰਹਿਣ ਲਈ ਕਿਸੇ ਨਾ ਕਿਸੇ ਰੂਪ ਵਿੱਚ ਆਪਣੇ ਏਜੰਡੇ ਉੱਤੇ ਕੰਮ ਕਰਦੀ ਰਹਿੰਦੀ ਹੈ। ਜਿਵੇਂ ਬੀ.ਜੇ.ਪੀ. ਨਿਰਦੇਸ਼ਕ ਸਿਧਾਂਤਾਂ ਅਧੀਨ ਸਮਾਨ ਨਾਗਰਿਕ ਜਾਬਤਾ ਲਿਆਉਣ ਦੀ ਗੱਲ ਕਰਦੀ ਹੈ, ਉਸ ਦੇ ਜਾਤਾਂ ਤੇ ਕਬੀਲਿਆਂ ਵਿੱਚ ਵੰਡੇ ਹਿੰਦੂਆਂ ਨੂੰ ਜੋ ਵੀ ਲਾਭ ਹੁੰਦੇ ਹੋਣ, ਉਹ ਆਪਣੀ ਥਾਂ ਹੋ ਸਕਦੇ ਹਨ, ਪਰ ਮੂਲ ਰੂਪ ਵਿੱਚ ਇਸ ਜ਼ਾਬਤੇ ਨੂੰ ਕਾਨੂੰਨ ਰਾਹੀਂ ਲਾਗੂ ਕਰਨ ਦਾ ਇਕੋ ਇਕ ਮਕਸਦ ਪਹਿਲਾਂ ਦੀ ਤਰ੍ਹਾਂ ਹਿੰਦੂ-ਮੁਸਲਿਮ ਬਹੁ ਗਿਣਤੀ-ਘੱਟ ਗਿਣਤੀ ਦੇ ਆਧਾਰ 'ਤੇ ਸਮਾਜ ਦਾ ਧਰੁਵੀਕਰਨ ਕਰਕੇ ਹਿੰਦੂਆਂ ਦੇ ਵੱਡੇ ਹਿੱਸੇ ਨੂੰ ਆਪਣੇ ਵੱਲ ਭੁਗਤਾ ਕੇ 2024 ਦੀਆਂ ਲੋਕ ਸਭਾ ਚੋਣਾਂ ਜਿੱਤਣਾ ਹੈ। ਜਦੋਂ ਬੀ.ਜੇ.ਪੀ. ਨੂੰ ਇਸ ਸਬੰਧੀ ਵਿਰੋਧੀ ਪਾਰਟੀਆਂ ਵੱਲੋਂ ਵੱਡੀ ਚੁਣੌਤੀ ਮਿਲੀ ਹੋਈ ਹੈ ਤਾਂ ਸਵਾਲ ਪੈਦਾ ਹੁੰਦਾ ਹੈ ਕਿ ਹੁਣ ਜਦੋਂ ਬੀ.ਜੇ.ਪੀ. ਨੂੰ ਸੱਤਾ ਹੰਢਾਉਂਦਿਆਂ10 ਸਾਲ ਦਾ ਸਮਾਂ ਹੋਣ ਵਾਲਾ ਹੈ ਤਾਂ ਇਹ ਪਾਰਟੀ ਆਪਣੇ ਵਿਕਾਸ ਕਾਰਜਾਂ ਜਾਂ ਹੋਰ ਅਜਿਹੀਆਂ ਪ੍ਰਾਪਤੀਆਂ ਨੂੰ ਆਪਣੀ ਵੋਟ ਸ਼ਕਤੀ ਕਿਉਂ ਨਹੀਂ ਬਣਾ ਰਹੀ? ਕਿਉਂ ਭਾਰਤ ਦੇ ਸੈਕੂਲਰ ਪਾਲਿਟੀ ਕਰੈਕਟਰ ਦਾ ਧਰਮ-ਆਸ਼ਰਿਤ ਧਰੁਵੀਕਰਨ ਕੀਤਾ ਜਾ ਰਿਹਾ ਹੈ? ਭਾਰਤ ਦੇ ਸੰਵਿਧਾਨ ਵਿੱਚ ਦਿੱਤੇ ਗਏ ਹੋਰ ਨਿਰਦੇਸ਼ਕ ਸਿਧਾਂਤਾਂ ਨੂੰ ਉਨ੍ਹਾਂ ਦੇ ਠੀਕ ਪ੍ਰਸੰਗ ਵਿੱਚ ਲਾਗੂ ਕਰਨ ਦੀ ਥਾਂ 'ਤੇ ਘੱਟ ਗਿਣਤੀਆਂ ਦੀ ਸਹਿਮਤੀ ਤੋਂ ਬਿਨਾਂ ਉਨ੍ਹਾਂ ਦੀ ਜਾਤੀ-ਸਮਾਜੀ ਜ਼ਿੰਦਗੀ ਵਿੱਚ ਇਸ ਕੋਡ ਦੀ ਆੜ ਹੇਠ ਇਕਸਾਰ ਕਰਨ ਦੀ ਕਾਹਲੀ ਕਿਉਂ ਦਿਖਾਈ ਜਾ ਰਹੀ ਹੈ? ਬੀ.ਜੇ.ਪੀ. ਦਾ ਪਿਛਲਾ ਇਤਿਹਾਸ ਸਪੱਸ਼ਟ ਦਰਸਾਉਂਦਾ ਹੈ ਕਿ ਇਹ ਮੂਲਵਾਦੀ ਰੁਚੀਆਂ ਵਾਲੀ ਪਾਰਟੀ ਹੁਣ ਇਕ ਵਾਰ ਫਿਰ ਭਾਰਤ ਦੇ ਲੋਕਾਂ ਦੀ ਹਿੰਦੂ-ਮੁਸਲਿਮ ਤੇ ਬਹੁਗਿਣਤੀ-ਘੱਟਗਿਣਤੀਆਂ ਦੇ ਆਧਾਰ 'ਤੇ ਵੰਡ ਕਰਕੇ ਆਪਣੇ ਤਾਨਾਸ਼ਾਹੀ ਬਹੁਗਿਣਤੀਵਾਦ ਦਾ ਲਾਹਾ ਲੈਣਾ ਚਾਹੁੰਦੀ ਹੈ। ਇਸ ਲਈ ਮੁਸਲਮਾਨਾਂ, ਸਿੱਖਾਂ ਤੇ ਆਦਿਵਾਸੀ ਲੋਕਾਂ ਨੂੰ ਬੀ.ਜੇ.ਪੀ. ਦੇ ਵੱਡੇ ਡਿਜ਼ਾਈਨ ਨੂੰ ਸਮਝ ਕੇ ਇਸ ਬਿਲ ਦਾ ਜਿੱਥੇ ਵਿਰੋਧ ਕਰਨਾ ਚਾਹੀਦਾ ਹੈ, ਉਥੇ ਘੱਟ ਗਿਣਤੀਆਂ ਨੂੰ ਆਪਣੀਆਂ ਜਾਤੀ-ਸਮਾਜਿਕ ਜੀਵਨ ਵਿਚ ਹੋਰ ਸਪੱਸ਼ਟਤਾ ਤੇ ਪਕਿਆਈ ਲਿਆਉਣੀ ਹੋਏਗੀ।

ਸਿੱਖ ਪੰਥ ਨੂੰ ਤਾਂ ਕਈ ਤਰ੍ਹਾਂ ਦੇ ਸੰਤਾਪ ਹੰਢਾਉਣੇ ਪੈ ਰਹੇ ਹਨ। ਜਿਸ ਲਈ ਭਾਰਤ ਤੇ ਵਿਸ਼ਵ ਦੀ ਇਸ ਵਿਸ਼ੇਸ਼ ਘੱਟਗਿਣਤੀ ਨੂੰ ਸਗੋਂ ਵਧੇਰੇ ਸੁਚੇਤ ਹੋਣਾ ਪਵੇਗਾ। 1947 ਵਿੱਚ ਆਪਣੇ ਆਜ਼ਾਦ ਰਾਜ ਦੀ ਸਥਾਪਨਾ ਨਾ ਹੋਣ ਕਾਰਨ ਉਹ ਹਿੰਦੂਤਵੀ ਭਾਰਤੀ ਸਟੇਟ ਦੀ ਅਧੀਨਗੀ ਕਬੂਲ ਕਰਨ ਲਈ ਮਜ਼ਬੂਰ ਹੋ ਗਏ ਸਨ ਜਿਸ ਦੇ ਵਰਤਮਾਨ ਤੱਕ ਉਹ ਕਈ ਉਲਟ ਨਤੀਜੇ ਭੁਗਤਦੇ ਆ ਰਹੇ ਹਨ। ਦੂਸਰਾ, ਭਾਰਤੀ ਹਿੰਦੂ ਆਗੂਆਂ ਵੱਲੋਂ ਸਿੱਖ ਆਗੂਆਂ ਵੱਲੋਂ ਕੀਤੇ ਗਏ ਵਾਅਦਿਆਂ ਦੀ ਸੰਵਿਧਾਨਿਕ ਸੁਰੱਖਿਆਵਾਂ ਨਾ ਦੇਣ ਕਾਰਨ ਸਿੱਖ ਨੁਮਾਂਇੰਦਿਆਂ ਵੱਲੋਂ ਮੂਲ ਸੰਵਿਧਾਨ ਦੀ ਕਾਪੀ 'ਤੇ ਦਸਤਖਤ ਨਾ ਕਰਨ ਦੇ ਰੋਸ ਦੀ ਪਰਵਾਹ ਨਾ ਕਰਦਿਆਂ ਸੰਵਿਧਾਨ ਵਿੱਚ ਸਿੱਖਾਂ ਨੂੰ ਭਾਵੇਂ ਧਾਰਮਿਕ ਆਜ਼ਾਦੀ ਤਾਂ ਦਿੱਤੀ ਗਈ ਹੈ ਪਰ ਉਨ੍ਹਾਂ ਨੂੰ ਜਾਤੀ-ਸਮਾਜਿਕ-ਸੱਭਿਆਚਾਰਕ ਜੀਵਨ ਸਬੰਧੀ ਹਿੰਦੂਆਂ, ਬੋਧੀਆਂ ਤੇ ਜੈਨੀਆਂ ਨਾਲ ਜੋੜ ਦਿੱਤਾ ਗਿਆ ਸੀ। ਇਸੇ ਤਹਿਤ ਉਨ੍ਹਾਂ ਨੂੰ 1955 ਵਿਚ ਬਣੇ ਸਮਾਜਿਕ ਰੀਤੀ ਰਿਵਾਜਾਂ ਆਦਿ ਸਬੰਧੀ ਬਣੇ ਹਿੰਦੂ ਕਾਨੂੰਨਾਂ ਅਧੀਨ ਲੈ ਆਂਦਾ ਗਿਆ ਜਦੋਂ ਕਿ 1937 ਵਿੱਚ ਮੁਸਲਮਾਨਾਂ ਦੇ ਬਣੇ ਵੱਖਰੇ ਪਰਸਨਲ ਲਾਅ ਕੋਡ ਅਧੀਨ ਉਨ੍ਹਾਂ ਨੂੰ ਇਸ ਸਬੰਧੀ ਫੈਸਲੇ ਲਏ ਜਾਂਦੇ ਹਨ। ਤੀਸਰਾ, ਇਨ੍ਹਾਂ ਲੰਘੇ 75 ਸਾਲਾਂ ਵਿਚ ਉਨ੍ਹਾਂ ਦੇ ਰਾਜਨੀਤਿਕ ਹਸਤੀ ਸਬੰਧੀ ਕਈ ਸੰਘਰਸ਼ਾਂ ਨੂੰ ਕੁਚਲਣ ਵਿੱਚ ਭਾਰਤੀ ਸਟੇਟ ਨੇ ਕੋਈ ਕਸਰ ਨਹੀਂ ਛੱਡੀ। ਚੌਥਾ, ਉਨ੍ਹਾਂ ਨੂੰ ਦੂਰਅੰਦੇਸ਼ ਅਤੇ ਮਿਆਰੀ ਲੀਡਰਸ਼ਿਪ ਵੀ ਨਹੀਂ ਮਿਲ ਸਕੀ। ਇਨ੍ਹਾਂ ਹਾਲਾਤ ਵਿੱਚ ਸਿੱਖਾਂ ਦੀ ਸਮਾਜਿਕ-ਸੱਭਿਆਚਾਰਕ ਹੋਂਦ ਤਾਂ ਪਹਿਲਾਂ ਹੀ ਖਤਰੇ ਵਿੱਚ ਪਈ ਹੋਈ ਹੈ। ਉਹ ਆਪਣੀ ਧਾਰਮਿਕ-ਸੱਭਿਆਚਾਰਕ ਹੋਂਦ ਬਚਾਉਣ ਦੇ ਨਾਲ-ਨਾਲ ਆਪਣੀ ਰਾਜਨੀਤਿਕ ਆਜ਼ਾਦੀ ਲਈ ਸੰਘਰਸ਼ ਕਰਦੇ ਆ ਰਹੇ ਹਨ। ਭਾਵੇਂ ਅਨੰਦ ਮੈਰਿਜ ਐਕਟ ਸਿੱਖ ਜੋੜਿਆਂ ਦੀ ਸ਼ਾਦੀ ਦੀ ਰਜਿਸਟਰੇਸ਼ਨ ਆਦਿ ਨੂੰ ਮਾਨਤਾ ਤਾਂ ਦਿੰਦਾ ਹੈ ਪਰ ਜਾਇਦਾਦ, ਵਿਰਾਸਤ ਤੇ ਪਰਿਵਾਰਕ ਮਸਲਿਆਂ ਵਿਚ ਤਾਂ ਉਨ੍ਹਾਂ ਉੱਤੇ ਹਿੰਦੂ ਕਾਨੂੰਨ ਹੀ ਲਾਗੂ ਹੁੰਦੇ ਹਨ।

# ਵਿਦੇਸ਼ 'ਚ ਵਿਦਿਆਰਥੀਆਂ ਦਾ ਪ੍ਰਵਾਸ ਰੋਕਣ ਲਈ, ਸਿੱਖਿਆ ਨੀਤੀਆਂ 'ਚ ਸੁਧਾਰ ਕਰਨ ਸਰਕਾਰਾਂ

ਪ੍ਰਿੰਸੀ. ਵਿਜੈ ਕੁਮਾਰ



ਭਾਰਤ ਦੇ ਲੋਕ ਸਿੱਖਿਆ ਸ਼ਾਸਤਰੀ ਮੈਕਾਲੇ ਦੀ ਬਣਾਈ ਹੋਈ ਸਿੱਖਿਆ ਨੀਤੀ ਨੂੰ ਅੱਜ ਤਕ ਕੋਸਦੇ ਆ ਰਹੇ ਹਨ ਕਿਉਂਕਿ ਉਸ ਸਿੱਖਿਆ ਨੀਤੀ ਦੀ ਬਦੌਲਤ ਭਾਰਤ ਦੇ ਅੱਗੇ ਬੇਰੁਜ਼ਗਾਰੀ ਦੀ ਗੰਭੀਰ ਸਮੱਸਿਆ ਖੜ੍ਹੀ ਹੋ ਗਈ ਹੈ। ਭਾਰਤ ਦੀਆਂ ਹੁਣ ਤਕ ਦੀਆਂ ਸਰਕਾਰਾਂ ਨੂੰ ਸਿੱਖਿਆ ਮਾਹਿਰਾਂ ਵੱਲੋਂ ਸਿੱਖਿਆ ਨੀਤੀਆਂ ਨੂੰ ਲੈ ਕੇ ਦਿੱਤੇ ਗਏ ਸੁਝਾਅ ਸਮਝ ਨਹੀਂ ਆਏ ਜਾਂ ਉਨ੍ਹਾਂ ਨੇ ਸਮਝਦੇ ਹੋਏ ਵੀ ਉਨ੍ਹਾਂ ਨੂੰ ਲਾਗੂ ਨਹੀਂ ਕੀਤਾ ਕਿਉਂਕਿ ਹੁਕਮਰਾਨਾਂ ਨੂੰ ਆਪਣੇ ਦੇਸ਼ ਨਾਲੋਂ ਆਪਣਾ ਫ਼ਿਕਰ ਜ਼ਿਆਦਾ ਹੈ। ਭਾਰਤ ਦੀ ਕਿਸੇ ਵੀ ਸਰਕਾਰ ਨੇ ਅੱਜ ਤਕ ਨਾ ਤਾਂ ਦੋਸ਼ਪੂਰਨ ਸਿੱਖਿਆ ਨੀਤੀਆਂ ਵੱਲ ਧਿਆਨ ਦਿੱਤਾ ਤੇ ਨਾ ਹੀ ਬੇਰੁਜ਼ਗਾਰੀ ਦੀ ਸਮੱਸਿਆ ਨੂੰ ਗੰਭੀਰਤਾ ਨਾਲ ਲਿਆ। ਸਰਕਾਰਾਂ ਦੀ ਗ਼ੈਰ-ਜ਼ਿੰਮੇਵਾਰੀ ਨੇ ਬੇਰੁਜ਼ਗਾਰੀ ਨੂੰ ਬੇਹੱਦ ਗੰਭੀਰ ਮੁੱਦਾ ਬਣਾ ਦਿੱਤਾ ਹੈ। ਅੱਜ ਸਾਡੇ ਦੇਸ਼ ਦੇ ਹੋਣਹਾਰ ਮੁੰਡੇ-ਕੁੜੀਆਂ ਆਪਣਾ ਦੇਸ਼ ਛੱਡ ਕੇ ਵਿਦੇਸ਼ਾਂ ਵਿਚ ਰੁਜ਼ਗਾਰ ਲੱਭਣ ਲਈ ਮਜਬੂਰ ਹੋ ਰਹੇ ਹਨ।

ਦੇਸ਼ ਦਾ ਹਰ ਦੂਜਾ ਬੱਚਾ ਆਪਣੇ ਮਾਪਿਆਂ ਨੂੰ ਜ਼ਮੀਨ-ਜਾਇਦਾਦ ਵੇਚ ਕੇ ਬੈਂਕਾਂ ਤੋਂ ਕਰਜ਼ਾ ਚੁੱਕ ਕੇ ਜਾਂ ਫਿਰ ਰਿਸ਼ਤੇਦਾਰਾਂ ਤੋਂ ਪੈਸੇ ਉਧਾਰ ਫੜ ਕੇ ਉਸ ਨੂੰ ਵਿਦੇਸ਼ ਭੇਜਣ ਲਈ ਮਜਬੂਰ ਕਰ ਰਿਹਾ ਹੈ। ਨੌਜਵਾਨ ਮੁੰਡਿਆਂ-ਕੁੜੀਆਂ ਦੇ ਮੂੰਹੋਂ ਅਕਸਰ ਇਹੀ ਸ਼ਬਦ ਸੁਣਨ ਨੂੰ ਮਿਲ ਰਹੇ ਹਨ ਕਿ ਹੁਣ ਭਾਰਤ ਵਿਚ ਰੱਖਿਆ ਹੀ ਕੀ ਹੈ। ਜੇ ਸਾਡੀਆਂ ਸਰਕਾਰਾਂ ਸਾਨੂੰ ਰੁਜ਼ਗਾਰ ਮੁਹੱਈਆ ਨਹੀਂ ਕਰਵਾ ਸਕਦੀਆਂ ਤਾਂ ਇਸ ਮੁਲਕ 'ਚ ਰਹਿ ਕੇ ਕੀ ਕਰਨਾ? ਸਾਡੇ ਨੌਜਵਾਨ ਮੁੰਡੇ-ਕੁੜੀਆਂ ਇਹ ਸ਼ਬਦ ਕਹਿਣ ਲਈ ਇਸ ਲਈ ਮਜਬੂਰ ਹੋ ਰਹੇ ਹਨ ਕਿਉਂਕਿ ਭਾਰਤ ਦੀਆਂ ਦੋਸ਼ਪੂਰਨ ਸਿੱਖਿਆ ਨੀਤੀਆਂ ਦੇਸ਼ ਵਿਚ ਬੇਰੁਜ਼ਗਾਰੀ ਦੇ ਸੰਕਟ ਨੂੰ ਹੋਰ ਵੀ ਗੰਭੀਰ ਬਣਾ ਰਹੀਆਂ ਹਨ।

ਸਾਡੇ ਦੇਸ਼ ਦੀਆਂ ਸਰਕਾਰਾਂ ਉਨ੍ਹਾਂ ਦੇ ਰੁਜ਼ਗਾਰ ਦੀ ਜ਼ਿੰਮੇਵਾਰੀ ਲੈਣ ਲਈ ਤਿਆਰ ਨਹੀਂ। ਬਾਰ੍ਹਵੀਂ ਜਮਾਤ ਪਾਸ ਕਰਨ ਤੋਂ ਬਾਅਦ ਨੌਜਵਾਨ ਮੁੰਡੇ-ਕੁੜੀਆਂ ਕਾਲਜਾਂ ਅਤੇ ਯੂਨੀਵਰਸਿਟੀਆਂ ਵਿੱਚ ਜਾਣ ਦੀ ਬਜਾਏ ਆਈਲੈਟਸ ਕਰਨ ਨੂੰ ਤਰਜੀਹ ਦਿੰਦੇ ਹਨ ਕਿਉਂਕਿ ਉਨ੍ਹਾਂ ਨੂੰ ਪਤਾ ਹੈ ਕਿ ਉਚੇਰੀ ਸਿੱਖਿਆ ਹਾਸਲ ਕਰਨ ਤੋਂ ਬਾਅਦ ਕਿਹੜਾ ਨੌਕਰੀ ਮਿਲਣੀ ਹੈ, ਉਸ ਤੋਂ ਬਾਅਦ ਵੀ ਤਾਂ ਵਿਹਲੇ ਹੀ ਘੁੰਮਣਾ ਹੈ। ਜੇਕਰ ਮਿਲਣੀ ਵੀ ਹੈ ਤਾਂ ਸਿਰਫ਼ ਅੱਠ-ਦਸ ਹਜ਼ਾਰ ਦੀ। ਉਹ ਇਹ ਵੀ ਸੋਚਦੇ ਹਨ ਕਿ ਜੇ ਉਚੇਰੀ ਸਿੱਖਿਆ ਹਾਸਲ ਕਰ ਕੇ ਵੀ ਵਿਦੇਸ਼ ਜਾਣਾ ਹੈ ਤਾਂ ਉੱਥੇ ਜਾ ਕੇ ਕਿਉਂ ਨਾ ਪੜ੍ਹਿਆ ਜਾਵੇ। ਵਿਦੇਸ਼ ਵਿਚ ਜਾ ਕੇ ਪੜ੍ਹਨ ਨਾਲ ਘੱਟੋ-ਘੱਟ ਰੁਜ਼ਗਾਰ ਤਾਂ ਮਿਲ ਹੀ ਜਾਵੇਗਾ। ਉਹ ਸੋਚਦੇ ਹਨ ਕਿ ਉਨ੍ਹਾਂ ਦਾ ਭਵਿੱਖ ਆਪਣੇ ਦੇਸ਼ ਨਾਲੋਂ ਵਿਦੇਸ਼ਾਂ ਵਿਚ ਜ਼ਿਆਦਾ ਸੁਰੱਖਿਅਤ ਹੈ। ਇਸੇ ਲਈ ਸਾਡੇ ਦੇਸ਼ ਦੀਆਂ ਯੂਨੀਵਰਸਿਟੀਆਂ ਅਤੇ ਕਾਲਜਾਂ ਵਿਚ ਬੱਚਿਆਂ ਦੀ ਗਿਣਤੀ ਘਟਦੀ ਜਾ ਰਹੀ ਹੈ ਤੇ ਆਈਲੈਟਸ ਸੈਂਟਰਾਂ ਵਿਚ ਵਧਦੀ ਜਾ ਰਹੀ ਹੈ। ਸਾਡੇ ਦੇਸ਼ ਦੇ ਨੌਜਵਾਨ ਮੁੰਡੇ-ਕੁੜੀਆਂ ਦਾ ਸ਼ੋਸ਼ਣ ਆਈਲੈਟਸ ਦੇ ਕੋਰਸਾਂ ਦੀਆਂ ਹਜ਼ਾਰਾਂ ਰੁਪਇਆਂ ਦੀਆਂ ਫੀਸਾਂ ਤੋਂ ਸ਼ੁਰੂ ਹੁੰਦਾ ਹੈ। ਉਸ ਤੋਂ ਬਾਅਦ ਉਨ੍ਹਾਂ ਬੱਚਿਆਂ ਤੋਂ ਵਿਦੇਸ਼ ਭੇਜਣ ਵਾਲੇ ਏਜੰਟ ਲੱਖਾਂ ਰੁਪਏ ਉਗਰਾਹੁੰਦੇ ਹਨ। ਉਸ ਤੋਂ ਮਗਰੋਂ ਵਿਦੇਸ਼ਾਂ ਦੀ ਧਰਤੀ 'ਤੇ ਡਾਲਰ ਕਮਾਉਣ ਦੇ ਸੁਪਨੇ ਲੈ ਕੇ ਆਏ ਉਨ੍ਹਾਂ ਬੱਚਿਆਂ ਤੋਂ ਵਿਦੇਸ਼ੀ ਯੂਨੀਵਰਸਿਟੀਆਂ ਤੇ ਕਾਲਜ ਲੱਖਾਂ ਰੁਪਏ ਫੀਸਾਂ ਦੇ ਰੂਪ ਵਿਚ ਲੁੱਟਦੇ ਹਨ।

ਭਾਰਤ ਦੇ ਨੌਜਵਾਨ ਮੁੰਡਿਆਂ-ਕੁੜੀਆਂ ਜਿਹੜੇ ਆਪਣੇ ਦੇਸ਼ ਤੋਂ ਇੰਜੀਨੀਅਰਿੰਗ, ਮੈਡੀਕਲ, ਬੀਸੀਏ, ਐੱਮਸੀਏ, ਐੱਮਬੀਏ ਅਤੇ ਹੋਰ ਡਿਗਰੀਆਂ ਲੈ ਕੇ ਆਏ ਹੁੰਦੇ ਹਨ, ਉਨ੍ਹਾਂ ਨੂੰ ਵਿਦੇਸ਼ਾਂ ਵਿਚ ਰੁਜ਼ਗਾਰ ਲੱਭਣ ਲਈ ਮੁੜ ਪੜ੍ਹਨਾ ਪੈਂਦਾ ਹੈ ਕਿਉਂਕਿ ਉਹ ਸਾਡੇ ਦੇਸ਼ ਦੀ ਉਚੇਰੀ ਸਿੱਖਿਆ ਨੂੰ ਆਪਣੇ ਦੇਸ਼ ਦੀ ਉਚੇਰੀ ਸਿੱਖਿਆ ਦੇ ਮਿਆਰ ਦੀ ਨਹੀਂ ਸਮਝਦੇ। ਹੁਣ ਵਿਦੇਸ਼ਾਂ ਵਿੱਚ ਰੁਜ਼ਗਾਰ ਦੀ ਭਾਲ ਵਿਚ ਆਏ ਨੌਜਵਾਨ ਮੁੰਡੇ-ਕੁੜੀਆਂ ਜਿਸ ਕਿਸਮ ਦੀ ਜ਼ਿੰਦਗੀ ਜਿਊਂਦੇ ਹਨ, ਉਸ ਬਾਰੇ ਵੀ ਜਾਣ ਲੈਣਾ ਚਾਹੀਦਾ ਹੈ।

ਚੰਗੇ ਸ਼ਾਨਦਾਰ ਘਰਾਂ ਵਿੱਚ ਰਹਿਣ ਵਾਲੇ ਬੱਚਿਆਂ ਨੂੰ ਚਾਰ-ਪੰਜ ਇਕੱਠੇ ਹੋ ਕੇ ਬੇਸਮੈਂਟਾਂ 'ਚ ਰਹਿਣਾ ਪੈਂਦਾ ਹੈ ਕਿਉਂਕਿ ਇਕੱਲਾ ਬੱਚਾ ਬੇਸਮੈਂਟ ਦਾ ਕਿਰਾਇਆ ਨਹੀਂ ਦੇ ਸਕਦਾ। ਜਿਨ੍ਹਾਂ ਬੱਚਿਆਂ ਨੇ ਆਪਣੇ ਘਰਾਂ ਵਿੱਚ ਕੰਮ ਨੂੰ ਹੱਥ ਨਹੀਂ ਲਗਾਇਆ ਹੁੰਦਾ, ਉਹ ਹੋਟਲਾਂ, ਸਟੋਰਾਂ, ਚੌਕੀਦਾਰੀ, ਲੇਬਰ, ਕਲੀ, ਪੇਂਟ ਕਰਨ ਅਤੇ ਪੈਟਰੋਲ ਪੰਪਾਂ ਦੀ ਨੌਕਰੀ ਲਈ ਤਰਸਦੇ ਘੁੰਮਦੇ ਨੇ। ਚੰਗੇ ਪੜ੍ਹੇ-ਲਿਖੇ ਬੱਚੇ ਟੈਕਸੀ ਅਤੇ ਟਰੱਕ ਚਲਾਉਣ ਦਾ ਕੰਮ ਵੀ ਕਰਦੇ ਹਨ।

ਬੇਰੁਜ਼ਗਾਰੀ ਦਾ ਸੰਤਾਪ ਭੁਗਤ ਰਹੇ ਤਿੰਨ ਵਰਗਾਂ ਦੇ ਸਾਡੇ ਨੌਜਵਾਨ ਮੁੰਡੇ-ਕੁੜੀਆਂ ਵਿਦੇਸ਼ਾਂ ਵਿਚ ਰੁਜ਼ਗਾਰ ਦੀ ਭਾਲ ਵਿਚ ਆਉਂਦੇ ਹਨ। ਪਹਿਲੇ ਵਰਗ ਵਿੱਚ ਚੰਗੀ ਬੌਧਿਕ ਯੋਗਤਾ ਵਾਲੇ ਉਹ ਬੱਚੇ ਹੁੰਦੇ ਹਨ ਜਿਹੜੇ ਚੰਗੇ ਸਕੂਲਾਂ ਵਿੱਚ ਪੜ੍ਹ ਕੇ ਅਤੇ ਮਿਹਨਤ ਕਰ ਕੇ ਆਏ ਹੁੰਦੇ ਹਨ। ਉਹ ਆਪਣੀ ਯੋਗਤਾ ਅਤੇ ਮਿਹਨਤ ਸਦਕਾ ਚੰਗੇ ਡਾਲਰਾਂ ਵਾਲੀ ਨੌਕਰੀ 'ਤੇ ਲੱਗ ਜਾਂਦੇ ਹਨ।

ਚੰਗੀ ਤਨਖਾਹ ਵਾਲੀ ਨੌਕਰੀ ਮਿਲਣ ਕਰ ਕੇ ਉਹ ਬੱਚੇ ਚੰਗੇ ਸਟੇਟਸ ਵਾਲੀ ਜ਼ਿੰਦਗੀ ਜਿਊਣ ਲੱਗ ਪੈਂਦੇ ਹਨ। ਦੂਜਾ ਵਰਗ ਉਨ੍ਹਾਂ ਬੱਚਿਆਂ ਦਾ ਹੈ ਜੋ ਕਿ ਮੱਧ ਵਰਗ ਵਾਲੀ ਬੌਧਿਕ ਯੋਗਤਾ ਵਾਲੇ ਹੁੰਦੇ ਹਨ ਜਿਹੜੇ ਸਾਧਾਰਨ ਸਕੂਲਾਂ ਅਤੇ ਕਾਲਜਾਂ ਤੋਂ ਪੜ੍ਹ ਕੇ ਆਏ ਹੁੰਦੇ ਹਨ। ਉਨ੍ਹਾਂ ਨੇ ਲੋੜੀਂਦੀ ਮਿਹਨਤ ਨਹੀਂ ਕੀਤੀ ਹੁੰਦੀ। ਉਹ ਵੀ ਨੌਕਰੀ ਦੀ ਭਾਲ ਵਿੱਚ ਇੱਧਰੋਂ-ਉੱਧਰੋਂ ਪੈਸੇ ਦਾ ਪ੍ਰਬੰਧ ਕਰ ਕੇ ਵਿਦੇਸ਼ ਪਹੁੰਚ ਜਾਂਦੇ ਹਨ। ਇੱਥੇ ਪਹੁੰਚ ਕੇ ਜਦੋਂ ਉਨ੍ਹਾਂ ਦਾ ਸਾਹਮਣਾ ਸੱਚਾਈ ਨਾਲ ਹੁੰਦਾ ਹੈ ਤਾਂ ਉਹ ਆਪਣੇ ਮਾਪਿਆਂ ਵੱਲੋਂ ਆਪਣੇ ਲਈ ਲਏ ਕਰਜ਼ੇ ਨੂੰ ਉਤਾਰਨ ਲਈ ਕਾਫ਼ੀ ਮਿਹਨਤ ਕਰਦੇ ਹਨ। ਹਰ ਤਰ੍ਹਾਂ ਦੀ ਨੌਕਰੀ ਕਰਨ ਲਈ ਤਿਆਰ ਹੋ ਜਾਂਦੇ ਹਨ।

ਕਈ ਬੱਚੇ ਤਾਂ ਦਿਨ ਵਿੱਚ ਦੋ-ਤਿੰਨ ਨੌਕਰੀਆਂ ਵੀ ਕਰਦੇ ਹਨ ਪਰ ਉਨ੍ਹਾਂ ਨੂੰ ਉਨ੍ਹਾਂ ਵੱਲੋਂ ਹਾਸਲ ਕੀਤੀ ਗਈ ਉਚੇਰੀ ਸਿੱਖਿਆ ਦੇ ਪੱਧਰ ਦੀ ਨੌਕਰੀ ਨਹੀਂ ਮਿਲਦੀ ਜੋ ਉਹ ਹਾਸਲ ਕਰਨ ਦੇ ਚਾਹਵਾਨ ਹੁੰਦੇ ਹਨ। ਵੱਧ ਪੈਸੇ ਕਮਾਉਣ ਦੀ ਦੌੜ ਤੇ ਹੋਰ ਸੁੱਖ-ਸੁਵਿਧਾਵਾਂ ਹਾਸਲ ਕਰਨ ਦੀ ਦੌੜ ਵਿਚ ਇਸ ਵਰਗ ਦੇ ਬੱਚੇ ਟੈਕਸੀ ਅਤੇ ਟਰੱਕ ਚਲਾਉਣ ਦੇ ਧੰਦੇ ਨਾਲ ਜੁੜ ਜਾਂਦੇ ਹਨ।

ਤੀਜੇ ਵਰਗ ਦਾ ਜ਼ਿਕਰ ਕਰਨ ਤੋਂ ਪਹਿਲਾਂ ਇੱਥੇ ਇਹ ਦੱਸ ਦੇਣਾ ਜ਼ਰੂਰੀ ਹੈ ਕਿ ਭਾਰਤ, ਪਾਕਿਸਤਾਨ, ਬੰਗਲਾਦੇਸ਼, ਸ੍ਰੀਲੰਕਾ, ਨੇਪਾਲ, ਚੀਨ ਅਤੇ ਹੋਰ ਦੇਸ਼ਾਂ ਦੇ ਬੇਰੁਜ਼ਗਾਰੀ ਦੇ ਸਤਾਏ ਹੋਏ ਬੱਚਿਆਂ ਨੇ ਅਮਰੀਕਾ, ਇੰਗਲੈਂਡ, ਕੈਨੇਡਾ, ਨਿਊਜ਼ੀਲੈਂਡ ਅਤੇ ਆਸਟ੍ਰੇਲੀਆ ਵਿੱਚ ਬਹੁ-ਗਿਣਤੀ ਵਿੱਚ ਆ ਕੇ ਬੇਰੁਜ਼ਗਾਰੀ ਦਾ ਸੰਕਟ ਖੜ੍ਹਾ ਕਰ ਦਿੱਤਾ ਹੈ।

(ਬਾਕੀ ਸਫ਼ਾ 29 'ਤੇ)

# ਧਰਮ ਪ੍ਰਚਾਰ ਲਈ ਗੁਰੂ ਘਰਾਂ ਨੂੰ ਬਣਾਇਆ ਜਾਵੇ ਕੇਂਦਰ

ਡਾ. ਧਰਮ ਸਿੰਘ



'ਗੁਰਦੁਆਰੇ' ਦਾ ਕੋਸ਼ਗਤ ਅਰਥ ਗੁਰੂ ਦਾ ਘਰ ਹੈ ਅਤੇ ਸਤਿਗੁਰਾਂ ਨੇ ਇਸ ਦੀ ਮਹਿਮਾ ਇਉਂ ਵਰਣਨ ਕੀਤੀ ਹੈ, "ਗੁਰੂ ਦੁਆਰੈ ਹੋਇ ਸੋਝੀ ਪਾਇਸੀ ॥" ਮਹਾਨ ਕੋਸ਼ ਦੇ ਕਰਤਾ ਨੇ ਗੁਰਦੁਆਰਾ ਸਾਹਿਬ ਦੀ ਵਿਸ਼ੇਸ਼ਤਾ ਬਿਆਨ ਕਰਦਿਆਂ ਲਿਖਿਆ ਹੈ, 'ਸਿੱਖਾਂ ਦਾ ਗੁਰਦੁਆਰਾ ਵਿਦਿਆਰਥੀਆਂ ਲਈ ਸਕੂਲ, ਆਤਮ ਜਗਿਆਸਾ ਵਾਲਿਆਂ ਲਈ ਗਿਆਨ ਉਪਦੇਸ਼ਕ, ਆਚਾਰਯ, ਰੋਗੀਆਂ ਲਈ ਸ਼ਫ਼ਾਖ਼ਾਨਾ, ਭੁੱਖਿਆਂ ਲਈ ਅੰਨਪੂਰਣਾ, ਇਸਤਰੀ ਜਾਤ ਦੀ ਪਤ ਰੱਖਣ ਲਈ ਲੋਹਮਈ ਦੁਰਗ ਅਤੇ ਮੁਸਾਫ਼ਰਾਂ ਲਈ ਵਿਸ਼ਰਾਮ ਦਾ ਅਸਥਾਨ ਹੈ।' ਅਜੋਕੇ ਸਮੇਂ ਵਿੱਚ ਦੇਸ਼/ਵਿਦੇਸ਼ ਵਿੱਚ ਬਹੁਤ ਸਾਰੇ ਗੁਰਦੁਆਰਿਆਂ ਦੇ ਸੁਘੜ ਪ੍ਰਬੰਧਕ ਉਪਰੋਕਤ ਅਨੁਸਾਰ ਚੰਗਾ ਉੱਦਮ ਕਰ ਰਹੇ ਹਨ। ਫਿਰ ਵੀ ਸਧਾਰਨ ਪਿੰਡਾਂ ਤੋਂ ਲੈ ਕੇ ਦੇਸ਼/ਵਿਦੇਸ਼ ਤੱਕ ਧਰਮ ਪ੍ਰਚਾਰ ਲਈ ਅਸੀਂ ਹੋਰ ਚੰਗਾ ਕੀ ਕਰ ਸਕਦੇ ਹਾਂ, ਵਿਚਾਰ ਅਧੀਨ ਇਹ ਮੁੱਖ ਵਿਸ਼ਾ ਹੈ।

ਚੰਗੇ ਗ੍ਰੰਥੀ ਸਿੰਘ ਤੇ ਚੰਗੀ ਤਨਖ਼ਾਹ: ਪੰਜਾਬ 'ਚ ਇਸ ਸਮੇਂ ਵੀਹ ਦੇ ਕਰੀਬ ਪ੍ਰਚਾਰਕਾਂ ਦੀ ਸਿਖਲਾਈ ਵਾਲੇ ਕਾਲਜ ਹਨ ਜੋ ਗੁਰਮਤਿ ਦੀ ਸਿੱਖਿਆ ਦੇ ਰਹੇ ਹਨ। ਗੁਰਦੁਆਰਾ ਸਾਹਿਬ ਵਿਖੇ ਗ੍ਰੰਥੀ ਸਿੰਘ ਸਿਖਲਾਈ ਯਾਫ਼ਤਾ ਹੋਵੇਗਾ ਤਾਂ ਉਹ ਗੁਰੂ ਘਰ ਨੂੰ ਪ੍ਰਚਾਰ ਦਾ ਕੇਂਦਰ ਬਣਾ ਸਕਦਾ ਹੈ। ਉਸ ਦੀਆਂ ਲੋੜਾਂ ਨੂੰ ਮੁੱਖ ਰੱਖ ਕੇ ਚੰਗੀ ਤਨਖ਼ਾਹ, ਰਿਹਾਇਸ਼ ਦਾ ਪ੍ਰਬੰਧ ਹੋਵੇ। ਕਈ ਵਾਰ ਸਭ ਕੁਝ ਹੁੰਦਿਆਂ ਵੀ ਪ੍ਰਬੰਧਕ-ਜਨ ਗ੍ਰੰਥੀ, ਰਾਗੀ ਸਿੰਘਾਂ ਨੂੰ ਯੋਗ ਤਨਖਾਹ ਨਹੀਂ ਦਿੰਦੇ ਹਨ। ਇਸ ਸੰਬੰਧੀ ਸਮੂਹ ਪ੍ਰਬੰਧਕਾਂ ਨੂੰ ਚਿੰਤਨ ਮੰਥਨ ਦੀ ਅਹਿਮ ਲੋੜ ਹੈ।

ਗੁਰਮੁਖੀ ਤੇ ਗੁਰਬਾਣੀ ਸੰਥਿਆ ਦੀਆਂ ਕਲਾਸਾਂ: ਅੱਜ ਵੱਡੀ ਗਿਣਤੀ 'ਚ ਵਿਦਿਆਰਥੀ ਪੰਜਾਬੀ ਵਿਸ਼ੇ 'ਚ ਵੀ ਕਮਜ਼ੋਰ ਹਨ। ਗੁਰਮੁਖੀ ਕਲਾਸਾਂ ਨਾਲ ਭਾਸ਼ਾ ਦਾ ਗਿਆਨ ਵਧੇਗਾ ਅਤੇ ਗੁਰਬਾਣੀ ਸੰਥਿਆ ਨਾਲ ਘੱਟੋ-ਘੱਟ ਨਿੱਤਨੇਮ ਦੀਆਂ ਬਾਣੀਆਂ ਦਾ ਸ਼ੁੱਧ ਪਾਠ ਆਵੇਗਾ। ਇਲਾਕੇ ਦੇ ਵੱਡੀ ਗਿਣਤੀ 'ਚ ਮਾਈ-ਭਾਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸੰਪੂਰਨ ਪਾਠ ਕਰਨਾ ਸਿੱਖਣਗੇ। ਕਿਧਰੇ ਐਤਵਾਰੀ ਕਲਾਸ ਵੀ ਹੋ ਸਕਦੀ ਹੈ। ਇਸ ਵਿੱਚ ਸਥਾਨਕ ਗ੍ਰੰਥੀ ਸਿੰਘ ਦੇ ਨਾਲ ਸੇਵਾ ਮੁਕਤ ਭਾਸ਼ਾ ਅਧਿਆਪਕ ਵੀ ਚੰਗਾ ਯੋਗਦਾਨ ਪਾ ਸਕਦੇ ਹਨ। ਨੈਤਿਕ ਕਦਰਾਂ-ਕੀਮਤਾਂ ਦੀ ਸਿੱਖਿਆ ਤੇ ਅਮਲੀ ਜੀਵਨ ਦੀ ਸਮਾਜ ਨੂੰ ਡਾਹਢੀ ਜ਼ਰੂਰਤ ਹੈ।

ਲਾਇਬ੍ਰੇਰੀ ਦਾ ਪ੍ਰਬੰਧ: ਇਸ ਸਮੇਂ ਹਰੇਕ ਗੁਰਦੁਆਰਾ ਪ੍ਰਬੰਧਕਾਂ ਪਾਸ ਮਾਇਆ ਦੇ ਚੰਗੇ ਸਾਧਨ ਹਨ। ਕਈ ਪਿੰਡਾਂ-ਸ਼ਹਿਰਾਂ 'ਚ ਗੁਰਦੁਆਰਾ ਸਾਹਿਬ ਵਿਖੇ ਚੰਗੀਆਂ ਲਾਇਬ੍ਰੇਰੀਆਂ ਹਨ। ਸਮੇਂ ਦੀ ਲੋੜ ਹੈ ਕਿ ਜੇਕਰ ਪੰਜਾਬੀ ਭਾਸ਼ਾ ਤੇ ਧਾਰਮਿਕ ਸਾਹਿਤ ਨੂੰ ਬਚਾਉਣਾ ਹੈ ਤਾਂ ਪ੍ਰਬੰਧਕ-ਜਨ ਇਕ-ਦੋ ਕਮਰੇ ਗੁਰਦੁਆਰਾ ਸਾਹਿਬ ਵਿਖੇ 'ਪੁਸਤਕ ਘਰ' ਲਈ ਰਾਖਵੇਂ ਰੱਖਣ। ਇਸ ਦੇ ਨਾਲ ਗੁਰਮਤਿ ਦੇ ਮੈਗਜ਼ੀਨ ਤੇ ਰੋਜ਼ਾਨਾ ਅਖ਼ਬਾਰ ਵੀ ਆਉਣ। ਜਦ ਮਾਹੌਲ ਤੇ ਸਾਧਨ ਦਿਆਂਗੇ ਤਾਂ ਪਾਠਕ ਵੀ ਪੈਦਾ ਹੋਣਗੇ।

ਲੋੜਵੰਦ ਵਿਦਿਆਰਥੀਆਂ ਲਈ ਗੋਲਕ 'ਚੋਂ ਦਸਵੰਧ: ਸਮਕਾਲੀ ਹਾਲਾਤਾਂ ਅਨੁਸਾਰ ਗੁਰੂ ਗੋਲਕ 'ਚੋਂ ਵਿੱਦਿਅਕ ਫੰਡ ਰੱਖਣਾ ਚਾਹੀਦਾ ਹੈ। ਧੜੇਬੰਦੀਆਂ ਤੋਂ ਉੱਪਰ ਉਠ ਕੇ ਜਦ ਪ੍ਰਬੰਧਕ ਲੋੜਵੰਦ ਬੱਚਿਆਂ ਦੀ ਸਹਾਇਤਾ ਕਰਨਗੇ ਤਾਂ ਕੁਦਰਤੀ ਉਹ ਬੱਚੇ ਅਤੇ ਮਾਪੇ ਗੁਰੂ ਘਰ ਨਾਲ ਭਾਵਕ ਤੌਰ 'ਤੇ ਸਾਂਝ ਬਣਾਉਣਗੇ। ਦੇਸ਼/ਵਿਦੇਸ਼ 'ਚ ਦਾਨੀਆਂ ਦੀ ਕਮੀ ਨਹੀਂ, ਸਗੋਂ ਸ਼ੁੱਭ ਉਦਮ ਦੀ ਘਾਟ ਹੈ। ਚੰਗਾ ਹੋਵੇ ਵੱਡਿਆਂ ਸ਼ਹਿਰਾਂ ਤੇ ਦੂਰ ਦੇਸ਼ਾਂ ਵਿੱਚ ਗੁਰਦੁਆਰਾ ਨੋਟਿਸ ਬੋਰਡ ਉਪਰ ਰੁਜ਼ਗਾਰ ਦੀ ਜਾਣਕਾਰੀ ਵੀ ਦਿੱਤੀ ਜਾਵੇ। ਇਹ ਆਮ ਘਰਾਂ ਦੇ ਕਾਮਿਆਂ ਤੋਂ ਲੈ ਕੇ ਕਿਸੇ ਵੀ ਪੱਧਰ ਦੀ ਹੋ ਸਕਦੀ ਹੈ।

ਗੁਰਮਤਿ ਕੈਂਪਾਂ ਦਾ ਪ੍ਰਬੰਧ: ਹਰ ਗੁਰਦੁਆਰਾ ਸਾਹਿਬ ਵਿੱਚ ਛੋਟੇ-ਛੋਟੇ ਸਥਾਨਕ ਪਹੁੰਚ ਅਨੁਸਾਰ ਗੁਰਮਤਿ ਕੈਂਪ ਲੱਗਣੇ ਚਾਹੀਦੇ ਹਨ। ਇਸ 'ਚ ਉਸਾਰੂ ਵਿਚਾਰ ਚਰਚਾ ਹੋਵੇ ਤੇ ਬੇਲੋੜੇ ਵਿਵਾਦਾਂ ਤੋਂ ਬਚਿਆ ਜਾਵੇ, ਸਿਮਰਨ ਅਭਿਆਸ ਹੋਵੇ। ਸੰਗਤਾਂ ਲਈ ਗੁਰਬਾਣੀ, ਭਾਸ਼ਨ, ਕਵਿਤਾ, ਸੁੰਦਰ ਲਿਖਾਈ, ਚਿੱਤਰਕਲਾ, ਕੀਰਤਨ ਆਦਿ ਦੀ ਸਿਖਲਾਈ ਵੀ ਹੋਵੇ। ਇਸ ਨਾਲ ਉਤਸ਼ਾਹ ਵਧਦਾ ਹੈ। ਘਰੇਲੂ ਸਵਾਣੀਆਂ ਅਤੇ ਬਜ਼ੁਰਗਾਂ ਦੇ ਵੀ ਗੁਰਮਤਿ ਕੈਂਪ ਹੋਣੇ ਚਾਹੀਦੇ ਹਨ। ਇਸ ਨਾਲ ਭਾਈਚਾਰਕ ਸਾਂਝ ਵਧਦੀ ਹੈ, ਜੋ ਅੱਜ ਇਕੱਲਤਾ ਹੰਢਾਅ ਰਹੇ ਪਰਿਵਾਰਾਂ ਨੂੰ ਵਧੀਕ ਜ਼ਰੂਰਤ ਹੈ। ਇਸ ਨਾਲ ਫੋਕਟ ਕਰਮਕਾਂਡ, ਵਹਿਮਾਂ-ਭਰਮਾਂ ਤੋਂ ਵੀ ਮੁਕਤ ਹੋਵਾਂਗੇ ਤੇ ਗੁਰਮਤਿ ਦਾ ਸਹੀ ਪ੍ਰਚਾਰ ਹੋਵੇਗਾ।

ਲੋੜਵੰਦਾਂ ਲਈ ਦਵਾਈ ਦਾ ਪ੍ਰਬੰਧ: ਦੇਸ਼/ਵਿਦੇਸ਼ ਦੇ ਗੁਰੂ ਘਰਾਂ 'ਚ ਕਈ ਜਗ੍ਹਾ ਡਿਸਪੈਂਸਰੀ ਦਾ ਪ੍ਰਬੰਧ ਜਾਂ ਹੋਮਿਓਪੈਥੀ ਦੀ ਸਹੂਲਤ ਹੈ। ਕੁਝ ਸਾਧੂਆਂ-ਸੰਤਾਂ ਨੇ ਦੇਸੀ ਦਵਾਖ਼ਾਨੇ ਦੇ ਪ੍ਰਬੰਧ ਵੀ ਕੀਤੇ ਹਨ ਪਰ ਇਹ ਸਭ ਉਂਗਲਾਂ 'ਤੇ ਗਿਣਨਯੋਗ ਹਨ। ਮਰੀਜ਼ਾਂ ਦੀਆਂ ਲੋੜਾਂ ਅਨੁਸਾਰ ਰੋਜ਼ਾਨਾ ਦੋ-ਤਿੰਨ ਘੰਟੇ ਲਈ ਮਾਹਿਰ ਡਾਕਟਰ ਦਾ ਪ੍ਰਬੰਧ ਹੋ ਸਕਦਾ ਹੈ। ਚੰਗੀ ਹਿਕਮਤ ਦੇ ਗਿਆਤਾ ਦੀਆਂ ਪ੍ਰਬੰਧਕ ਸੇਵਾਵਾਂ ਲੈ ਸਕਦੇ ਹਨ ਜਾਂ ਹੋਮਿਓਪੈਥੀ ਵੀ ਸਾਰਥਿਕ ਹੈ। ਗੁਰੂ ਘਰ ਤੋਂ ਜੋ ਦਵਾ ਤੇ ਦੁਆ ਦੇ ਨਾਲ ਰੋਗ ਮੁਕਤ ਹੋਣਗੇ, ਉਹ ਸਦਾ ਲਈ ਭਾਵਕ ਸਾਂਝ ਰੱਖਣਗੇ।

ਕਵੀਸ਼ਰੀ ਤੇ ਢਾਡੀ ਦਰਬਾਰ: ਅਸੀਂ ਆਪਣੇ ਅਮੀਰ ਵਿਰਸੇ ਤੋਂ ਦੂਰ ਵੀ ਜਾ ਰਹੇ ਹਾਂ। ਪ੍ਰਬੰਧਕਾਂ ਨੂੰ ਕਵੀ ਦਰਬਾਰ, ਕਵੀਸ਼ਰੀ ਦਰਬਾਰ ਤੇ ਢਾਡੀ ਦਰਬਾਰ ਵੀ ਕਰਵਾਉਣੇ ਚਾਹੀਦੇ ਹਨ। ਇਸ ਤਰ੍ਹਾਂ ਕਰਨ ਨਾਲ ਇਹ ਕਲਾਵਾਂ ਜੀਵਤ ਰਹਿਣਗੀਆਂ। ਸਾਡੇ ਕੀਰਤਨ ਦਰਬਾਰਾਂ ਦੇ ਵਾਂਗ ਇਹ ਦਰਬਾਰ ਵੀ ਹੋਣੇ ਚਾਹੀਦੇ ਹਨ।

(ਬਾਕੀ ਸਫ਼ਾ 31 'ਤੇ)



# ਗੁ. ਸ੍ਰੀ ਨਾਨਕਮਤਾ ਸਾਹਿਬ ਦੀ ਕਮੇਟੀ ਕਿਵੇਂ ਬਣੀ ?






ਡਾ. ਪਰਮਵੀਰ ਸਿੰਘ
ਸਿੱਖ ਵਿਸ਼ਵਕੋਸ਼ ਵਿਭਾਗ
ਪੰਜਾਬੀ ਯੂਨੀਵਰਸਿਟੀ, ਪਟਿਆਲਾ

ਗੁਰਦੁਆਰਾ ਸ੍ਰੀ ਨਾਨਕਮਤਾ ਸਾਹਿਬ ਉੱਤਰਾਖੰਡ ਦੇ ਊਧਮ ਸਿੰਘ ਨਗਰ ਜ਼ਿਲੇ ਵਿੱਚ ਸਥਿਤ ਹੈ। ਇਹ ਅਸਥਾਨ ਗੁਰੂ ਨਾਨਕ ਦੇਵ ਜੀ ਅਤੇ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਯਾਦ ਦਿਵਾਉਂਦਾ ਹੈ ਜਿਨ੍ਹਾਂ ਨੇ ਆਪਣੀ ਚਰਨ ਛੋਹ ਨਾਲ ਇਸ ਨੂੰ ਪਵਿੱਤਰ ਕੀਤਾ ਸੀ। ਇਹ ਅਸਥਾਨ ਮੌਜੂਦਾ ਉੱਤਰਾਖੰਡ ਦੇ ਕਮਾਊਂ ਇਲਾਕੇ ਵਿੱਚ ਸਥਿਤ ਹੈ ਅਤੇ ਇੱਥੋਂ ਅੱਗੇ ਮਾਨਸਰੋਵਰ, ਸੁਮੇਰ ਆਦਿ ਅਸਥਾਨਾਂ ਵੱਲ ਮਾਰਗ ਜਾਂਦਾ ਹੈ। ਇਹ ਸਾਰਾ ਖੇਤਰ ਕੰਨ ਪਾਟੇ ਨਾਥ ਜੋਗੀਆਂ ਦੇ ਪ੍ਰਭਾਵ ਅਧੀਨ ਸੀ ਜਿਹੜੇ ਕਿ ਕੰਨਾਂ ਵਿੱਚ ਲਾਖ, ਧਾਤ ਜਾਂ ਕੱਚ ਦੀਆਂ ਮੁੰਦਰਾਂ ਪਾਉਂਦੇ ਅਤੇ ਗੋਰਖ ਨਾਥ ਨੂੰ ਆਪਣਾ ਗੁਰੂ ਮੰਨਦੇ ਸਨ। ਗੁਰਦੁਆਰਾ ਰੀਠਾ ਸਾਹਿਬ ਵੀ ਇਸ ਇਲਾਕੇ ਵਿੱਚ ਮੌਜੂਦ ਹੈ ਜਿੱਥੇ ਗੁਰੂ ਨਾਨਕ ਦੇਵ ਜੀ ਨੇ ਜੋਗੀ ਢੇਰ ਨਾਥ ਨਾਲ ਵਿਚਾਰ-ਚਰਚਾ ਕੀਤੀ ਸੀ। ਆਪਣੀਆਂ ਉਦਾਸੀਆਂ ਦੌਰਾਨ ਗੁਰੂ ਜੀ ਕਮਾਊਂ ਇਲਾਕੇ ਵਿੱਚ ਇੱਕ ਅਜਿਹੇ ਅਸਥਾਨ 'ਤੇ ਪੁੱਜੇ ਸਨ ਜਿਹੜਾ ਕਿ 'ਸਿਧ ਮਤਾ' ਦੇ ਨਾਂ ਨਾਲ ਪ੍ਰਸਿੱਧ ਸੀ ਜਿਸਦਾ ਵਰਨਨ ਕਰਦੇ ਹੋਏ ਸਰੂਪ ਦਾਸ ਭੱਲਾ ਦੱਸਦਾ ਹੈ :

ਰਾਜ-ਕਮਾਊਂ ਦੇਸ ਮੋ ਸਿਧ ਮਤਾ ਅਸਥਾਨ।

ਸਿਧ ਉਹਾ ਮੇਲਾ ਕਰੈ ਤਹਾ ਆਏ ਕ੍ਰਿਪਾਨਿਧਾਨ। ਮਹਿਮਾ ਪ੍ਰਕਾਸ਼, ਪੰਨਾ 302

ਸਰੂਪ ਦਾਸ ਭੱਲਾ ਅੱਗੇ ਦੱਸਦਾ ਹੈ ਕਿ ਨਾਥ ਜੋਗੀਆਂ ਨੇ ਗੁਰੂ ਜੀ 'ਤੇ ਪ੍ਰਭਾਵ ਪਾਉਣ ਲਈ ਰਿਧੀਆਂ ਸਿੱਧੀਆਂ ਦੀ ਵਰਤੋਂ ਕੀਤੀ ਸੀ ਜਿਨ੍ਹਾਂ ਵਿੱਚ ਭਿਆਨਕ ਰੂਪ ਧਾਰ ਕੇ ਕੜਕਣਾ, ਬੱਦਲਾਂ ਵਾਂਗ ਗਰਜਣਾ ਅਤੇ ਵਰਸਣਾ, ਅਗਨੀ ਰੂਪ ਧਾਰ ਕੇ ਡਰਾਉਣਾ ਆਦਿ ਕਰਾਮਾਤਾਂ ਸ਼ਾਮਲ ਸਨ ਪਰ ਇਹਨਾਂ ਵਿਚੋਂ ਕੋਈ ਵੀ ਕਰਾਮਾਤ ਉਹਨਾਂ ਨੂੰ ਪ੍ਰਭਾਵਿਤ ਨਹੀਂ ਕਰ ਸਕੀ ਅਤੇ ਅਖ਼ੀਰ ਹਾਰ ਖਾ ਕੇ ਉਹਨਾਂ ਨੇ ਗੁਰੂ ਜੀ ਦੀ ਸ਼ਰਨ ਕਬੂਲ ਕਰ ਲਈ ਸੀ। ਨਾਥ ਜੋਗੀ ਸ਼ਬਦ ਦੇ ਗਿਆਨ ਵਿੱਚ ਸ੍ਰੇਸ਼ਟ ਮੰਨੇ ਜਾਂਦੇ ਸਨ ਪਰ ਜਦੋਂ ਗੁਰੂ ਜੀ ਦੁਆਰਾ ਪ੍ਰਗਟ ਕੀਤਾ ਗਿਆ ਗਿਆਨ ਵਧੇਰੇ ਸ੍ਰੇਸ਼ਟ ਸਿੱਧ ਹੋਇਆ ਤਾਂ ਉਸਦਾ ਪ੍ਰਭਾਵ ਇਸ ਇਲਾਕੇ ਦੇ ਨਾਮਕਰਣ ਵਿਚੋਂ ਵੀ ਪ੍ਰਗਟ ਹੋਣ ਲੱਗਿਆ ਸੀ :

ਸਿਧ ਮਤਾ ਅਸਥਾਨ ਜਾਨਤ ਹੈ ਸਭ ਲੋਗ ਜਗ।

ਕਰ ਜੀਤਾ ਸਭ ਕੋ ਗਿਆਨ, ਨਾਨਕ ਮਤਾ ਅਬ ਕਹਤ ਹੈ। ਮਹਿਮਾ ਪ੍ਰਕਾਸ਼, ਪੰਨਾ 303

ਭਾਈ ਸੰਤੋਖ ਸਿੰਘ ਇਸ ਅਸਥਾਨ ਦਾ ਨਾਂ ਗੋਰਖਮਤਾ ਦੱਸਦੇ ਹੋਏ ਕਹਿੰਦੇ ਹਨ ਕਿ ਇਸ ਅਸਥਾਨ 'ਤੇ ਗੁਰੂ ਨਾਨਕ ਦੇਵ ਜੀ ਦੀ ਸਿੱਧਾਂ ਨਾਲ ਵਿਚਾਰ ਚਰਚਾ ਹੋਈ ਸੀ। ਗੁਰੂ ਜੀ ਇਸ ਅਸਥਾਨ 'ਤੇ ਪੁੱਜੇ ਤਾਂ ਸੁੱਕੇ ਹੋਏ ਪਿੱਪਲ ਦੇ ਇੱਕ ਰੁੱਖ ਹੇਠਾਂ ਬਿਰਾਜਮਾਨ ਹੋਏ ਸਨ ਜਿਨ੍ਹਾਂ ਦੀ ਛੋਹ ਨਾਲ ਇਹ ਹਰਾ-ਭਰਾ ਹੋ ਗਿਆ ਸੀ। ਇਸ ਕੌਤਕ ਨੂੰ ਦੇਖ ਕੇ ਸਿੱਧਾਂ ਨੇ ਗੁਰੂ ਜੀ ਨਾਲ ਵਿਚਾਰ ਚਰਚਾ ਅਰੰਭ ਕਰ ਦਿੱਤੀ ਸੀ। ਚਰਚਾ ਕਰਦੇ ਹੋਏ ਰਾਤ ਪੈ ਗਈ ਤਾਂ ਸਰਦੀ ਵੱਧ ਜਾਣ ਕਾਰਨ ਗੁਰੂ ਜੀ ਨੇ ਮਰਦਾਨੇ ਨੂੰ ਧੂਣੀ ਲਿਆਉਣ ਲਈ ਕਿਹਾ। ਮਰਦਾਨਾ ਜੋਗੀਆਂ ਕੋਲ ਗਿਆ ਤਾਂ ਉਹਨਾਂ ਨੇ ਇਨਕਾਰ ਕਰ ਦਿੱਤਾ। ਜਦੋਂ ਗੁਰੂ ਜੀ ਨੇ ਕੌਤਕ ਨਾਲ ਧੂਣੀ ਬਾਲ ਲਈ ਤਾਂ ਉਸ ਨੂੰ ਦੇਖ ਕੇ ਸਿੱਧ ਹੈਰਾਨ ਹੋ ਗਏ। ਉਹਨਾਂ ਨੇ ਗੁਰੂ ਜੀ ਦੀ ਧੂਣੀ ਨੂੰ ਬੁਝਾਉਣ ਅਤੇ ਉਹਨਾਂ ਦੇ ਨਿਵਾਸ ਵਾਲੇ ਪਿੱਪਲ ਦੇ ਰੁੱਖ ਨੂੰ ਉਡਾਉਣ ਲਈ ਅਨੇਕਾਂ ਕਰਾਮਾਤਾਂ ਦਾ ਸਹਾਰਾ ਲਿਆ ਪਰ ਸ.ਫਲਤਾ ਨਾ ਮਿਲੀ। ਕਿਹਾ ਜਾਂਦਾ ਹੈ ਕਿ ਗੁਰੂ ਜੀ ਨੇ ਹੱਥ ਦੇ ਪੰਜੇ ਨਾਲ ਇਸ ਰੁੱਖ ਨੂੰ ਰੋਕ ਲਿਆ ਸੀ ਜਿਸ ਕਰਕੇ ਸਥਾਨਿਕ ਰਵਾਇਤ ਵਿੱਚ ਇਸ ਨੂੰ 'ਪੰਜਾ ਸਾਹਿਬ' ਦੇ ਨਾਂ ਨਾਲ ਵੀ ਯਾਦ ਕੀਤਾ ਜਾਂਦਾ ਹੈ।



ਅਗਲੇ ਦਿਨ ਗੁਰੂ ਜੀ ਦੀ ਸਿੱਧਾਂ ਨਾਲ ਵਿਚਾਰ-ਚਰਚਾ ਹੋਈ ਤਾਂ ਉਹਨਾਂ ਨੇ ਗੁਰੂ ਜੀ ਨੂੰ ਕੁੱਝ ਦੂਰੀ 'ਤੇ ਵਗ ਰਹੀ ਗੰਗਾ ਨੂੰ ਆਪਣੇ ਕੋਲ ਲਿਆਉਣ ਲਈ ਕਿਹਾ। ਗੁਰੂ ਜੀ ਨੇ ਮਰਦਾਨੇ ਨੂੰ ਇਕ ਸੋਟੀ ਦੇ ਕੇ ਭੇਜਦੇ ਹੋਏ ਕਿਹਾ ਕਿ ਪਿੱਛੇ ਮੁੜ ਕੇ ਦੇਖੇ ਬ.ਗੈਰ ਗੰਗਾ ਤੋਂ ਲਕੀਰ ਖਿੱਚਦਾ ਆਵੇ। ਮਰਦਾਨੇ ਨੇ ਇਵੇਂ ਹੀ ਕੀਤਾ ਪਰ ਜਦੋਂ ਕੁੱਝ ਨੇੜੇ ਆਇਆ ਤਾਂ ਪਿੱਛੇ ਮੁੜ ਕੇ ਦੇਖ ਲਿਆ। ਗੰਗਾ ਉੱਥੇ ਹੀ ਰੁਕ ਗਈ ਜਿਸ ਨੂੰ ਲਿਆਉਣ ਲਈ ਸਿੱਧਾਂ ਨੇ ਵੀ ਕਰਾਮਾਤਾਂ ਦਿਖਾਈਆਂ ਪਰ ਸ.ਫਲ ਨਾ ਹੋ ਸਕੇ। ਉਹਨਾਂ ਦਾ ਹੰਕਾਰ ਟੁੱਟ ਗਿਆ ਅਤੇ ਉਹਨਾਂ ਨੇ ਗੁਰੂ ਜੀ ਅੱਗੇ ਸਿਰ ਨਿਵਾ ਦਿੱਤਾ। ਗੁਰੂ ਸਾਹਿਬ ਦੀ ਮਹਿਮਾ ਪ੍ਰਗਟ ਕਰਦੇ ਹੋਏ ਭਾਈ ਸਾਹਿਬ ਕਹਿੰਦੇ ਹਨ ਕਿ ਇਹ ਅਸਥਾਨ ਸਿੱਧਾਂ ਦੇ ਮੁਖੀ ਗੋਰਖਨਾਥ ਦੇ ਨਾਂ ਨਾਲ ਪ੍ਰਸਿੱਧ ਸੀ ਪਰ ਉਹਨਾਂ ਦੇ ਚਲੇ ਜਾਣ ਉਪਰੰਤ ਅਤੇ ਗੁਰੂ ਜੀ ਦਾ ਪ੍ਰਤਾਪ ਵੱਧ ਜਾਣ ਕਰਕੇ ਇਸ ਨੂੰ ਨਾਨਕਮਤਾ ਕਿਹਾ ਜਾਣ ਲੱਗਿਆ - ਗੋਰਖ ਮਤਾ ਹਟਾਯੋ ਨਾਮੂ। ਨਾਨਕਮਤਾ ਰਾਖਿ ਅਭਿਰਾਮੂ॥



ਗੁਰੂ ਨਾਨਕ ਦੇਵ ਜੀ ਤੋਂ ਬਾਅਦ ਛੇਵੇਂ ਗੁਰੂ ਹਰਿਗੋਬਿੰਦ ਸਾਹਿਬ ਨੇ ਇਸ ਅਸਥਾਨ 'ਤੇ ਦਰਸ਼ਨ ਦਿੱਤੇ ਸਨ।

ਗੁਰੂ ਹਰਿਗੋਬਿੰਦ ਸਾਹਿਬ ਦੇ ਸਮੇਂ ਇਕ ਉਦਾਸੀ ਭਾਈ ਅਲਮਸਤ ਇਸ ਅਸਥਾਨ ਦੀ ਸੇਵਾ ਸੰਭਾਲ ਕਰਨ ਲਈ ਆਇਆ ਸੀ। ਇਸ ਇਲਾਕੇ ਵਿੱਚ ਮੌਜੂਦ ਸਿੱਧਾਂ ਨੇ ਉਸ ਅਸਥਾਨ 'ਤੇ ਆਪਣਾ ਅਧਿਕਾਰ ਕਾਇਮ ਕਰਨ ਦਾ ਯਤਨ ਕਰਦੇ ਹੋਏ ਭਾਈ ਅਲਮਸਤ ਨੂੰ ਉੱਥੋਂ ਕੱਢ ਦਿੱਤਾ ਅਤੇ ਪਿੱਪਲ ਦੇ ਰੁੱਖ ਨੂੰ ਅੱਗ ਲਗਾ ਦਿੱਤੀ ਸੀ। ਭਾਈ ਸਾਹਿਬ ਗੁਰੂ ਜੀ ਨੂੰ ਸਹਾਇਤਾ ਲਈ ਅਰਦਾਸ ਕਰਨ ਲੱਗੇ ਜਿਹੜੀ ਕਿ ਛੇਤੀ ਹੀ ਸੁਣੀ ਗਈ। ਗੁਰੂ ਜੀ ਆਪਣੇ ਕੁੱਝ ਯੋਧਿਆਂ ਸਮੇਤ ਘੋੜਿਆਂ 'ਤੇ ਸਵਾਰ ਹੋ ਕੇ ਉੱਥੇ ਪੁੱਜੇ ਅਤੇ ਸਿੱਧਾਂ ਨੂੰ ਉੱਥੋਂ ਭਜਾ ਦਿਤਾ ਅਤੇ ਕੇਸਰ ਦੇ ਛਿੱਟੇ ਪਿੱਪਲ ਦੇ ਸੜੇ ਹੋਏ ਹਿੱਸੇ 'ਤੇ ਮਾਰੇ ਅਤੇ ਉਸ ਨੂੰ ਫਿਰ ਤੋਂ ਹਰਾ-ਭਰਾ ਕਰ ਦਿੱਤਾ ਸੀ।

ਭਾਈ ਅਲਮਸਤ ਦੇ ਸਮੇਂ ਤੋਂ ਲੈ ਕੇ ਇਸ ਅਸਥਾਨ ਦੀ ਸੇਵਾ ਸੰਭਾਲ ਉਦਾਸੀ ਮਹੰਤਾਂ ਕੋਲ ਰਹੀ ਹੈ। ਗੁਰੂ ਉਦਾਸੀਨ ਮੱਤ ਦਰਪਨ ਵਿੱਚ ਭਾਈ ਅਲਮਸਤ ਤੋਂ ਬਾਅਦ ਹੋਏ ਕੁੱਝ ਮਹੰਤਾਂ ਦਾ ਵੇਰਵਾ ਇਸ ਤਰ੍ਹਾਂ ਦਿੱਤਾ ਗਿਆ ਹੈ:

ਸਬਸੇ ਜੇਠ ਮਖੂਚੰਦ ਭਏ। ਨਾਨਕ ਮੱਤੇ ਗਾਦੀ ਨਿਰਮਏ॥

ਮਿਠਾ ਰਾਮ ਤਿਨਕੇ ਅਧਿਕਾਰੀ। ਗੁਰਦਾਸ ਦਾਸ ਭੇ ਆਗਯਾਕਾਰੀ॥ ਬੰਦ 27

ਇਹਨਾਂ ਮਹੰਤਾਂ ਤੋਂ ਬਾਅਦ ਮਹੰਤ ਕਰਮ ਦਾਸ, ਮਹੰਤ ਅਤਰ ਦਾਸ, ਮਹੰਤ ਪ੍ਰੇਮ ਦਾਸ, ਮਹੰਤ ਅਮਰ ਦਾਸ ਦੁਆਰਾ ਇਸ ਅਸਥਾਨ ਦੀ ਸੇਵਾ ਸੰਭਾਲ ਦਾ ਵੇਰਵਾ ਮਿਲਦਾ ਹੈ। ਗੁਰਦੁਆਰਾ ਗਜ਼ਟ ਵਿੱਚ ਇਸ ਅਸਥਾਨ 'ਤੇ ਸੇਵਾ ਸੰਭਾਲ ਕਰਨ ਵਾਲਿਆਂ ਦਾ ਵੇਰਵਾ ਮਹੰਤ ਅਤਰ ਦਾਸ ਤੋਂ ਮਿਲਦਾ ਹੈ ਜਿਸ ਨੂੰ ਵਿਆਹ ਕਰਵਾ ਲੈਣ ਕਰਕੇ ਗੱਦੀ ਤੋਂ ਲਾਂਭੇ ਕਰ ਦਿੱਤਾ ਗਿਆ ਸੀ। ਫਿਰ ਉਹਨਾਂ ਦਾ ਚੇਲਾ ਬ੍ਰਹਮ ਦਾਸ ਗੱਦੀ 'ਤੇ ਬੈਠਿਆ ਪਰ ਕੁੱਝ ਦਿਨਾਂ ਪਿੱਛੋਂ ਉਹ ਵੀ ਸਰੀਰ ਛੱਡ ਗਿਆ ਸੀ। ਇਸ ਤੋਂ ਬਾਅਦ ਪ੍ਰੇਮ ਦਾਸ ਨੂੰ ਗੱਦੀ ਮਿਲੀ ਪਰ ਵਿਆਹ ਕਰਵਾ ਲੈਣ ਕਰਕੇ ਉਸ ਨੂੰ ਵੀ ਗੱਦੀ ਤੋਂ ਵੱਖ ਕਰ ਦਿੱਤਾ ਗਿਆ ਸੀ। ਇਸਦੇ ਦੋ ਚੇਲਿਆਂ ਹਰ ਪ੍ਰਕਾਸ਼ ਅਤੇ ਅਮਰ ਦਾਸ ਵਿਚੋਂ ਬਾਵਾ ਅਮਰ ਦਾਸ ਗੱਦੀ 'ਤੇ ਬੈਠਿਆ ਅਤੇ ਇਸਦਾ ਆਪਣੇ ਚੇਲੇ ਬਾਵਾ ਹਰਨਾਮ ਦਾਸ ਨਾਲ ਝਗੜਾ ਹੋ ਗਿਆ ਸੀ। ਗੱਲ ਮੁਕੱਦਮੇ ਤੱਕ ਪੁੱਜੀ ਤਾਂ ਚੌਧਰੀ ਰਾਮ ਸਿੰਘ ਨੇ ਬਾਵਾ ਅਮਰਦਾਸ ਦੀ ਮੱਦਦ ਇਸ ਸ਼ਰਤ 'ਤੇ ਕੀਤੀ ਕਿ ਉਸਦੇ ਚਲਾਣੇ ਉਪਰੰਤ ਉਹ ਇਸ ਗੱਦੀ ਦਾ ਹੱਕਦਾਰ ਹੋਵੇਗਾ। ਇਹ ਬਹੁਤ ਅਮੀਰ ਸੀ ਅਤੇ ਇਸ ਨੇ ਅੱਯਾਸ਼ੀ ਵਿੱਚ ਆਪਣੀ ਜਾਇਦਾਦ ਖਰਾਬ ਕਰ ਦਿੱਤੀ ਸੀ ਅਤੇ ਇਹੀ ਕੰਮ ਇਹ ਗੁਰਦੁਆਰਾ ਸਾਹਿਬ ਦੀ ਜਾਇਦਾਦ ਨਾਲ ਕਰਨਾ ਚਾਹੁੰਦਾ ਸੀ। ਜਦੋਂ ਵੀ ਕਿਸੇ ਮਹੰਤ ਨੂੰ ਗੁਰਗੱਦੀ ਦਿੱਤੀ ਜਾਂਦੀ ਸੀ ਤਾਂ ਉਸਦਾ ਇਕ ਵਿਸ਼ੇਸ਼ ਵਿਧੀ-ਵਿਧਾਨ ਪ੍ਰਚੱਲਿਤ ਸੀਜਿਸ ਅਨੁਸਾਰ ਕਾਰਜਸ਼ੀਲ ਮਹੰਤ ਦੇ ਚੇਲਿਆਂ ਵਿਚੋਂ ਕਿਸੇ ਇਕ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਨਮੁਖ ਅਰਦਾਸਅਤੇ ਕੀਰਤਨ ਕਰਨ ਉਪਰੰਤ ਸੇਵਾ ਸੌਂਪੀ ਜਾਂਦੀ ਸੀ। 24 ਜੁਲਾਈ 1926 ਨੂੰ ਮਹੰਤ ਅਮਰ ਦਾਸ ਦੇ ਅਕਾਲ ਚਲਾਣਾਕਰ ਜਾਣ 'ਤੇ ਇਸੇ ਮਰਯਾਦਾ ਅਨੁਸਾਰ ਇਹ ਸੇਵਾ ਸੰਭਾਲ ਮਹੰਤ ਸਰੂਪਾਨੰਦ (ਚੌਧਰੀ ਰਾਮ ਸਿੰਘ) ਨੂੰ ਸੌਂਪੀ ਗਈਸੀ। ਕੁੱਝ ਸਾਲ ਤੱਕ ਇਹ ਕਾਰਜ ਸਹੀ ਰੂਪ ਵਿਚ ਚੱਲਦਾ ਰਿਹਾ ਪਰ ਫਿਰ ਮਹੰਤ ਇਸ ਸੇਵਾ ਨੂੰ ਮਾਲਕੀ ਸਮਝਣ ਲੱਗ ਪਿਆ। ਉਸ ਦੁਆਰਾ ਮਨਮਤ ਕੀਤੀ ਜਾਣ ਲੱਗੀ ਜਿਹੜੀ ਕਿ ਸਿੱਖਾਂ ਦੀ ਨਰਾਜ਼ਗੀ ਦਾ ਕਾਰਨ ਬਣੀ।

ਗੁਰਦੁਆਰਾ ਸਾਹਿਬ ਦੇ ਦਰਸ਼ਨ ਕਰਨ ਲਈ ਜਾਣ ਵਾਲੀ ਸੰਗਤ ਵਿੱਚ ਟਨਕਪੁਰ ਦਾ ਇਕ ਭਾਈ ਸਰਦਾਰ ਸਿੰਘ ਵੀ ਸ਼ਾਮਲ ਸੀ। ਗੁਰਧਾਮ ਸਾਹਿਬ ਦਾ ਪ੍ਰਬੰਧ ਸੁਧਾਰਨ ਲਈ ਇਸ ਨੇ ਨੈਨੀਤਾਲ ਦੇ ਡਿਪਟੀ ਕਮਿਸ਼ਨਰ ਨੂੰ ਪੱਤਰ ਲਿਖਿਆ ਜਿਹੜਾ ਕਿ 31 ਮਾਰਚ 1933 ਨੂੰ ਜਾਣਕਾਰੀ ਪ੍ਰਾਪਤ ਕਰਨ ਲਈ ਇੱਥੇ ਆਇਆ ਸੀ। ਇਸ ਦੇ ਨਾਲ ਹੀ ਭਾਈ ਸਰਦਾਰ ਸਿੰਘ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਚੀ.ਫ ਖ਼ਾਲਸਾ ਦੀਵਾਨ ਨੂੰ ਵੀ ਦਰਦ ਭਰੀਆਂ ਚਿੱਠੀਆਂ ਲਿਖ ਕੇ ਗੁਰਦੁਆਰਾ ਸਾਹਿਬ ਦੇ ਸਮੁੱਚੇ ਹਾਲਾਤ ਤੋਂ ਜਾਣੂ ਕਰਵਾਇਆ ਸੀ।

28 ਮਈ 1933 ਨੂੰ ਗੁਰਦੁਆਰਾ ਸਿੱਖ ਸੰਗਤ, ਬਰੇਲੀ ਵਿਖੇ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਗੁਰਪੁਰਬ ਮਨਾਇਆ ਗਿਆ ਇਸ ਮੌਕੇ ਸਜੇ ਦੀਵਾਨ ਵਿੱਚ ਪੀਲੀਭੀਤ ਦੇ ਚੀ.ਫ ਇੰਜਨੀਅਰ ਸ. ਸੰਤੋਖ ਸਿੰਘ ਨੇ ਗੁਰਦੁਆਰਾ ਨਾਨਕਮਤਾ ਸਾਹਿਬ ਦੇ ਅੱਖੀਂ ਡਿੱਠੇ ਹਾਲਾਤ ਅਤੇ ਮਹੰਤ ਦੀਆਂ ਮਨਮਤੀਆਂ ਨੂੰ ਸੰਗਤ ਦੇ ਸਾਹਮਣੇ ਰੱਖਿਆ। ਸੰਗਤ ਵਿੱਚ ਮਹੰਤ ਵਿਰੁੱਧ ਗੁੱਸਾ ਅਤੇ ਰੋਸ ਭਰ ਗਿਆ ਸੀ ਪਰ ਇਸ ਸੰਬੰਧੀ ਯੋਗ ਕਾਰਵਾਈ ਕਰਨ ਲਈ ਇਕ ਕਮੇਟੀ ਦਾ ਗਠਨ ਕਰਨ ਦੀ ਤਜਵੀਜ਼ ਪੇਸ਼ ਕੀਤੀ ਗਈ ਜਿਹੜੀ ਕਿ ਉੱਤਰ ਪ੍ਰਦੇਸ਼ ਦੀਆਂ ਸਮੂਹ ਸਿੰਘ ਸਭਾਵਾਂ ਨੂੰ





ਪ੍ਰਮਿੰਦਰ ਸਿੰਘ ਪ੍ਰਵਾਨਾ
510-415-9377

# ਸੇਵਾ ਤੇ ਸਿੱਖ ਧਰਮ

ਨਵੰਬਰ 2019 ਵਿੱਚ ਮਹਾਂਮਾਰੀ ਨੇ ਅਚਾਨਕ ਦਸਤਕ ਦਿੱਤੀ, ਜਿਸ ਨੂੰ ਕਰੋਨਾ ਵਾਇਰਸ ਜਾਂ ਕੋਵਿਡ-19 ਦਾ ਨਾਉਂ ਦਿੱਤਾ ਗਿਆ। ਇਹ ਮਹਾਂਮਾਰੀ ਵੇਖਦੇ ਵੇਖਦੇ ਹੀ ਸੰਸਾਰ ਭਰ ਵਿੱਚ ਵੱਡੇ ਪੱਧਰ 'ਤੇ ਫੈਲਦੀ ਗਈ। ਮਹਾਂਮਾਰੀਆਂ ਸਮਾਜਿਕ ਹੋਣ ਜਾਂ ਕੁਦਤਰੀ ਹੋਣ, ਮਨੁੱਖੀ ਜੀਵਨ ਦਾ ਮੁੱਢ ਕਦੀਮ ਤੋਂ ਹਿੱਸਾ ਰਹੀਆਂ ਹਨ। ਜਿਵੇਂ ਹੜ੍ਹ, ਤੂਫਾਨ, ਅੱਗਜਨੀ , ਬਿਮਾਰੀ, ਗੈਸਾਂ ਦਾ ਰਿਸਣਾ ਆਦਿ ਆਫ਼ਤਾਂ ਹਨ। ਕਰੋਨਾ ਵਾਇਰਸ ਮਹਾਂਮਾਰੀ ਦੇ ਫੈਲਣ ਦੇ ਨਾਲ ਸੰਸਾਰਕ ਜੀਵਨ ਵਿੱਚ ਹਾਹਾਕਾਰ ਮੱਚ ਗਈ। ਜੀਵਨ ਇੱਕ ਵਾਰ ਤਾਂ ਬੇਤੁੱਕਾ ਰਸਹੀਣ ਹੋ ਕੇ ਰਹਿ ਗਿਆ। ਕਈ ਤਰਾਂ ਦੇ ਸ਼ੰਕੇ, ਵਹਿਮ, ਡਰ ਦੇ ਨਾਲ- ਨਾਲ ਅਜੀਬ ਤਰਾਂ ਦੇ ਟੋਟਕੇ ਤੇ ਨੁਸਖੇ ਉਪਾਅ, ਤਜਰਬੇ, ਸਲਾਹਾਂ, ਸੁਨੇਹੇ, ਥਾਲੀ ਖੜਕਾਉਣ, ਢੋਲ ਵਜਾ ਕੇ ਮਹਾਂਮਾਰੀ ਨੂੰ ਭਜਾਉਣ ਦਾ ਬਜਾਰ ਗਰਮ ਹੋ ਗਿਆ ਪਰ ਨਾ ਤਾਂ ਦਵਾਈ, ਨਾ ਭਵਿੱਖ ਵਿੱਚ ਇਲਾਜ਼ ਦੀ ਉਮੀਦ। ਨਵੇਂ ਸਿਰੇ ਤੋਂ ਤੇਜ਼ੀ ਨਾਲ ਦਵਾਈ ਦੀ ਖੋਜ ਦਾ ਕੰਮ ਜੰਗੀ ਪੱਧਰ 'ਤੇ ਹੋਣ ਲਗਿਆ, ਨਾਲ ਹੀ ਦਵਾਈ ਤਿਆਰ ਹੋਣ ਵਿੱਚ ਲੱਗਣ ਵਾਲੇ ਸਮੇਂ ਦੀਆਂ ਵੀ ਕਿਆਸ ਅਰਾਈਆਂ ਦੀ ਭਰਮਾਰ ਹੋਣ ਲੱਗੀ।



ਸਿੱਖ ਧਰਮ ਵਿੱਚ ਮਹਾਂਮਾਰੀ ਨਾਲ ਕਿਵੇਂ ਨਜਿਠਿਅ ਜਾਵੇ, ਦਾ ਸਿੱਧਾਂਤ ਸੇਵਾ ਹੈ। ਪੁਰਾਣੇ ਸਮਿਆਂ ਵਿੱਚ ਜਦੋਂ ਸਿਹਤ ਸਹੂਲਤਾਂ ਘੱਟ ਸਨ। ਚੰਗੇ ਇਲਾਜ ਉਪਲਭਿਤ ਨਹੀਂ ਸਨ। ਦਵਾ ਨਾਲੋਂ ਦੁਆਵਾਂ ਦਾ ਅਸਰ ਹੀ ਸਹਾਰਾ ਹੁੰਦਾ ਸੀ, ਧਾਰਮਿਕ ਉਪਦੇਸ਼ ਅਰਾਮ ਦਾ ਧਰਵਾਸ ਦਿੰਦੇ ਸਨ।

ਮੱਧ ਕਾਲੀਨ ਯੁੱਗ ਵਿੱਚ ਦੱਖਣੀ ਏਸ਼ੀਆ ਦੇ ਪੰਜਾਬ ਖਿੱਤੇ ਵਿੱਚ ਸਿੱਖ ਧਰਮ ਦੇ ਗੁਰੂ ਸਾਹਿਬਾਨ ਜੀ ਨੇ ਮਨੁੱਖਤਾ ਦੀ ਸੇਵਾ, ਲਾਚਾਰਾਂ ਅਤੇ ਬਿਮਾਰਾਂ ਦੀ ਦੇਖ ਭਾਲ ਨਿੱਜੀ ਸਵਾਰਥ ਤੋਂ ਉਪਰ ਉਠ ਕੇ ਕਰਨ ਦਾ ਉਪਦੇਸ਼ ਦਿੱਤਾ। ਸਿੱਖ ਗੁਰੂ ਸਾਹਿਬਾਨ ਜੀ ਨੇ ਸੇਵਾ ਦੀ ਭਾਵਨਾ ਨੂੰ ਮੁਕਤੀ ਨਾਲ ਜੋੜ ਦਿੱਤਾ। ਇਸਦੇ ਨਾਲ ਹੀ ਸਿਹਤਮੰਦ ਸਮਾਜ ਦੀ ਉਸਾਰੀ ਕੀਤੀ।

ਗੁਰੂ ਨਾਨਕ ਦੇਵ ਜੀ ਸਮੇਂ ਜਿਥੇ ਕਿਤੇ ਵੀ ਸਿੱਖ ਵਸਦੇ ਸਨ, ਘਰਾਂ ਵਿੱਚ ਇੱਕਠੇ ਹੋ ਕੇ ਗੁਰਬਾਣੀ ਵਿਚਾਰਾਂ ਕਰਦੇ ਸਨ। ਜਦੋਂ ਸ਼ਰਧਾਲੂਆਂ ਦੀ ਗਿਣਤੀ ਵੱਧਣ ਲੱਗੀ ਤਾਂ ਧਰਮਸ਼ਾਲਾ ਬਣਾ ਲਈਆਂ। ਇਹ ਬਾਹਰੋਂ ਆਏ ਸ਼ਰਧਾਲੂਆਂ ਲਈ ਰਿਹਾਇਸ਼ ਦਾ ਪ੍ਰਬੰਧ ਹੁੰਦਾ ਸੀ। ਇਸ ਤਰਾਂ ਪ੍ਰਚਾਰ ਵਾਸਤੇ ਧਾਰਮਿਕ ਕੇਂਦਰ ਹੋਂਦ ਵਿੱਚ ਆਏ। ਅਜਿਹਾ ਪਹਿਲਾ ਵੱਡਾ ਕੇਂਦਰ ਕਰਤਾਰਪੁਰ (ਪਾਕਿਸਤਾਨ) ਸੀ। ਜਿਥੇ ਗੁਰੂ ਨਾਨਕ ਦੇਵ ਜੀ ਵਸਦੇ ਸਨ। ਗੁਰੂ ਸਾਹਿਬਾਨ ਨੇ ਜਿਥੇ ਜਿਥੇ ਪ੍ਰਚਾਰ ਕੀਤਾ, ਧਰਮਸ਼ਾਲਾ ਹੋਂਦ ਵਿੱਚ ਆਉਂਦੀਆਂ ਗਈਆਂ। ਗੁਰੂ ਨਾਨਕ ਦੇਵ ਜੀ ਨੇ ਸਮਾਜਿਕ ਮਜਬੂਤੀ ਲਈ ਕ੍ਰਿਤ ਕਰੋ, ਵੰਡ ਛਕੋ ਅਤੇ ਨਾਮ ਜਪੋ ਦਾ ਉਪਦੇਸ਼ ਦਿੱਤਾ। ਸੇਵਾ ਸਿੱਖ ਧਰਮ ਦਾ ਅੰਗ ਹੈ। ਪਵਿੱਤਰ ਜੀਵਨ ਜਿਉਣ ਲਈ ਸਵਾਰਥ ਨੂੰ ਛੱਡੋ, ਭਾਣੇ ਵਿੱਚ ਰਹੋ, ਦਯਾਵਾਨ ਬਣੋ, ਦਾਨ ਕਰੋ। ਇਸ ਲਈ ਧਰਮਸ਼ਾਲਾ ਵਿੱਚ ਲੰਗਰ ਅਤੇ ਰਿਹਾਇਸ ਦਾ ਹੋਣਾਂ ਲਾਜਮੀ ਸੀ। ਭਾਵ ਲੰਗਰਾਂ ਦੀ ਪ੍ਰਥਾ ਦੇ ਨਾਲ ਹੀ ਰੈਣ ਬਸੇਰੇ ਲਈ ਸਹੂਲਤਾਂ ਸੇਵਾ ਭਾਵਨਾ ਹੇਠ ਹੀ ਸਨ। ਲੰਗਰਾਂ ਵਿੱਚ ਹਰ ਫ਼ਿਰਕੇ ਦੇ ਲੋਕ ਬਿਨਾ ਭੇਦਭਾਵ ਇੱਕ ਪੰਗਤ ਵਿੱਚ ਬੈਠੇ ਰਲ ਕਿ ਲੰਗਰ ਛਕਦੇ ਸਨ। ਸੰਸਾਰਕ ਜੀਵਨ ਨੂੰ ਸੇਵਾ ਅਤੇ ਅਧਿਆਤਮਕਤਾ ਨਾਲ ਜੋੜਿਆ। ਗੁਰੂ ਅੰਗਦ ਦੇਵ ਜੀ ਨੇ ਗੁਰਮੁਖੀ ਲਿਪੀ ਨੂੰ ਬਣਾ ਸੰਵਾਰ ਕੇ ਗੁਰਬਾਣੀ ਲਿੱਖਣ ਲਈ ਪ੍ਰਪਕ ਬੋਲੀ ਵਿੱਚ ਇਜ਼ਾਦ ਕੀਤਾ। ਆਮ ਲੋਕਾਂ ਦੇ ਸਮਝਣਯੋਗ ਬਣਾਇਆ, ਤਾਂ ਜੋ ਸਿੱਖ ਬਿਨਾਂ ਕਿਸੇ ਸ਼ੰਕੇ ਦੇ ਗੁਰਬਾਣੀ ਸਮਝ ਸਕਣ ਅਤੇ ਪ੍ਰਚਾਰ ਕਰ ਸਕਣ। ਮਲ ਅਖਾੜਾ ਬਣਾ ਕੇ ਨੌਜੁਆਨਾਂ ਨੂੰ ਕਸਰਤ ਅਭਿਆਸ ਅਤੇ ਕੁਸ਼ਤੀ ਨਾਲ ਜੋੜ ਕੇ ਤੰਦਰੁਸਤ ਰਹਿ ਕੇ ਸਮਾਜ ਸੇਵਾ ਦਾ ਉਪਦੇਸ਼ ਦਿੱਤਾ। ਲੰਗਰਾਂ ਦੀ ਪ੍ਰਥਾ ਨੂੰ ਆਪਣੀ ਨਿਗਰਾਨੀ ਹੇਠ ਚਲਾਇਆ। ਆਪ ਜੀ ਦੇ ਲੰਗਰਾਂ ਵਿੱਚ ਦੇਸੀ ਘਿਉ ਦੀ ਖੀਰ ਵਰਤਦੀ ਸੀ। ਮਾਤਾ ਖੀਵੀ ਜੀ ਆਪਣੇ ਹੱਥੀ ਲੰਗਰ ਵਰਤਾਇਆ ਕਰਦੇ ਸਨ।

ਗੁਰੂ ਅਮਰਦਾਸ ਜੀ ਨੇ ਜਿਥੇ ਸਮਾਜ ਨੂੰ ਸਮਾਜਿਕ ਬੁਰਾਈਆਂ ਤੋਂ ਨਿਜਾਤ ਦਿਵਾਈ, ਉਥੇ ਲੰਗਰ ਪ੍ਰਥਾ ਨੂੰ ਲਾਜਮੀ ਕਰ ਦਿੱਤਾ। ਪਹਿਲਾਂ ਪੰਗਤ ਫਿਰ ਸੰਗਤ। ਅਰਥਾਤ ਸਾਂਝੇ ਲੰਗਰ ਛੱਕ ਕੇ ਉਪਦੇਸ਼ ਸਰਵਣ ਕਰੋ। ਇਥੋਂ ਤਕ ਕਿ ਮੁਗਲ ਬਾਦਸ਼ਾਹ ਅਕਬਰ ਨੇ ਵੀ ਪੰਗਤ ਵਿੱਚ ਬੈਠ ਕੇ ਸੰਗਤਾਂ ਨਾਲ ਲੰਗਰ ਛਕਿਆ। ਗੁਰੂ ਅਮਰਦਾਸ ਜੀ ਨੇ ਪਾਣੀ ਦੀ ਦਿੱਕਤ ਦੂਰ ਕਰਨ ਲਈ ਗੋਇੰਦਵਾਲ ਸਾਹਿਬ ਵਿਖੇ ਬਾਉਲੀ ਦਾ ਨਿਰਮਾਣ ਕੀਤਾ, ਜਿਸ ਨਾਲ ਸਾਫ਼ ਪਾਣੀ ਦੀ ਸੁਵਿਧਾ ਬਣੀ।

ਗੁਰੂ ਰਾਮਦਾਸ ਜੀ ਨੇ ਜਿਥੇ ਅੰਮ੍ਰਿਤਸਰ ਨਗਰ ਵਸਾਇਆ, ਉਥੇ ਖਡੂਰ ਸਾਹਿਬ, ਗੋਇੰਦਵਾਲ ਸਾਹਿਬ ਅਤੇ ਕਰਤਾਰਪੁਰ ਦੇ ਲੰਗਰਾਂ ਦੀ ਪ੍ਰਥਾ ਨੂੰ ਅੰਮ੍ਰਿਤਸਰ ਵੀ ਜਾਰੀ ਰਖਿਆ। ਅੰਮ੍ਰਿਤਸਰ ਵਿਖੇ ਵੱਖ- ਵੱਖ ਕਿੱਤਿਆਂ ਦੇ ਮਾਹਿਰ ਕਾਰੀਗਰਾਂ ਨੂੰ ਵਸਾਇਆ। ਇਥੋਂ ਦੇ ਵਸਨੀਕ ਸਿਰਫ਼ ਧਾਰਮਿਕ ਹੀ ਨਾ ਰਹਿ ਕੇ ਸਮਾਜਿਕ ਪੱਖੋਂ, ਰੁਜਗਾਰ ਪੱਖੋਂ ਆਰਥਿਕ ਪੱਖੋਂ ਵੀ ਖੁਸ਼ਹਾਲ ਹੋਣ , ਉਹਨਾਂ ਦੀ ਕ੍ਰਿਤ ਕਮਾਈ ਵਿੱਚ ਕੋਈ ਥੁੜ ਨਾ ਆਵੇ। ਆਪਸੀ ਮਿਲਵਰਤਣ ਪ੍ਰੇਮ ਪਿਆਰ ਤੇ ਸਾਂਝੇ ਭਾਈਚਾਰਕ ਤੌਰ 'ਤੇ ਵੱਸਣ।

ਗੁਰੂ ਅਰਜਨ ਦੇਵ ਸਾਹਿਬ ਜੀ ਨੇ ਗੁਰੂ ਗਰੰਥ ਸਾਹਿਬ ਜੀ ਦੀ ਸੰਪਾਦਨਾ ਕਰਕੇ ਮਨੁੱਖਤਾ ਲਈ ਰੂਹਾਨੀ ਉਪਦੇਸ਼ ਦਿੱਤਾ। ਇਕ ਅਜਿਹਾ ਗ੍ਰੰਥ ਜਿਸ ਨੂੰ ਗੁਰੂ ਜੀ ਦਾ ਦਰਜਾ ਪ੍ਰਾਪਤ ਹੈ। ਗੁਰੂ ਨਾਨਕ ਦੇਵ ਜੀ ਨੇ ਧਰਮ ਨਿਸ਼ਾਨੇ ਨੂੰ ਸਦੀਵੀ ਰਖਿਆ। ਕੌਮ ਨੂੰ ਮਜਬੂਤ ਕਰਨ ਲਈ ਆਉਂਦੇ ਖਤਰਿਆਂ ਤੋਂ ਸੁਚੇਤ ਕੀਤਾ ਤੇ ਹਥਿਆਰਬੰਦ ਹੋਣ ਦੀ ਚਿਤਾਵਨੀ ਦਿਤੀ। ਆਪਣੇ ਗੁਰੂ ਕਾਲ ਵਿੱਚ ਹੋਰ ਸੇਵਾਵਾਂ ਹੇਠ ਅੰਮ੍ਰਿਤਸਰ ਸਰੋਵਰ ਨੂੰ ਡੂੰਘਾ ਅਤੇ ਪੱਕਾ ਕੀਤਾ। ਇਮਾਰਤਾਂ ਦੇ ਨਿਰਮਾਣ ਤੋਂ ਇਲਾਵਾ ਸਰੋਵਰ ਅਤੇ ਬਾਉਲੀਆਂ ਬਣਾਈਆਂ। ਸਿੰਜਾਈ ਦੇ ਸਾਧਨਾਂ ਵਿੱਚ ਵਡਾਲੀ ਪਿੰਡ ਦੇ ਕੋਲ ਅਜਿਹਾ ਖੂਹ ਲਗਵਾਇਆ ਜਿਸ ਤੇ 6 ਹਰਟ ਚੱਲਦੇ ਸਨ। ਇਸ ਨਗਰ ਦਾ ਨਾਉਂ ਛੇਹਰਟਾ ਰਖਿਆ। ਲਾਹੌਰ ਦੇ ਡੱਬੀ ਬਾਜਾਰ ਵਿੱਚ ਇੱਕ ਬਾਉਲੀ ਤਿਆਰ ਕੀਤੀ। ਗੁਰੂ ਕਾ ਬਾਗ ਲਗਵਾਇਆ।

ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਮੀਰੀ ਪੀਰੀ ਨੂੰ ਜੋੜਿਆ। ਭਗਤੀ ਅਤੇ ਸ਼ਕਤੀ ਦੇ ਸੁਮੇਲ ਸੰਤ ਸਿਪਾਹੀ ਦੀ ਫ਼ੌਜ ਬਣਾਈ। ਜੰਗਾਂ ਵੀ ਕਰਨੀਆਂ ਪਈਆਂ ਤੇ ਜਿੱਤੀਆਂ ਵੀ। ਮਨੁੱਖਤਾ ਦੀ ਭਲਾਈ ਦਾ ਫਰਜ ਤਿਵੇਂ ਹੀ ਨਿਭਾਇਆ ਜੋ ਸਿੱਖ ਧਰਮ ਦੇ ਸੰਕਲਪ ਵਿੱਚ ਸੀ। ਰਾਜਨੀਤਿਕ ਸੁਰਖਿਆ ਲਈ ਅਕਾਲ ਤਖਤ ਸਾਹਿਬ ਦੀ ਸਥਾਪਨਾ ਤੇ ਹੋਰ ਕਿਲੇ ਬਣਵਾਏ।

ਗੁਰੂ ਹਰਿ ਰਾਏ ਸਾਹਿਬ ਜੀ ਨੇ ਲੰਗਰਾਂ ਦੀ ਸੇਵਾ ਕਰਦਿਆਂ , ਸੰਗਤਾਂ ਨੂੰ ਕਿਹਾ ਕਿ ਲੰਗਰਾਂ ਵਿੱਚ ਜੋ ਵੀ ਰਸਦ ਵਸਤੂ ਆਵੇ ਉਹ ਸੰਭਾਲ ਕੇ ਰੱਖਣੀ ਹੈ ਤਾਂ ਜੋ ਲੋੜ ਵੇਲੇ ਕੰਮ ਆ ਸਕੇ। ਇਸ ਤਰਾਂ ਆਪ ਜੀ ਕੋਲ ਬੜੀਆਂ ਕੀਮਤੀ ਵਸਤੂਆਂ ਦਾ ਵੱਡਾ ਭੰਡਾਰ ਹੋ ਗਿਆ। ਜਿਸ ਨੇ ਇੱਕ ਦਵਾਖਾਨੇ ਦਾ ਰੂਪ ਧਾਰ ਲਿਆ। ਇਹਨਾਂ ਦੁਰਲੱਭ ਵਸਤੂਆਂ/ ਔਸ਼ਧੀਆਂ ਲੋੜਵੰਦਾਂ ਦੇ ਇਲਾਜ਼ ਲਈ ਮੁਕਤ ਦਵਾਈ ਵਜੋਂ ਵਰਤੀਆਂ ਜਾਂਦੀਆਂ। ਸੰਗਤਾਂ ਨੂੰ ਹਮੇਸ਼ਾ ਤੰਦਰੁਸਤ ਰੱਖਣ ਦਾ ਮਨੋਰਥ ਸੀ। ਬਾਦਸ਼ਾਹ ਸ਼ਾਹ ਜਹਾਨ ਦਾ ਪੁੱਤਰ ਦਾਰਾ ਸ਼ਿਕੋਰ ਵੀ ਗੁਰੂ ਜੀ ਦੇ ਲੰਗਰਾਂ ਵਿਚੋਂ ਦਿੱਤੀ ਔਸ਼ਧੀ ਨਾਲ ਤੰਦਰੁਸਤ ਹੋਇਆ।

ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦੇ ਗੁਰੂ ਕਾਲ ਵਿੱਚ 1663 ਈ. ਵਿੱਚ ਦਿੱਲੀ ਵਿੱਚ ਚੇਚਕ ਦੀ ਮਹਾਂਮਾਰੀ ਫੈਲ ਜਾਣ ਤੇ ਗੁਰੂਦੇਵ ਆਪ ਰੋਗੀਆਂ ਦੀ ਸੇਵਾ ਘਰ ਘਰ ਜਾ ਕੇ ਕਰਨ ਲੱਗੇ। ਲੋਕਾਈ ਦੇ ਭਲੇ ਲਈ ਮਾਇਆ ਵੀ ਖਰਚ ਕੀਤੀ। ਸੰਗਤਾਂ ਵੀ ਇਸ ਨੇਕ ਸੇਵਾ



ਵਿੱਚ ਗੁਰੂ ਸਾਹਿਬ ਜੀ ਨਾਲ ਆਣ ਜੁੜੀਆਂ। ਇਸ ਛੂਤ ਦੀ ਬਿਮਾਰੀ ਵਿੱਚ ਆਪਣੀ ਬਾਲ ਉਪਰ ਦੀ ਪ੍ਰਵਾਹ ਨਾ ਕੀਤੀ। ਆਖਰ ਗੁਰੂ ਸਾਹਿਬ ਜੀ ਖੁਦ ਇਸ ਮਹਾਂਮਾਰੀ ਦਾ ਸ਼ਿਕਾਰ ਹੋ ਗਏ। ਸੰਗਤਾਂ ਨੂੰ ਰੱਬ ਦੇ ਭਾਣੇ ਵਿੱਚ ਰਹਿ ਕੇ ਸੇਵਾ ਜਾਰੀ ਰੱਖਣ ਦਾ ਉਪਦੇਸ਼ ਦੇ ਕੇ ਜੋਤੀ ਜੋਤ ਸਮਾ ਗਏ।

ਗੁਰੂ ਤੇਗ ਬਹਾਦਰ ਜੀ ਦਾ ਉਦੇਸ਼ ਹੈ ਕਿ ਉਸਦੀ ਰਖਿਆ ਕਰੋ ਜਿਸ ਨੂੰ ਕਿ ਰਖਿਆ ਦੀ ਲੋੜ ਹੈ। ਇਸ ਲਈ ਭਾਵੇਂ ਆਪਣੀ ਜਾਨ ਵੀ ਗੁਆਣੀ ਪਵੇ। ਗੁਰੂ ਨਾਨਕ ਦੇਵ ਸਾਹਿਬ ਜੀ ਦਾ ਉਪਦੇਸ਼ ਅੱਗੇ ਤੋਰਦਿਆਂ ਧਰਮ ਦੀ ਰਖਿਆ ਲਈ ਦਿੱਲੀ ਦੇ ਚਾਂਦਨੀ ਚੌਂਕ ਵਿੱਚ ਸ਼ਹੀਦੀ ਦਿੱਤੀ। ਉਹਨਾਂ ਕਿਹਾ ਕਿ ਜੀਵਨ ਮੁਕਤੀ ਲਈ ਆਪਣੇ ਨਿੱਜੀ ਵਿਚਾਰਾਂ ਤੋਂ ਉਠ ਕੇ ਜਿਹੜਾ ਮਨੁੱਖ ਗੁਰੂ ਦੀ ਦਸੀ ਹੋਈ ਸੇਵਾ ਵਿੱਚ ਆਪਣੀ ਸੁਰਤ ਰੱਖਦਾ ਹੈ ਜੋ ਮਾਨੋ ਇਹ ਭਭੂਤੀ (ਸੁਆਹ) ਪਿੰਡੇ 'ਤੇ ਮਲਦਾ ਹੈ, ਜੋ ਮਨੁੱਖ ਪ੍ਰਭੂ ਦੀ ਸਿਫ਼ ਸਲਾਹ ਨਾਲ ਭਰਪੂਰ ਗੁਰੂ ਦੀ ਪਵਿੱਤਰ ਬਾਣੀ ਸਦਾ ਆਪਣੇ ਅੰਦਰ ਵਸਾਂਦਾ ਹੈ। ਜੋ ਮਾਨੋ ਇਹ ਨਾਦ ਵਜਦਾ ਹੈ। ਉਸਨੇ ਅਸਲ ਭੇਖ ਧਾਰਨ ਕਰ ਲਿਆ ਹੈ। ਉਹ ਸਦਾ ਅਡੋਲ ਆਤਮਕ ਅਵਸਥਾ ਵਿੱਚ ਟਿਕਿਆ ਰਹਿੰਦਾ ਹੈ।

ਗੁਰੂ ਗੋਬਿੰਦ ਸਿੰਘ ਜੀ ਨੇ ਜੀਵਨ ਦਾ ਮਨੋਰਥ ਸੀ ਕਿ ਮਨੁੱਖਤਾ ਨੂੰ ਜੁਲਮ ਅਤੇ ਅਨਿਆਂ ਤੋਂ ਬਚਾਉਣਾ ਹੈ। ਗੁਰੂ ਜੀ ਨੇ ਸਮਾਜਿਕ, ਆਰਥਿਕ, ਧਾਰਮਿਕ,ਸਭਿਆਚਾਰਕ ਅਤੇ ਰਾਜਨੀਤੀ ਦੇ ਪੱਖੋਂ ਮਾਰੀ ਕੁੱਟੀ, ਲੁੱਟੀ ਪੁੱਟੀ ਲੋਕਾਈ ਨੂੰ ਹੱਕ ਸੱਚ ਲਈ ਡਟ ਜਾਣ ਲਈ ਜਾਗ੍ਰਿਤ ਕੀਤਾ। ਅਣਖ ਅਤੇ ਸਵੈ ਮਾਣ ਵਾਲਾ ਜੀਵਨ ਜਿਊਣ ਦੀ ਜਾਚ ਸਿਖਾਈ। ਇਸ ਲਈ ਜੰਗਾਂ ਵਿੱਚ ਵੀ ਜੂਝਣਾ ਪਿਆ। ਆਪ ਜੀ ਨੇ ਗੁਰੂ ਨਾਨਕ ਦੇਵ ਸਾਹਿਬ ਜੀ ਦੇ ਸਿਧਾਂਤ ਨੂੰ ਸਿਖਰ 'ਤੇ ਪਹੁੰਚਾਇਆ।

ਗੁਰੂ ਜੀ ਮਜਲੂਮ ਦੀ ਰੱਖਿਆ ਲਈ ਤਲਵਾਰ ਨੂੰ ਸ਼ਕਤੀ ਦਾ ਪ੍ਰਤੀਕ ਸਮਝਦੇ ਸਨ। ਉਹਨਾਂ ਦੇ ਜੰਗਾਂ ਪ੍ਰਤੀ ਵੀ ਅਸੂਲ ਸਨ। ਕਿਸੇ ਦੇ ਇਲਾਕੇ 'ਤੇ ਕਬਜ਼ਾ ਨਹੀਂ ਕੀਤਾ। ਧਨ ਮਾਲ, ਇੱਜਤ ਲੁਟੇ ਜਾਣ, ਭੱਜੇ ਜਾਣ ਜਾਂ ਸੁੱਤ ਪਏ ਵੈਰੀ ਤੇ ਹਮਲਾ , ਕਿਸੇ ਬੱਚੇ, ਬੁੱਢੇ, ਔਰਤ 'ਤੇ ਵਾਰ ਨਾ ਕਰਨਾ, ਇਸ ਤੋਂ ਵਰਜਿਤ ਕੀਤਾ। ਜਿੱਤ ਲਈ ਜੂਝਣ ਤੇ ਜਿੱਤ ਦਾ ਅਤੁੱਟ ਵਿਸ਼ਵਾਸ ਰਖਦੇ ਹਨ। ਕੋਈ ਵੀ ਜੰਗ ਜਰ, ਜੋਰੂ ਜਾਂ ਜ਼ਮੀਨ ਲਈ ਨਹੀਂ ਲੜੀ। ਉਹ ਹਮੇਸ਼ਾ ਨਿਮਾਣਿਆ, ਨੀਵਿਆਂ, ਨਿਤਾਣਿਆਂ ਅਤੇ ਲਿਤਾੜਿਆਂ ਦੇ ਹੱਕ ਸੱਚ ਤੇ ਬਰਾਬਰੀ ਲਈ ਸੰਘਰਸ਼ ਕਰਦਿਆਂ ਆਪਣਾ ਸਾਰਾ ਸਰਬੰਸ ਧਰਮ ਦੀ ਸ਼ਾਨ ਬਦਲੇ ਵਾਰ ਦਿੱਤਾ।

ਸੇਵਾ ਭਾਵਨਾ ਦੀ ਕਦਰ ਕਰਦੇ ਸਨ। ਇਨਸਾਨੀਅਤ ਨੂੰ ਪਿਆਰ ਕਰਦੇ ਸਨ। ਇਸੇ ਲਈ ਤਾਂ ਜਦੋਂ ਭਾਈ ਘਨਈਆ ਜੀ ਦੀ ਸ਼ਿਕਾਇਤ ਹੋਈ ਕਿ ਦੁਸ਼ਮਣ ਨੂੰ ਵੀ ਪਾਣੀ ਪਿਲਾਈ ਜਾ ਰਿਹਾ ਹੈ। ਤਦ ਗੁਰਾਂ ਨੇ ਮੱਲ੍ਹਮ ਪੱਟੀ ਵੀ ਦਿੱਤੀ ਤੇ

ਕਿਹਾ ਕਿ ਮੱਲ੍ਹਮ ਪੱਟੀ ਵੀ ਕਰ ਦਿਆ ਕਰੋ। ਉਹ ਸਰੀਰਕ ਅਤੇ ਫ਼ੌਜੀ ਸ਼ਕਤੀ ਨਾਲੋਂ ਆਤਮਕ ਬਲ ਅਤੇ ਚੰਗੇ ਚਰਿਤਰ ਦੀ ਸ਼ਕਤੀ ਨੂੰ ਮਹੱਤਵ ਪੂਰਨ ਸਮਝਦੇ ਸਨ। ਮਨੁਖੀ ਸੇਵਾ ਅਤੇ ਰਖਿਆ ਦਾ ਉਦੇਸ਼ ਮੁੱਖ ਸੀ।

ਜੋ ਮਨੁੱਖ ਅਕਲ ਹੁੰਦਿਆਂ ਵੀ ਅੰਞਾਣਾਂ ਬਣੇ ਭਾਵ ਅਕਲ ਦੇ ਤ੍ਰਾਣ ਦੂਜਿਆਂ 'ਤੇ ਕੋਈ ਦਬਾਓ ਨਾ ਪਾਵੇ। ਜੋਰ ਹੁੰਦਿਆਂ ਕਮਜੋਰਾਂ ਵਾਂਗ ਜੀਵੇ ਭਾਵ ਕਿਸੇ ਉਤੇ ਧੱਕਾ ਨਾ ਕਰੇ। ਜਦੋਂ ਕੁਝ ਵੀ ਦੇਣ ਜੋਗਾ ਨਾ ਹੋਵੇ ਤਦੋਂ ਆਪਣਾ ਆਪ ਭਾਵ ਆਪਣਾ ਹਿੱਸਾ ਵੰਡ ਦੇਵੇ। ਕਿਸੇ ਅਜਿਹੇ ਮਨੁੱਖ ਨੂੰ ਹੀ ਭਗਤ ਆਖਣਾ ਚਾਹੀਦਾ ਹੈ।

ਸਿੱਖ ਧਰਮ ਦੇ ਗੁਰੂ ਸਾਹਿਬਾਨ ਦੇ ਸਿੱਧਾਂਤ ਬਿਮਾਰਾਂ ਅਤੇ ਲੋੜਵੰਦਾਂ ਦੀ ਸੇਵਾ ਕਰਨ ਲਈ ਸੇਧ ਦਿੰਦੇ ਹਨ। ਇਸੇ ਸਿਧਾਂਤ ਹੇਠ ਬਾਬਾ ਬੰਦਾ ਸਿੰਘ ਬਹਾਦਰ ਜੀ ਨੇ ਹਲ ਵਾਹੁਣ ਵਾਲਿਆਂ ਨੂੰ ਜ਼ਮੀਨਾਂ ਦੇ ਮਾਲਕ ਬਣਾ ਦਿਤਾ। ਲੋੜਵੰਦਾਂ ਦੀ ਬਾਂਹ ਫੜੀ। ਮਹਾਰਾਜਾ ਰਣਜੀਤ ਸਿੰਘ ਜੀ ਨੇ ਖ਼ਾਲਸਾ ਰਾਜ ਦੀ ਸਥਾਪਨਾ ਵਿੱਚ ਹਰ ਇਕ ਦੇ ਹੱਕਾਂ ਦੀ ਰਾਖੀ ਕੀਤੀ। ਬਰਾਬਰ ਦਾ ਸਨਮਾਨ ਦਿੱਤਾ। ਗੁਰੂ ਉਪਦੇਸ਼ ਹੇਠ ਹੀ ਗੁਰਧਾਮਾਂ ਦੇ ਨਾਉਂ ਜਾਗੀਰਾਂ, ਜਾਇਦਾਦਾਂ ਲੁਆ ਕੇ ਧਰਮ ਦੀ ਦਿੱਖ ਨੂੰ ਸੰਵਾਰਿਆ। ਗੁਰਬਾਣੀ ਵਿੱਚ ਸੇਵਾ ਸਿਮਰਨ ਕਰਨ ਵਾਲਿਆਂ ਨੂੰ ਭਗਤ ਕਿਹਾ ਗਿਆ ਹੈ ਤਾਂ ਭਗਤ ਪੂਰਨ ਸਿੰਘ ਜੀ ਦੇ ਪਿੰਗਲਵਾੜੇ ਦੀ ਸੇਵਾ ਦਾ ਹਵਾਲਾ ਦਿਤੇ ਬਿਨਾਂ ਗਲ ਨਹੀਂ ਬਣਦੀ।

ਗੁਰੂ ਸਿੱਧਾਂਤਾਂ ਤੇ ਚਲਦਿਆਂ ਸਿੱਖ ਭਗਤਾਂ ਨੇ ਹਮੇਸ਼ਾ ਆਪਣੀ ਜਾਨ ਤੇ ਖੇਡ ਕੇ ਮਹਾਂਮਾਰੀਆ ਵਿੱਚ ਅੱਜ ਦੇ ਸਮੇਂ ਵਾਂਗ ਸੇਵਾ ਕੀਤੀ ਹੈ। ਮਹਾਂਮਾਰੀਆਂ, ਤੂਫ਼ਾਨਾਂ, ਵਰਦੀਆਂ ਗੋਲੀਆਂ ਵਿੱਚ ਜਦੋਂ ਵੀ ਲੋਕ ਘਰਾਂ ਵਿੱਚ ਜਾ ਛੁਪੇ ਉਦੋਂ ਖਾਲਸਾ ਸੇਵਾ ਲਈ ਦਹਿਕਦਾ ਰਿਹਾ ਹੈ।

(ਬਾਕੀ ਸਫ਼ਾ 31 'ਤੇ)



## ਅਜਬ-ਗਜ਼ਬ ਦੁਨੀਆਂ

# ਜਦੋਂ ਗਾਇਬ ਹੋਈਆਂ 16 ਕਿਲੋਮੀਟਰ ਦੀਆਂ ਤਿੰਨ ਸੜਕਾਂ



ਤੁਸੀਂ ਪਹਿਲਾਂ ਵੀ ਨਕਦੀ, ਗਹਿਣੇ, ਸਾਮਾਨ, ਵਾਹਨਾਂ ਦੀ ਚੋਰੀ ਬਾਰੇ ਸੁਣਿਆ ਹੋਵੇਗਾ ਪਰ ਸੜਕ ਦੇ ਗਾਇਬ ਹੋਣ ਬਾਰੇ ਤੁਸੀਂ ਪਹਿਲੀ ਵਾਰ ਸੁਣਿਆ ਹੋਵੇਗਾ। ਦੱਸ ਦਈਏ ਕਿ ਅਜਿਹਾ ਹੀ ਮਾਮਲਾ ਹਰਿਆਣਾ ਦੇ ਮਹਿਮ ਇਲਾਕੇ 'ਚ ਦੇਖਣ ਨੂੰ ਮਿਲਿਆ ਹੈ, ਜਿੱਥੇ ਕੁਝ ਦਿਨ ਪਹਿਲਾਂ 16 ਕਿਲੋਮੀਟਰ ਦੀਆਂ ਤਿੰਨ ਸੜਕਾਂ ਗਾਇਬ ਹੋ ਗਈਆਂ ਸਨ। ਹਰਿਆਣਾ ਖੇਤੀਬਾੜੀ ਮੰਡੀਕਰਨ ਬੋਰਡ ਦੇ ਕਾਰਜਕਾਰੀ ਇੰਜੀਨੀਅਰ ਨੇ ਇਸ ਅਜੀਬੋ-ਗਰੀਬ ਮਾਮਲੇ ਸਬੰਧੀ ਪੁਲਿਸ ਨੂੰ ਸ਼ਿਕਾਇਤ ਦਿੱਤੀ ਹੈ। ਉਨ੍ਹਾਂ ਪੁਲੀਸ ਤੋਂ ਚੋਰ ਨੂੰ ਜਲਦੀ ਕਾਬੂ ਕਰਨ ਦੀ ਮੰਗ ਕੀਤੀ ਹੈ।

ਦੱਸ ਦਈਏ ਕਿ ਰੋਹਤਕ ਦੇ ਬੇਦਵਾ ਤੋਂ ਪੁੱਟੀ ਤੱਕ 2002 'ਚ ਬਣੀ 6.10 ਕਿਲੋਮੀਟਰ ਸੜਕ, 2009 'ਚ ਬਣੀ ਖਰੇਸੀ ਤੋਂ ਬੰਸੀ ਤੱਕ 5.5 ਕਿਲੋਮੀਟਰ ਸੜਕ ਅਤੇ 2010 'ਚ ਬਣੀ ਭੈਣੀ ਭੈਰੋ ਤੋਂ ਜਟਾਈ ਪਿੰਡ ਤੱਕ 4.5 ਕਿਲੋਮੀਟਰ ਸੜਕ ਨੂੰ ਚੋਰਾਂ ਨੇ ਚੋਰੀ ਕਰ ਲਿਆ।

ਪੁਲਿਸ ਇਸ ਮਾਮਲੇ ਵਿੱਚ ਅਣਪਛਾਤੇ ਵਿਅਕਤੀ ਖ਼ਿਲਾਫ਼ ਕਾਰਵਾਈ ਕਰਨ ਦੀ ਤਿਆਰੀ ਕਰ ਰਹੀ ਹੈ। ਇਨ੍ਹਾਂ ਤਿੰਨਾਂ ਸੜਕਾਂ ਦੀ ਹਾਲਤ ਖਸਤਾ ਹੋਣ ਕਾਰਨ ਹੁਣ ਆਵਾਜਾਈ ਵੀ ਬੰਦ ਹੈ। ਲੋਕ ਇੱਥੋਂ ਜਾਣ ਤੋਂ ਪਰਹੇਜ਼ ਕਰ ਰਹੇ ਹਨ।

ਖਸਤਾ ਹਾਲਤ 'ਚ ਪਹੁੰਚ ਚੁੱਕੀਆਂ ਇਨ੍ਹਾਂ ਤਿੰਨਾਂ ਸੜਕਾਂ 'ਤੇ ਲੋਕਾਂ ਨੂੰ ਹਰ ਸਮੇਂ ਹਾਦਸੇ ਦਾ ਡਰ ਬਣਿਆ ਰਹਿੰਦਾ ਹੈ। ਪੈਦਲ ਚੱਲਣ ਵਾਲੇ ਰੋਜ਼ਾਨਾ ਡਿੱਗ ਕੇ ਜ਼ਖਮੀ ਹੋ ਰਹੇ ਹਨ। ਕਈ ਬੱਗੀ ਡਰਾਈਵਰਾਂ ਅਤੇ ਪਸ਼ੂਆਂ ਦੇ ਜ਼ਖਮੀ ਹੋਣ ਦੀਆਂ ਵੀ ਸ਼ਿਕਾਇਤਾਂ ਮਿਲੀਆਂ ਹਨ।

ਸਬੰਧਿਤ ਵਿਭਾਗ ਦੇ ਜੇ.ਈ. ਬਿਜੇਂਦਰ ਨੰਦਲ ਨੇ ਪੁਸ਼ਟੀ ਕੀਤੀ ਕਿ ਖਰੈਂਤੀ ਵਿੱਚੋਂ ਲੰਘਦੀਆਂ ਤਿੰਨ ਸੜਕਾਂ ਲਈ ਟੈਂਡਰ ਪ੍ਰਕਿਰਿਆ ਚੱਲ ਰਹੀ ਹੈ। ਪ੍ਰਕਿਰਿਆ ਪੂਰੀ ਹੋਣ ਤੋਂ ਪਹਿਲਾਂ ਹੀ ਸੜਕ ਤੋਂ ਮਟੀਰੀਅਲ ਉਖਾੜ ਦਿੱਤਾ ਗਿਆ ਹੈ।

ਟੈਂਡਰ ਤਹਿਤ ਸੜਕ ਨੂੰ ਪੁੱਟੇ ਬਿਨਾਂ ਹੀ ਨਵੀਂ ਪਰਤ ਪਾਈ ਜਾਣੀ ਸੀ। ਇੰਨਾ ਹੀ ਨਹੀਂ ਕਿਸੇ ਵੀ ਠੇਕੇਦਾਰ ਦੇ ਹੱਕ ਵਿੱਚ ਟੈਂਡਰ ਪ੍ਰਕਿਰਿਆ ਅਜੇ ਤੱਕ ਮੁਕੰਮਲ ਨਹੀਂ ਹੋਈ। ਸੜਕ ਤੋਂ ਉਸਾਰੀ ਸਮੱਗਰੀ ਉਤਾਰਨਾ ਗੰਭੀਰ ਮਾਮਲਾ ਹੈ। ਇਹ ਸਰਕਾਰੀ ਜਾਇਦਾਦ ਦਾ ਨੁਕਸਾਨ ਹੈ।ਸਰਪੰਚ ਖਰੈਤੀ ਨੇ ਦੱਸਿਆ ਕਿ ਪਿੰਡ ਖਰੇਸੀ ਤੋਂ ਬੰਸੀ ਤੱਕ ਸੜਕ ਪਿਛਲੇ ਇੱਕ ਹਫ਼ਤੇ ਤੋਂ ਉਖੜ ਗਈ ਹੈ। ਇਸ ਦੀ ਬੱਜਰੀ ਅਤੇ ਲੁੱਕ ਸਭ ਉਖਾੜ ਦਿੱਤਾ ਗਿਆ ਹੈ। ਹੁਣ ਸਿਰਫ਼ ਬਰੀਕ ਬੱਜਰੀ ਬਚੀ ਹੈ।

ਰਾਹਗੀਰ ਇਨ੍ਹਾਂ 'ਤੇ ਤਿਲਕ ਕੇ ਡਿੱਗ ਰਹੇ ਹਨ ਅਤੇ ਜ਼ਖਮੀ ਹੋ ਰਹੇ ਹਨ। ਇਸ ਦੀ ਸ਼ਿਕਾਇਤ ਮੰਡੀਕਰਨ ਬੋਰਡ ਦੇ ਅਧਿਕਾਰੀਆਂ ਨੂੰ ਦਿੱਤੀ ਗਈ ਹੈ।ਹਰਿਆਣਾ ਐਗਰੀਕਲਚਰਲ ਮਾਰਕੀਟਿੰਗ ਬੋਰਡ, ਰੋਹਤਕ ਦੇ ਐਕਸੀਅਨ ਅਜੇ ਰਾਠੀ ਨੇ ਦੱਸਿਆ ਕਿ ਵਿਭਾਗ ਨੇ ਸੜਕ ਤੋਂ ਸਮੱਗਰੀ ਨੂੰ ਉਤਾਰਨ ਵਾਲੀ ਮਸ਼ੀਨ ਦੀ ਵੀਡੀਓ ਅਤੇ ਫੋਟੋਆਂ ਪੁਲਿਸ ਨੂੰ ਸੌਂਪ ਦਿੱਤੀਆਂ ਹਨ। ਇਸ ਤਰ੍ਹਾਂ ਸੜਕ ਨੂੰ ਨੁਕਸਾਨ ਪਹੁੰਚਾਉਣਾ ਅਪਰਾਧਿਕ ਅਪਰਾਧ ਹੈ। ਦੋਸ਼ੀਆਂ ਖਿਲਾਫ ਸਖਤ ਕਾਰਵਾਈ ਦੀ ਮੰਗ ਕੀਤੀ ਹੈ।

## ਫ਼ਿਲਮ ਦੇ 'ਇੰਟਰਵੈੱਲ' ਦੌਰਾਨ ਨਵਵਿਆਹੁਤਾ ਪਤਨੀ ਵੱਲੋਂ ਵਿਆਹ ਦਾ 'ਦੀ ਐਂਡ'



ਰਾਜਸਥਾਨ ਦੀ ਰਾਜਧਾਨੀ ਜੈਪੁਰ ਤੋਂ ਇੱਕ ਅਜਿਹੀ ਘਟਨਾ ਸਾਹਮਣੇ ਆਈ ਹੈ, ਜਿਸ ਨੂੰ ਸੁਣ ਕੇ ਪਾਠਕ ਹੱਸੇ ਬਿਨਾਂ ਨਹੀਂ ਰਹਿ ਸਕਦੇ। ਇਹ ਹੋਰ ਗੱਲ ਹੈ ਕਿ ਜਿਸ ਵਿਅਕਤੀ ਨਾਲ ਇਹ ਘਟਨਾ ਵਾਪਰੀ ਹੈ, ਉਸ ਦਾ ਮੂੰਹ ਅਜੇ ਵੀ ਲਟਕਿਆ ਹੋਇਆ ਹੈ ਅਤੇ ਉਹ ਦੁਨੀਆਂ ਤੋਂ ਅੱਖਾਂ ਚੁਰਾ ਕੇ ਘੁੰਮ ਰਿਹਾ ਹੈ।

ਦਰਅਸਲ ਨਵੀਂ ਦੁਲਹਨ ਜੈਪੁਰ ਦੇ ਇੱਕ ਸਿਨੇਮਾ ਘਰ ਤੋਂ ਲਾਪਤਾ ਹੋ ਗਈ ਸੀ। ਅਤੇ ਇਸ ਅਜੀਬ ਕਹਾਣੀ ਦੀ ਰਿਪੋਰਟ ਹੁਣ ਜੈਪੁਰ ਪੁਲਿਸ ਕੋਲ ਦਰਜ ਕਰਵਾਈ ਗਈ ਹੈ, ਅਤੇ ਪੁਲਿਸ ਲਾਪਤਾ ਲਾੜੀ ਦੀ ਭਾਲ ਕਰ ਰਹੀ ਹੈ। ਹੈਰਾਨੀ ਹੋਰ ਵੀ ਹੈ ਕਿ ਵਿਆਹ ਨੂੰ ਅਜੇ ਸੱਤ ਦਿਨ ਹੀ ਹੋਏ ਸਨ।

ਰਾਜਸਥਾਨ ਦੇ ਸੀਕਰ ਵਿੱਚ ਰਹਿਣ ਵਾਲੇ ਇੱਕ ਨੌਜਵਾਨ ਨੇ ਜੈਪੁਰ ਦੇ ਆਦਰਸ਼ ਨਗਰ ਥਾਣੇ ਵਿੱਚ ਜਾ ਕੇ ਰਿਪੋਰਟ ਲਿਖਵਾਈ। ਥਾਣੇ ਵਿੱਚ ਦਰਜ ਕਰਵਾਈ ਰਿਪੋਰਟ ਅਨੁਸਾਰ 25 ਜੂਨ ਨੂੰ ਉਸ ਦਾ ਵਿਆਹ ਸ਼ਾਹਪੁਰਾ ਦੀ ਰਹਿਣ ਵਾਲੀ ਲੜਕੀ ਨਾਲ ਹੋਇਆ ਸੀ। ਵਿਆਹ ਦੇ ਸੱਤ ਦਿਨਾਂ ਬਾਅਦ ਉਹ ਆਪਣੀ ਪਤਨੀ ਨਾਲ ਜੈਪੁਰ ਆਇਆ ਅਤੇ ਉਸ ਨੂੰ ਪਿੰਕ ਸਕੁਏਅਰ ਮਾਲ ਦੀ ਸੈਰ ਲਈ ਲੈ ਗਿਆ। ਸਾਰਾ ਦਿਨ ਮਾਲ 'ਚ ਘੁੰਮਣ ਤੋਂ ਬਾਅਦ ਉਹ ਦੋਵੇਂ ਫ਼ਿਲਮ ਦੇਖਣ ਸਿਨੇਮਾ ਹਾਲ 'ਚ ਗਏ। ਸ਼ੋਅ ਦੇ ਇੰਟਰਵੈੱਲ ਦੌਰਾਨ, ਉਹ ਕੁਝ ਖਾਣ ਪੀਣ ਦੀਆਂ ਚੀਜ਼ਾਂ ਖਰੀਦਣ ਲਈ ਹਾਲ ਤੋਂ ਬਾਹਰ ਆਇਆ।

ਪੁਲਿਸ ਕੋਲ ਪੁੱਜੀ ਰਿਪੋਰਟ ਅਨੁਸਾਰ ਜਦੋਂ ਉਹ ਖਾਣ-ਪੀਣ ਦੀ ਖਰੀਦੋ-ਫਰੋਖਤ ਕਰਕੇ ਸਿਨੇਮਾ ਹਾਲ ਵਿੱਚ ਆਪਣੀ ਸੀਟ 'ਤੇ ਪਰਤਿਆ ਤਾਂ ਉਸ ਨੂੰ ਉੱਥੇ ਆਪਣੀ ਲਾੜੀ ਨਜ਼ਰ ਨਹੀਂ ਆਈ। ਸਿਨੇਮਾ ਹਾਲ ਦੀ ਤਲਾਸ਼ੀ ਲੈਣ ਤੋਂ ਬਾਅਦ ਉਹ ਬਾਹਰ ਆਇਆ ਅਤੇ ਪੂਰੇ ਮਾਲ ਦੀ ਤਲਾਸ਼ੀ ਲਈ ਪਰ ਉਸ ਦਾ ਕੋਈ ਪਤਾ ਨਹੀਂ ਲੱਗਾ। ਇਸ ਤੋਂ ਬਾਅਦ ਜਦੋਂ ਉਸ ਨੇ ਉੱਥੇ ਮੌਜੂਦ ਕੁਝ ਲੋਕਾਂ ਨੂੰ ਆਪਣੀ ਦੁਲਹਨ ਦੀ ਖ਼ੂਬਸੂਰਤੀ ਬਾਰੇ ਦੱਸਿਆ ਤਾਂ ਉਨ੍ਹਾਂ 'ਚੋਂ ਕੁਝ ਨੇ ਕਿਹਾ ਕਿ (ਬਾਕੀ ਸਫ਼ਾ 31 'ਤੇ)



TRANS-ALLIANCE
TOGETHER WE SAVE

FUEL DISCOUNTS
UPTO 80 CENTS PER GALLON DISCOUNT
MAJOR NETWORK OF TRUCK STOPS

FUEL CARDS
NO CREDIT - NO PROBLEM
BEST CUSTOMER SERVICE




FLEET ONE FACTORING
WE WANT TO MAKE FACTORING EASY FOR YOU
SAME-DAY FUNDING - NO HIDDEN FEES
COMPETITIVE RATES - 97% ADVANCE RATE

YOU BREAK DOWN
WE SHOW UP
24-HOUR ROADSIDE ASSISTANCE

TRUCK REPAIR & TIRE DISCOUNTS
GET NATIONAL ACCOUNT
NEARLY 3,000 HIGHLY SKILLED TECHNICIANS COAST TO COAST

FUEL MANAGEMENT
DAILY FUEL RATES IN PHONE APP

CALL FOR MORE INFO
(855)641-6955, (888)795-7035

# ਸਿਹਤ ਸੰਭਾਲ





# ਰੈਡੀਮੇਡ ਭੋਜਨ ਅਤੇ ਡੱਬਾਬੰਦ ਉਤਪਾਦਾਂ ਦਾ ਵਧਿਆ ਰੁਝਾਨ

- ਲੋਕਾਂ ਦੀ ਸਿਹਤ ਨਾਲ ਖ਼ਿਲਵਾੜ ਕਰ ਰਹੀਆਂ ਹਨ ਮਲਟੀਨੈਸ਼ਨਲ ਕੰਪਨੀਆਂ
- ਇੱਕ ਵੱਡੀ ਸਮੱਸਿਆ ਬਣ ਗਏ ਹਨ ਮਲਟੀਨੈਸ਼ਨਲ ਕੰਪਨੀਆਂ ਦੇ ਗ਼ੈਰ-ਸਿਹਤਮੰਦ ਭੋਜਨ ਉਤਪਾਦ
- ਸੁਆਦੀ ਭੋਜਨ ਪਦਾਰਥਾਂ ਵਿੱਚ ਹੁੰਦੇ ਹਨ ਸਿਹਤ ਲਈ ਹਾਨੀਕਾਰਕ ਤੱਤ



**ਲਲਿਤ ਗਰਗ**

ਭਾਰਤ 'ਚ ਸਿਹਤ ਸਥਿਤੀ ਬਹੁਤ ਚਿੰਤਾਜਨਕ ਹੈ। ਭਾਰਤੀ ਮੱਧ ਵਰਗ ਦੀ ਖ਼ੁਰਾਕ ਦਿਨੋਂ ਦਿਨ ਬਦ ਤੋਂ ਬਦਤਰ ਹੁੰਦੀ ਜਾ ਰਹੀ ਹੈ। ਜਿਵੇਂ-ਜਿਵੇਂ ਮੱਧ ਵਰਗ ਦੀ ਆਮਦਨ ਅਤੇ ਖਰਚਾ ਵਧ ਰਿਹਾ ਹੈ, ਉਸ ਨੂੰ ਆਪਣੇ ਸਰੀਰ ਵਿੱਚ ਕੈਲੋਰੀ ਦੀ ਮਾਤਰਾ ਵਧਾਉਣ ਦੇ ਵਧੇਰੇ ਮੌਕੇ ਮਿਲ ਰਹੇ ਹਨ। ਵੈਸੇ ਵੀ, ਭਾਰਤੀ ਰਵਾਇਤੀ ਤੌਰ 'ਤੇ ਭੋਜਨ ਪ੍ਰੇਮੀ ਹਨ।

ਮਲਟੀਨੈਸ਼ਨਲ ਕੰਪਨੀਆਂ ਦੇ ਖਾਧ ਪਦਾਰਥਾਂ, ਭੋਜਨ ਅਤੇ ਪੈਕਡ ਉਤਪਾਦਾਂ ਦੇ ਸਿਹਤ 'ਤੇ ਮਾੜੇ ਪ੍ਰਭਾਵਾਂ ਦੀ ਚਰਚਾ ਦਹਾਕਿਆਂ ਤੋਂ ਹੁੰਦੀ ਰਹੀ ਹੈ, ਪਰ ਜਿਵੇਂ-ਜਿਵੇਂ ਰੋਗ ਵਧਿਆ ਹੈ, ਸਥਿਤੀ ਉਸੇ ਤਰ੍ਹਾਂ ਦੇਖਣ ਨੂੰ ਮਿਲ ਰਹੀ ਹੈ। ਹੁਣ, ਵੱਖ-ਵੱਖ ਖੋਜਾਂ ਦੇ ਨਤੀਜਿਆਂ ਦੇ ਆਧਾਰ 'ਤੇ, ਵਿਸ਼ਵ ਸਿਹਤ ਸੰਗਠਨ ਨੇ ਭੋਜਨ ਅਤੇ ਪੀਣ ਵਾਲੇ ਪਦਾਰਥਾਂ ਵਿੱਚ ਮਿਲਾਏ ਜਾਣ ਵਾਲੇ ਨਕਲੀ ਰੰਗਾਂ, ਮਿਠਾਈਆਂ ਅਤੇ ਸਮਾਨ ਨੂੰ ਕੈਂਸਰ ਪੈਦਾ ਕਰਨ ਵਾਲਾ ਕਾਰਕ ਮੰਨਿਆ ਹੈ।

ਸੈਂਟਰ ਫਾਰ ਸਾਇੰਸ ਐਂਡ ਐਨਵਾਇਰਮੈਂਟ (ਸੀਐਸਈ) ਨੇ ਹਾਲ ਹੀ ਵਿੱਚ ਇੱਕ ਅਧਿਐਨ ਵਿੱਚ ਦੱਸਿਆ ਹੈ ਕਿ ਬਹੁ-ਰਾਸ਼ਟਰੀ ਕੰਪਨੀਆਂ ਦੁਆਰਾ ਵੇਚੇ ਜਾਣ ਵਾਲੇ ਕੁਝ ਸੁਆਦੀ ਭੋਜਨ ਪਦਾਰਥਾਂ ਵਿੱਚ ਸਿਹਤ ਲਈ ਹਾਨੀਕਾਰਕ ਤੱਤ ਹੁੰਦੇ ਹਨ। ਇਸ 'ਤੇ ਤਿੱਖਾ ਪ੍ਰਤੀਕਰਮ ਹੋਇਆ। ਚਾਹ ਅਤੇ ਭੁਜੀਆ, ਕੋਲਡ ਡਰਿੰਕਸ ਅਤੇ ਸਮੋਸੇ, ਬਟਰ ਚਿਕਨ ਅਤੇ ਨਾਨ ਦਾ ਸੁਆਦ ਲੈਣ ਵਾਲੇ ਭਾਰਤੀਆਂ ਨੇ ਬਹਿਸ ਛੇੜ ਦਿੱਤੀ ਕਿ ਇਹ ਕਿਵੇਂ ਨੁਕਸਾਨਦੇਹ ਹੋ ਸਕਦਾ ਹੈ। ਭਾਰਤ ਵਿੱਚ ਨੈਸਲੇ ਕੰਪਨੀ ਵੱਲੋਂ ਬਣਾਈ ਗਈ ਮੈਗੀ ਦੀ ਗੁਣਵੱਤਾ ਨੂੰ ਲੈ ਕੇ ਉੱਠੇ ਸਵਾਲ ਵੀ ਹੈਰਾਨੀਜਨਕ ਹਨ। ਮਿਲਾਵਟੀ ਭੋਜਨ ਅਤੇ ਡੱਬਾਬੰਦ ਉਤਪਾਦਾਂ ਦੇ ਵਧ ਰਹੇ ਪ੍ਰਚਲਣ ਕਾਰਨ ਦੇਸ਼ ਦੇ ਲੋਕਾਂ ਦੀ ਸਿਹਤ ਦਾਅ 'ਤੇ ਲੱਗੀ ਹੋਈ ਹੈ ਪਰ ਇਨ੍ਹਾਂ 'ਤੇ ਕਾਬੂ ਪਾਉਣ ਦੀ ਕੋਈ ਸਥਿਤੀ ਨਹੀਂ ਹੈ। ਵਿਦੇਸ਼ੀ ਪੂੰਜੀ ਅਤੇ ਰੁਜ਼ਗਾਰ ਦੀ ਆੜ ਵਿੱਚ ਇਨ੍ਹਾਂ ਕੰਪਨੀਆਂ ਦੀਆਂ ਆਰਥਿਕ ਲਾਲਸਾਵਾਂ, ਗਲਤ ਗਤੀਵਿਧੀਆਂ ਅਤੇ ਸਿਹਤ ਵਿਗਾੜਨ ਵਾਲੀਆਂ ਸਥਿਤੀਆਂ ਨੂੰ ਕਿਸੇ ਵੀ ਕੀਮਤ 'ਤੇ ਪ੍ਰਵਾਨ ਨਹੀਂ ਕੀਤਾ ਜਾਣਾ ਚਾਹੀਦਾ। ਦੇਸ਼ ਵਿੱਚ ਮਿਆਰੀ ਖਾਣ-ਪੀਣ ਵਾਲੀਆਂ ਵਸਤੂਆਂ ਹੀ ਲੋਕਾਂ ਦੀ ਸਿਹਤ ਦੀ ਰਾਖੀ ਕਰ ਸਕਦੀਆਂ ਹਨ, ਇਸ ਲਈ ਸਖ਼ਤ ਕਾਨੂੰਨਾਂ ਦੇ ਨਾਲ-ਨਾਲ ਸਿਆਸੀ ਇੱਛਾ ਸ਼ਕਤੀ ਵੀ ਦਿਖਾਉਣੀ ਪਵੇਗੀ।

ਬਹੁ-ਰਾਸ਼ਟਰੀ ਕੰਪਨੀਆਂ ਦੇ ਗੈਰ-ਸਿਹਤਮੰਦ ਭੋਜਨ ਉਤਪਾਦ ਇੱਕ ਵਿਆਪਕ ਸਮੱਸਿਆ ਬਣ ਗਏ ਹਨ। ਪੜ੍ਹੇ-ਲਿਖੇ-ਅਣਪੜ੍ਹ, ਗਰੀਬ-ਅਮੀਰ, ਮਰਦ-ਔਰਤਾਂ, ਨੌਜਵਾਨ-ਬਾਲਗ ਸਭ ਇਨ੍ਹਾਂ ਵਸਤਾਂ ਦੇ ਆਦੀ ਹੋ ਕੇ ਪ੍ਰੇਸ਼ਾਨ ਹਨ। ਇਨ੍ਹਾਂ ਦੇ ਜ਼ਿਆਦਾ ਸੇਵਨ ਕਾਰਨ ਹਰ ਕਿਸੇ ਨੂੰ ਕਿਸੇ ਨਾ ਕਿਸੇ ਬੀਮਾਰੀ ਦੀ ਸ਼ਿਕਾਇਤ ਰਹਿੰਦੀ ਹੈ। ਚਾਰੇ ਪਾਸੇ ਬਿਮਾਰੀਆਂ ਦਾ ਘੇਰਾ ਹੈ। ਲਗਾਤਾਰ ਵੱਧ ਰਹੀਆਂ ਬਿਮਾਰੀਆਂ ਦਾ ਮੁੱਖ ਕਾਰਨ ਬਹੁ-ਰਾਸ਼ਟਰੀ ਕੰਪਨੀਆਂ ਦੇ ਭੋਜਨ ਉਤਪਾਦਾਂ ਦਾ ਭਾਰਤੀ ਭੋਜਨ ਵਿੱਚ ਸ਼ਾਮਲ ਹੋਣਾ ਹੈ। ਨਵੀਆਂ ਮੈਡੀਕਲ ਵਿਧੀਆਂ ਅਤੇ ਕਾਢਾਂ ਇਨ੍ਹਾਂ ਬਿਮਾਰੀਆਂ ਨੂੰ ਰੋਕਣ ਵਿੱਚ ਅਸਫਲ ਹੋ ਰਹੀਆਂ ਹਨ। ਜਿਵੇਂ-ਜਿਵੇਂ ਵਿਗਿਆਨ ਰੋਗ ਵਿਰੋਧੀ ਦਵਾਈਆਂ ਬਣਾਉਂਦਾ ਹੈ, ਬਿਮਾਰੀਆਂ ਨੂੰ ਨਵੇਂ ਰੂਪਾਂ, ਨਵੇਂ ਨਾਵਾਂ ਅਤੇ ਨਵੇਂ ਵਾਤਾਵਰਨ ਵਿੱਚ ਪੇਸ਼ ਕੀਤਾ ਜਾ ਰਿਹਾ ਹੈ, ਇਨ੍ਹਾਂ ਵਧ ਰਹੀਆਂ ਬਿਮਾਰੀਆਂ ਦਾ ਕਾਰਨ ਜੰਕ ਫੂਡ, ਪੈਕ ਕੀਤੇ ਉਤਪਾਦ ਅਤੇ ਨਕਲੀ ਮਿਠਾਈਆਂ ਹਨ। ਖਪਤਕਾਰਾਂ ਨੂੰ ਜਾਂਚ ਏਜੰਸੀਆਂ ਦੀ ਲਾਪਰਵਾਹੀ, ਸਾਧਨਾਂ ਦੀ ਘਾਟ, ਭ੍ਰਿਸ਼ਟਾਚਾਰ, ਕੇਂਦਰ-ਰਾਜ ਦੇ ਸਹਿਯੋਗ ਦੀ ਘਾਟ ਅਤੇ ਆਪਣੀ ਸਿਹਤ ਨੂੰ ਖ਼ਤਰੇ ਵਿੱਚ ਪਾ ਕੇ ਮਾੜੀ ਸਜ਼ਾ ਪ੍ਰਣਾਲੀ ਦਾ ਖਮਿਆਜ਼ਾ ਭੁਗਤਣਾ ਪੈਂਦਾ ਹੈ।

ਸੰਸਾਰ ਵਿੱਚ ਬਹੁ-ਰਾਸ਼ਟਰੀ ਸਾਫਟ ਡਰਿੰਕ ਕੰਪਨੀਆਂ ਦੇ ਪੀਣ ਵਾਲੇ ਪਦਾਰਥਾਂ, ਸੋਡਾ, ਚਿਊਇੰਗਮ ਆਦਿ ਵਿੱਚ ਨਕਲੀ ਮਿਠਾਈਆਂ ਦੀ ਅੰਨ੍ਹੇਵਾਹ ਵਰਤੋਂ ਕੀਤੀ ਜਾਂਦੀ ਹੈ। ਦਰਅਸਲ, ਅੰਤਰਰਾਸ਼ਟਰੀ ਏਜੰਸੀ ਆਾਈਏਆਰਸੀ ਅਤੇ ਵਿਸ਼ਵ ਸਿਹਤ ਸੰਗਠਨ ਦੇ ਕੈਂਸਰ ਰਿਸਰਚ ਡਿਵੀਜ਼ਨ ਦੇ ਅਧਿਐਨ ਦਾ ਹਵਾਲਾ ਮਨੁੱਖਾਂ 'ਤੇ ਕਾਰਸੀਨੋਜਨਿਕ ਪ੍ਰਭਾਵ ਨੂੰ ਲੈ ਕੇ ਦਿੱਤਾ ਗਿਆ ਹੈ। ਬਿਨਾਂ ਸ਼ੱਕ, ਇਹਨਾਂ ਖੋਜਾਂ ਨੇ ਦੁਨੀਆ ਭਰ ਦੇ ਉਪਭੋਗਤਾਵਾਂ ਵਿੱਚ ਚਿੰਤਾਵਾਂ ਪੈਦਾ ਕੀਤੀਆਂ ਹਨ, ਜੋ ਲੰਬੇ ਸਮੇਂ ਤੋਂ

(ਬਾਕੀ ਸਫ਼ਾ 31 'ਤੇ)



ਮਾਸਟਰ ਸੰਜੀਵ ਧਰਮਾਣੀ
ਸ਼੍ਰੀ ਅਨੰਦਪੁਰ ਸਾਹਿਬ
ਮੋਬਾ. : 9478561356



# ਸਿਹਤਮੰਦ ਸਰੀਰ ਲਈ ਪੈਦਲ ਚੱਲਣਾ ਜ਼ਰੂਰੀ

ਸਿਆਣੇ ਸੱਚ ਕਹਿ ਗਏ ਹਨ ਕਿ ਤੁਰਨਾ ਹੀ ਜ਼ਿੰਦਗੀ ਹੈ। ਗੱਲ ਸਹੀ ਵੀ ਹੈ ਕਿ ਤੁਰਦੇ ਰਹਿਣਾ ਮੰਜ਼ਿਲਾਂ ਵੱਲ ਲੈ ਜਾਂਦਾ ਹੈ , ਪਰ ਜਿਸ ਤੁਰਨ ਦੀ ਗੱਲ ਅੱਜ ਅਸੀਂ ਕਰਨ ਜਾ ਰਹੇ ਹਾਂ , ਉਸ ਤੋਂ ਭਾਵ ਹੈ : ਪੈਦਲ ਚੱਲਣਾ , ਪੈਦਲ ਤੁਰਨਾ , ਟਹਿਲਣਾ। ਕੋਈ ਸਮਾਂ ਹੁੰਦਾ ਸੀ ਜਦ ਹਰ ਵਿਅਕਤੀ ਆਪਣੇ ਕੰਮ ਕਾਰ ਲਈ ਤੇ ਮੰਜ਼ਲ ਤੱਕ ਪਹੁੰਚਣ ਦੇ ਲਈ ਪੈਦਲ ਚੱਲ ਕੇ ਘਰੋਂ ਜਾਂਦਾ ਹੁੰਦਾ ਸੀ , ਪਰ ਸਮੇਂ ਦੀ ਤਬਦੀਲੀ ਦੇ ਨਾਲ - ਨਾਲ ਮਨੁੱਖ ਨੇ ਆਪਣੀ ਸੁੱਖ - ਸੁਵਿਧਾ ਵਧਾਉਣ ਹਿੱਤ ਊਠਾਂ, ਘੋੜਿਆਂ, ਬੈਲ ਗੱਡੀਆਂ, ਟਾਂਗਿਆਂ /ਯੱਕਿਆਂ ਆਦਿ ਦੀ ਵਰਤੋਂ ਕਰਨੀ ਆਰੰਭ ਕਰ ਦਿੱਤੀ। ਫਿਰ ਸਾਈਕਲ ਦਾ ਜ਼ਮਾਨਾ ਆ ਗਿਆ ਅਤੇ ਇਨ੍ਹਾਂ ਸਾਧਨਾਂ ਨੇ ਸਾਡੇ ਸਮੇਂ ਦੀ ਕਾਫ਼ੀ ਬੱਚਤ ਕੀਤੀ ਅਤੇ ਹਰ ਕੋਈ ਕਾਫ਼ੀ ਜਲਦੀ ਆਪਣੇ ਥਾਂ - ਟਿਕਾਣੇ ਸਿਰ ਪਹੁੰਚਣ ਲੱਗ ਪਿਆ। ਫੇਰ ਵਿਗਿਆਨ ਨੇ ਤਰੱਕੀ ਕੀਤੀ ਤੇ ਨਵੀਆਂ - ਨਵੀਆਂ ਕਾਢਾਂ ਕੱਢੀਆਂ ਅਤੇ ਮਨੁੱਖ ਦੀ ਸੁੱਖ - ਸੁਵਿਧਾ ਲਈ ਨਵੇਂ - ਨਵੇਂ ਔਜ਼ਾਰ ਯੰਤਰ ਇਜਾਦ ਕੀਤੇ। ਇਸ ਨਾਲ ਬਹੁਤ ਜ਼ਿਆਦਾ ਤਰੱਕੀ ਵੀ ਹੋਈ ਅਤੇ ਸਾਡੇ ਸਮੇਂ ਤੇ ਧਨ ਦੀ ਬੱਚਤ ਵੀ ਹੋਈ। ਵਿਗਿਆਨ ਦੀ ਤਰੱਕੀ ਨੇ ਮਸ਼ੀਨੀਕਰਨ ਦਾ ਯੁੱਗ ਲਿਆ ਦਿੱਤਾ ਅਤੇ ਹਰ ਕੋਈ ਸਾਈਕਲਾਂ ਨੂੰ ਛੱਡ ਮੋਟਰਸਾਈਕਲਾਂ, ਸਕੂਟਰਾਂ, ਵਿੱਕੀਆਂ, ਕਾਰਾਂ, ਟੈਂਪੂ, ਥ੍ਰੀ - ਵੀਲਰ ਆਦਿ ਰਾਹੀਂ ਸਫ਼ਰ ਕਰਨ ਲੱਗ ਪਿਆ, ਪਰ ਇਸ ਸਾਰੀ ਸੁੱਖ - ਸੁਵਿਧਾ ਦੇ ਨਾਲ ਜਿੱਥੇ ਹੋਰ ਬਹੁਤ ਅਨੇਕਾਂ ਲਾਭ ਹੋਏ, ਉੱਥੇ ਸਾਡੇ ਸਰੀਰ 'ਤੇ ਵੀ ਬੁਰਾ ਪ੍ਰਭਾਵ ਪਿਆ, ਕਿਉਂਕਿ ਸਰੀਰ ਦੀ ਥਾਂ ਮਸ਼ੀਨ /ਯੰਤਰ ਕੰਮ ਕਰਨ ਲੱਗੇ ਅਤੇ ਅਸੀਂ ਬਹੁਤ ਜ਼ਿਆਦਾ ਸੁੱਖ - ਸੁਵਿਧਾਵਾਂ ਵਿੱਚ ਉਲਝ ਕੇ ਰਹਿ ਗਏ। ਅੱਜ ਮੁੜ ਸੋਚਣ ਦੀ, ਵਿਚਾਰਨ ਦੀ ਅਤੇ ਅਮਲ ਕਰਨ ਦੀ ਵਾਰੀ ਹੈ ਕਿ ਅਸੀਂ ਆਪਣੇ ਜੀਵਨ ਵਿੱਚ ਵੱਧ ਤੋ ਵੱਧ ਜਿੰਨਾ ਵੀ ਸੰਭਵ ਹੋ ਸਕੇ ਹਰ ਛੋਟੇ - ਵੱਡੇ ਕੰਮ ਨੂੰ ਪੈਦਲ ਚੱਲ ਕੇ ਕਰੀਏ , ਵੱਧ ਤੋਂ ਵੱਧ ਪੈਦਲ ਚੱਲੀਏ , ਭਾਵੇਂ ਉਹ ਸਵੇਰ ਦੀ ਸੈਰ ਹੋਵੇ ਜਾਂ ਸ਼ਾਮ ਦਾ ਟਹਿਲਣਾ ਹੋਵੇ ਜਾਂ ਕਿਸੇ ਕੰਮਕਾਰ ਦੇ ਲਈ ਦੁਕਾਨ ਜਾਂ ਕਿਸੇ ਹੋਰ ਸਥਾਨ 'ਤੇ ਜਾਣਾ ਹੋਵੇ, ਸਾਨੂੰ ਪੈਦਲ ਜਾਣ ਨੂੰ ਤਰਜੀਹ ਦੇਣੀ ਚਾਹੀਦੀ ਹੈ ਕਿਉਂਕਿ ਪੈਦਲ ਜਾਣ ਦੇ ਇੰਨੇ ਜ਼ਿਆਦਾ ਸਾਡੇ ਸਰੀਰ ਨੂੰ, ਸਾਡੇ ਮਨ ਨੂੰ , ਸਾਡੀਆਂ ਭਾਵਨਾਵਾਂ ਨੂੰ ਤੇ ਸਾਡੀ ਸੋਚ ਨੂੰ ਲਾਭ ਹਨ /ਫਾਇਦੇ ਹਨ ਕਿ ਇਨ੍ਹਾਂ ਬਾਰੇ ਲਿਖਣਾ, ਦੱਸਣਾ ਜਾਂ ਵਿਚਾਰ ਕਰਕੇ ਵਿਅਕਤ ਕਰਨਾ ਸ਼ਾਇਦ ਸੂਰਜ ਨੂੰ ਦੀਵਾ ਦਿਖਾਉਣ ਦੇ ਬਰਾਬਰ ਹੈ। ਪੈਦਲ ਚੱਲਣ ਸਮੇਂ ਜਿੱਥੋਂ ਤੱਕ ਸੰਭਵ ਹੋ ਸਕੇ ਵਧੇਰੇ ਗੱਲਬਾਤ ਕਰਨ ਤੋਂ ਗੁਰੇਜ਼ ਕਰਨਾ ਚਾਹੀਦਾ ਹੈ ਤਾਂ ਜੋ ਵੱਧ ਤੋਂ ਵੱਧ ਨੱਕ ਰਾਹੀਂ ਆਕਸੀਜਨ ਅੰਦਰ ਖਿੱਚੀ ਜਾ ਸਕੇ ਅਤੇ ਪੈਦਲ ਚੱਲਣ , ਟਹਿਲਣ, ਸੈਰ ਕਰਨ ਦਾ ਵੱਧ ਤੋਂ ਵੱਧ ਸਾਨੂੰ ਲਾਭ ਮਿਲ ਸਕੇ। ਕਈ ਵਿਦਵਾਨਾਂ ਦਾ ਇਹ ਮੰਨਣਾ ਹੈ ਕਿ ਜੇਕਰ ਅਸੀਂ ਨੰਗੇ ਪੈਰ ( ਬਿਨਾਂ ਚੱਪਲ / ਬੂਟ ਆਦਿ ਪਾਏ ਤੋਂ ) ਸਾਫ ਮਿੱਟੀ 'ਤੇ ਚੱਲੀਏ ਤਾਂ ਇਸ ਨਾਲ ਸਾਨੂੰ ਇੱਕ ਵੱਖਰੀ ਤਰ੍ਹਾਂ ਦੀ ਤਾਜ਼ਗੀ, ਊਰਜਾ ਅਤੇ ਸ਼ਕਤੀ ਪ੍ਰਾਪਤ ਹੁੰਦੀ ਹੈ। ਹਰੇ - ਭਰੇ ਸਾਫ਼ - ਸੁਥਰੇ ਘਾਹ 'ਤੇ ਚੱਲਣਾ ਵੀ ਸਾਡੇ ਸਰੀਰ ਲਈ ਸਾਡੀਆਂ ਅੱਖਾਂ ਦੇ ਲਈ ਲਾਭਦਾਇਕ ਹੁੰਦਾ ਹੈ। ਇਸ ਲਈ ਬਹੁਤੀ ਗੱਲ ਨਾ ਕਰਦੇ ਹੋਏ ਅੱਜ ਆਪਣੀ ਸਰੀਰਕ , ਮਾਨਸਿਕ ਤੇ ਬੌਧਿਕ ਤੰਦਰੁਸਤੀ ਦੇ ਲਈ ਸਾਨੂੰ ਮੁੜ ਪੈਦਲ ਚੱਲਣ ਵੱਲ ਆਪਣੇ ਆਪ ਨੂੰ ਮੋੜਨਾ ਪਵੇਗਾ , ਵਿਚਾਰਨਾ ਪਵੇਗਾ ਅਤੇ ਆਪਣੀ ਸੋਚ ਬਦਲਣੀ ਪਵੇਗੀ। ਪੈਦਲ ਚੱਲਣ ਵਿੱਚ ਸਾਨੂੰ ਕਿਸੇ ਤਰ੍ਹਾਂ ਦੀ ਸ਼ੰਕਾ ਜਾਂ ਸ਼ਰਮ ਮਹਿਸੂਸ ਨਹੀਂ ਕਰਨੀ ਚਾਹੀਦੀ ਅਤੇ ਨਾ ਹੀ ਪੈਦਲ ਚੱਲਣ ਨੂੰ ਜਾਂ ਪੈਦਲ ਚੱਲਣ ਵਾਲੇ ਨੂੰ ਤ੍ਰਿਸਕਾਰ ਦੀ ਨਜ਼ਰ ਨਾਲ ਦੇਖਣਾ - ਸਮਝਣਾ ਚਾਹੀਦਾ ਹੈ, ਕਿਉਂਕਿ ਪੈਦਲ ਚੱਲਣਾ ਕੁਦਰਤ ਵੱਲੋਂ ਦਿੱਤੀ ਹੋਈ ਇੱਕ ਵਿਧੀ ਹੈ, ਇੱਕ ਯੋਗਤਾ ਹੈ। ਭਾਵੇਂ ਥੋੜ੍ਹਾ ਹੀ ਪੈਦਲ ਚੱਲੀਏ, ਜ਼ਰੂਰ ਚੱਲਣਾ ਚਾਹੀਦਾ ਹੈ। ਇਸ ਨਾਲ ਜਿੱਥੇ ਸਰੀਰਿਕ ਤੌਰ 'ਤੇ ਲਾਭ ਹੁੰਦਾ ਹੀ ਹੈ , ਉੱਥੇ ਹੀ ਧੁਨੀ ਪ੍ਰਦੂਸ਼ਣ ਤੇ ਹਵਾ ਪ੍ਰਦੂਸ਼ਣ ਤੋਂ ਵੀ ਕਾਫੀ ਹੱਦ ਤੱਕ ਮੁਕਤੀ ਮਿਲਣ ਦੀ ਸੰਭਾਵਨਾ ਬਣਦੀ ਹੈ ਅਤੇ ਸਾਡੇ ਕੀਮਤੀ ਕੁਦਰਤੀ ਖਣਿਜ ਪਦਾਰਥਾਂ ਪੈਟਰੋਲ, ਡੀਜ਼ਲ ਆਦਿ ਦੀ ਵੀ ਬੱਚਤ ਹੋ ਸਕਦੀ ਹੈ ਅਤੇ ਵਾਤਾਵਰਨ ਦੀ ਸ਼ੁੱਧਤਾ ਵਿੱਚ ਵੀ ਵਾਧਾ ਹੋ ਸਕਦਾ ਹੈ , ਜੋ ਕਿ ਸਾਡੇ ਲਈ ਅਤੇ ਸਾਡੀਆਂ ਆਉਣ ਵਾਲੀਆਂ ਨਵੀਆਂ ਪੀੜ੍ਹੀਆਂ ਦੇ ਲਈ ਬਹੁਤ ਜ਼ਰੂਰੀ ਹੈ। ਅੱਜ ਵਿਚਾਰਨ ਵਾਲੀ ਗੱਲ ਹੈ ਕਿ ਡਾਕਟਰ ਹਰ ਕਿਸੇ ਨੂੰ ਸੈਰ ਕਰਨ, ਪੈਦਲ ਚੱਲਣ ਤੇ



ਟਹਿਲਣ ਲਈ ਵਾਰ - ਵਾਰ ਪ੍ਰੇਰਿਤ ਕਰਦੇ ਹਨ ; ਕਿਉਂਕਿ ਪੈਦਲ ਚੱਲਣ ਦੇ ਅਨੇਕਾਂ ਅਣਗਿਣਤ ਬੇਅੰਤ ਲਾਭ ਹਨ ਅਤੇ ਸਾਨੂੰ ਇਨ੍ਹਾਂ ਦਾ ਫਾਇਦਾ ਪੈਦਲ ਚੱਲ ਕੇ ਜਰੂਰ ਜਰੂਰ ਜ਼ਰੂਰ ਲੈਣਾ ਚਾਹੀਦਾ ਹੈ।

ਕਹਾਣੀ

ਕਹਾਣੀ

# ਸੁਰੰਗ



ਸ਼ਾਂਤ ਨੀਲੀ ਝੀਲ ਬੇਅੰਤ ਬਰਫ਼ ਨਾਲ਼ ਕੱਜੇ ਉੱਚੇ ਪਹਾੜਾਂ ਨਾਲ਼ ਘਿਰੀ ਹੋਈ ਹੈ। ਝੀਲ ਦੇ ਕੰਢੇ ਤੀਕ ਗੂੜ੍ਹੇ ਰੰਗ ਦੇ ਲਹਿਰਦਾਰ ਬਗ਼ੀਚੇ ਫੈਲੇ ਹੋਏ ਹਨ ਜੋ ਅਤਿ ਸੁਹਣੀ ਨੱਕਾਸ਼ੀ ਵਾਂਗ ਪ੍ਰਤੀਤ ਹੁੰਦੇ ਹਨ। ਚਿੱਟੇ ਘਰ ਜੋ ਖੰਡ ਦੇ ਬਣੇ ਹੋਏ ਜਾਪਦੇ ਹਨ, ਪਾਣੀ ਵਿੱਚ ਇੱਕ ਟੱਕ ਵੇਖ ਰਹੇ ਹਨ ਤੇ ਉੱਥੇ ਬੱਚੇ ਦੀ ਕੂਲ਼ੀ ਨੀਂਦ ਵਰਗੀ ਚੁੱਪ ਪਸਰੀ ਹੋਈ ਹੈ।

ਸਵੇਰ ਦਾ ਵੇਲ਼ਾ। ਪਹਾੜੀਆਂ ਤੋਂ ਫੁੱਲਾਂ ਦੀ ਮਿਠੀ ਖ਼ੁਸ਼ਬੂ ਲਹਿਰਾਉਂਦੀ ਹੋਈ ਆ ਰਹੀ ਹੈ। ਸੂਰਜ ਹੁਣੇ-ਹੁਣੇ ਚੜ੍ਹਿਆ ਹੈ ਤੇ ਬਿਰਛਾਂ ਦੇ ਪੱਤਿਆਂ ਅਤੇ ਘਾਹ ਦੀਆਂ ਨੋਕਾਂ ਉੱਤੇ ਤ੍ਰੇਲ ਅਜੇ ਵੀ ਚਮਕ ਰਹੀ ਹੈ। ਸ਼ਾਂਤ ਘਾਟੀ ਵਿੱਚੋਂ ਲੰਘਣ ਵਾਲ਼ਾ ਰਾਹ ਭੂਰੇ ਰੰਗ ਦਾ ਫ਼ੀਤਾ ਜਾਪ ਰਿਹਾ ਹੈ ਤੇ ਭਾਵੇਂ ਉਹ ਪੱਥਰ ਦਾ ਪੱਕਾ ਰਾਹ ਹੈ, ਫੇਰ ਵੀ ਇੰਜ ਲਗਦਾ ਹੈ ਕਿ ਛੋਹਣ ’ਤੇ ਮਖ਼ਮਲ ਵਰਗਾ ਹੋਵੇਗਾ।

ਰੋੜੀ ਦੇ ਢੇਰ ਕੋਲ਼ ਇੱਕ ਕਾਮਾ ਬੈਠਾ ਹੋਇਆ ਹੈ। ਉਸ ਦਾ ਰੰਗ ਭੌਰੇ ਵਰਗਾ ਕਾਲ਼ਾ ਹੈ। ਉਸ ਦੇ ਚਿਹਰੇ ’ਤੇ ਬਹਾਦਰੀ ਤੇ ਦਇਆ ਦੇ ਭਾਵ ਹਨ ਤੇ ਉਸ ਦੀ ਛਾਤੀ ’ਤੇ ਇੱਕ ਤਮਗਾ ਲਟਕ ਰਿਹਾ ਹੈ।

ਆਪਣੇ ਭੂਰੇ ਹੱਥ ਗੋਡਿਆਂ ਉੱਤੇ ਰੱਖੀ ਉਹ ਇੱਕ ਰਾਹੀ ਵੱਲ ਵੇਖ ਰਿਹਾ ਹੈ, ਜੋ ਸ਼ਾਹ ਬਲੂਤ ਦੇ ਇੱਕ ਬਿਰਛ ਥੱਲੇ ਖਲੋਤਾ ਹੈ।

ਇਹ ਤਮਗਾ , ਉਹ ਕਹਿੰਦਾ ਹੈ, ਮੈਨੂੰ ਸਿੰਪਲਨ ਸੁਰੰਗ ਵਿੱਚ ਕੀਤੇ ਕੰਮ ਲਈ ਮਿਲ਼ਿਆ ਹੈ।

ਉਹ ਛਾਤੀ ’ਤੇ ਲਟਕ ਰਹੀ ਧਾਤ ਦੇ ਉਸ ਸੁਹਣੇ ਟੋਟੇ ਨੂੰ ਵੇਖਦਾ ਹੈ ਤੇ ਉਸ ਦੇ ਚਿਹਰੇ ’ਤੇ ਕੂਲ਼ੀ ਮੁਸਕਰਾਹਟ ਦੌੜ ਜਾਂਦੀ ਹੈ।

ਹਾਂ, ਜਦ ਤਕ ਤੁਸੀਂ ਕੰਮ ਵਿੱਚ ਚਿੱਤ ਨਹੀਂ ਲਾਉਂਦੇ ਤੇ ਉਸ ਨੂੰ ਪਿਆਰ ਕਰਨਾ ਨਹੀਂ ਸਿੱਖਦੇ ਤਦ ਤੱਕ ਹਰ ਕੰਮ ਔਖਾ ਹੈ, ਪਰ ਜਦ ਉਸ ਨਾਲ਼ ਦਿੱਲੀ ਪਿਆਰ ਹੋ ਜਾਂਦਾ ਹੈ ਤਾਂ ਉਹ ਤੁਹਾਨੂੰ ਪ੍ਰੇਰਨਾ ਦਿੰਦਾ ਹੈ ਤੇ ਉਹ ਔਖਾ ਨਹੀਂ ਰਹਿੰਦਾ। ਪਰ, ਵੇਖਿਆ ਜਾਏ ਤਾਂ ਉਹ ਸੌਖਾ ਕੰਮ ਨਹੀਂ ਸੀ।

ਸੂਰਜ ਵੱਲ ਵੇਖ ਕੇ ਉਸ ਨੇ ਮੁਸਕ੍ਰਾਉਂਦਿਆਂ ਆਪਣੇ ਸਿਰ ਨੂੰ ਕੁਝ ਹਿਲਾਇਆ, ਫੇਰ ਚਾਣਚੱਕ ਸੁਚੇਤ ਹੋ ਕੇ ਹੱਥ ਹਿਲਾਇਆ ਤੇ ਉਸ ਵੇਲ਼ੇ ਉਸ ਦੀਆਂ ਕਾਲ਼ੀਆਂ ਅੱਖਾਂ ਚਮਕ ਉਠੀਆਂ।

ਕਦੇ ਕਦੇ ਤਾਂ ਇਹ ਕੰਮ ਡਰਾਉਣਾ ਵੀ ਸੀ। ਧਰਤੀ ਨੂੰ ਵੀ ਜ਼ਰੂਰ ਕੁਝ ਮਹਿਸੂਸ ਹੁੰਦਾ ਹੋਵੇਗਾ, ਕੀ ਖ਼ਿਆਲ ਏ ਤੁਹਾਡਾ? ਪਹਾੜ ਦੀ ਵੱਖੀ ਨੂੰ ਚੀਰ ਕੇ ਜਦ ਅਸੀਂ ਡੂੰਘੀ ਖੋਹ ਬਣਾਈ ਤਦ ਉੱਥੋਂ ਦੀ ਧਰਤੀ ਬੜੇ ਗ਼ੁੱਸੇ ਨਾਲ਼ ਸਾਡੇ ਸਾਹਮਣੇ ਆਈ। ਉਸ ਦਾ ਸਾਹ ਤੱਤਾ ਸੀ। ਸਾਡੇ ਦਿਲ ਬੈਠ ਗਏ, ਸਾਡੇ ਸਿਰ ਬੋਝਲ ਹੋ ਗਏ ਤੇ ਸਾਡੀਆਂ ਹੱਡੀਆਂ ਵਿੱਚ ਪੀੜ ਉੱਠੀ। ਕਈਆਂ ਬੰਦਿਆਂ ਨੇ ਇਹੋ ਮਹਿਸੂਸ ਕੀਤਾ। ਫੇਰ ਧਰਤੀ ਨੇ ਸਾਡੇ ’ਤੇ ਪੱਥਰਾਂ ਦੀ ਵਰਖਾ ਕੀਤੀ ਤੇ ਤੱਤਾ ਪਾਣੀ ਡੋਲ੍ਹਿਆ। ਕਿੰਨਾਂ ਭਿਆਨਕ ਸੀ ਉਹ! ਜਦ ਕਦੇ ਪਾਣੀ ’ਤੇ ਚਾਨਣ ਪੈਂਦਾ, ਉਹ ਲਾਲ ਸੂਹਾ ਦਿਸਦਾ ਤੇ ਤਦ ਮੇਰੇ ਪਿਤਾ ਜੀ ਕਹਿੰਦੇ ਕਿ ਅਸੀਂ ਧਰਤੀ ਨੂੰ ਜਖਮੀ ਕੀਤਾ ਹੈ, ਉਹ ਸਾਨੂੰ ਸਾਰਿਆਂ ਨੂੰ ਆਪਣੇ ਲਹੂ ਵਿੱਚ ਡੁਬੋ ਦਏਗੀ, ਆਪਣੇ ਲਹੂ ਨਾਲ਼ ਲੂਹ ਸੁੱਟੇਗੀ! ਹਾਂ, ਇਹ ਸੀ ਤਾਂ ਨਿਰੀ ਕਲਪਨਾ, ਪਰ ਧਰਤੀ ਦੇ ਗਰਭ ਵਿੱਚ, ਜਿੱਥੇ ਕਿ ਗਲ਼-ਘੋਟੂ ਹਨੇਰਾ ਪਸਰਿਆ ਹੋਇਆ ਹੋਵੇ, ਪਾਣੀ ਜਿਵੇਂ ਰੋਂਦਾ ਹੋਇਆ ਰਿਸ ਰਿਹਾ ਹੋਵੇ ਤੇ ਪੱਥਰ ’ਤੇ ਲੋਹੇ ਦੇ ਰਗੜੇ ਜਾਣ ਦੀ ਅਵਾਜ਼ ਆ ਰਹੀ ਹੋਵੇ, ਹਰ ਗੱਲ ਸੰਭਵ ਲਗਦੀ ਹੈ। ਉੱਥੇ ਹਰ ਚੀਜ਼ ਬੜੀ ਅਜੀਬ ਸੀ। ਜਿਸ ਪਹਾੜ ਦੀਆਂ ਆਂਦਰਾਂ ਵਿੱਚ ਅਸੀਂ ਛੇਕ ਪਾ ਰਹੇ ਸਾਂ, ਅਸਮਾਨ ਨੂੰ ਛੋਹਣ ਵਾਲ਼ੇ ਉਸ ਪਹਾੜ ਦੇ ਸਾਹਮਣੇ ਅਸੀਂ ਕਿੰਨੇ ਕਮਜ਼ੋਰ ਦਿਸ ਰਹੇ ਸਾਂ। ਜੇ ਤੁਸੀਂ ਉਸ ਨੂੰ ਵੇਖਿਆ ਹੁੰਦਾ ਤਾਂ ਤੁਸੀਂ ਮੇਰੀ ਗੱਲ ਸਮਝ ਜਾਂਦੇ ਕਿ ਅਸੀਂ ਸਧਾਰਨ ਜਿਹੇ ਬੰਦਿਆਂ ਨੇ ਉਸ ਪਹਾੜ ਦੀ ਵੱਖੀ ਵਿੱਚ ਕਿੱਡਾ ਵੱਡਾ ਛੇਕ ਪਾਇਆ ਸੀ। ਸਵੇਰ ਵੇਲ਼ੇ ਜਦ ਅਸੀਂ ਥੱਲੇ ਉੱਤਰ ਕੇ ਧਰਤੀ ਦੀਆਂ ਆਂਦਰਾਂ ਵਿੱਚ ਖੋਹ ਬਣਾਉਣ ਲਗਦੇ ਤਾਂ ਸੂਰਜ ਕਿਹੋ ਜਿਹੀ ਉਦਾਸ ਨਜ਼ਰ ਨਾਲ ਸਾਨੂੰ ਵੇਖਦਾ! ਕਿਤੇ ਤੁਸੀਂ ਵੇਖੀਆਂ ਹੁੰਦੀਆਂ ਉਹ ਮਸ਼ੀਨਾਂ, ਉਹ ਉਦਾਸ ਚਿਹਰੇ ਵਾਲ਼ਾ ਪਹਾੜ ਅਤੇ ਕਿਸੇ ਪਾਗਲ ਆਦਮੀ ਦੇ ਹਾਸੇ ਵਰਗੀਆਂ ਉਹ ਅਵਾਜ਼ਾਂ ਸੁਣੀਆਂ ਹੁੰਦੀਆਂ ਜੋ ਧਰਤੀ ਦੇ ਥੱਲੇ ਉੱਚੀ ਗੜਗੜਾਹਟ ਤੇ ਧਰਤੀ ਦੇ ਪਾਟਣ ਸਦਕਾ ਪੈਦਾ ਹੁੰਦੀਆਂ!

ਉਸ ਨੇ ਆਪਣੇ ਹੱਥਾਂ ਨੂੰ ਵੇਖਿਆ, ਨੀਲੇ ਲਿਬਾਸ ’ਤੇ ਲਟਕ ਰਹੇ ਤਮਗ਼ੇ ਨੂੰ ਠੀਕ ਕੀਤਾ ਤੇ ਹੌਲ਼ੀ ਜਿਹੀ ਇੱਕ ਹਉਂਕਾ ਲਿਆ।

ਆਦਮੀ ਜਾਣਦੇ ਹਨ ਕਿ ਕੰਮ ਕਿਵੇਂ ਕਰਨਾ ਚਾਹੀਦਾ ਹੈ। ਉਸ ਨੇ ਮਾਣ ਨਾਲ ਗੱਲ ਅੱਗੇ ਤੋਰੀ। ਆਦਮੀ ਭਾਵੇਂ ਛੋਟਾ ਹੀ ਹੋਵੇ, ਪਰ ਜਦ ਉਹ ਕੰਮ ਕਰਨਾ ਚਾਹੁੰਦਾ ਹੈ ਤਾਂ ਉਹ ਇੱਕ ਕਦੇ ਨਾ ਹਾਰਨ ਵਾਲ਼ੀ ਤਾਕਤ ਬਣ ਜਾਂਦਾ ਹੈ ਤੇ ਯਕੀਨ ਜਾਣੋ ਕਿ ਸਧਾਰਨ ਹੋਣ ’ਤੇ ਵੀ ਬੰਦਾ ਜੋ ਵੀ ਚਾਹੁੰਦਾ ਹੈ, ਕਰ ਸਕਦਾ ਹੈ। ਮੇਰੇ ਪਿਤਾ ਜੀ ਪਹਿਲਾਂ ਇਹ ਨਹੀਂ ਸਨ ਮੰਨਦੇ ਹੁੰਦੇ।

ਉਹ ਕਿਹਾ ਕਰਦੇ ਸਨ ਕਿ ਪਹਾੜ ਨੂੰ ਚੀਰ ਕੇ ਇੱਕ ਮੁਲਕ ਤੋਂ ਦੂਜੇ ਮੁਲਕ ਵਿੱਚ ਜਾਣਾ ਰੱਬ ਦੇ ਉਲਟ ਕੰਮ ਕਰਨਾ ਹੈ ਕਿਉਂਕਿ ਰੱਬ ਨੇ ਪਹਾੜਾਂ ਦੀਆਂ ਕੰਧਾਂ ਨਾਲ਼ ਧਰਤੀ ਨੂੰ ਵੰਡਿਆ ਹੈ। ਵੇਖਣਾ, ਦੇਵੀ ਮੱਦੋਨਾ ਸਾਡੇ ’ਤੇ ਨਰਾਜ਼ ਹੋਵੇਗੀ। ਪਿਤਾ ਜੀ ਦੀ ਇਹ ਗੱਲ ਸਹੀ ਨਹੀਂ ਸੀ, ਕਿਉਂਕਿ ਮੱਦੋਨਾ ਉਨ੍ਹਾਂ ’ਤੇ ਕਦੇ ਨਰਾਜ਼ ਨਹੀਂ ਹੁੰਦੀ ਜੋ ਉਸ ਨੂੰ ਪਿਆਰ ਕਰਦੇ ਹਨ। ਮਗਰੋਂ ਪਿਤਾ ਜੀ ਵੀ ਲਗਭਗ ਉਹੀ ਸੋਚਣ ਲੱਗੇ ਜੋ ਮੈਂ ਸੋਚਦਾ ਸਾਂ, ਕਿਉਂਕਿ ਉਨ੍ਹਾਂ ਨੇ ਆਪਣੇ ਆਪ ਨੂੰ ਪਹਾੜ ਨਾਲੋਂ ਵੀ ਵੱਡਾ ਤੇ ਤਗੜਾ ਮਹਿਸੂਸ ਕੀਤਾ, ਪਰ ਅਜਿਹੇ ਮੌਕੇ ਵੀ ਆਉਂਦੇ ਸਨ ਜਦ ਕਿਸੇ ਤਿਉਹਾਰ ਦੇ ਦਿਨ ਆਪਣੇ ਸਾਹਮਣੇ ਮੇਜ਼ ’ਤੇ ਸ਼ਰਾਬ ਦੀ ਬੋਤਲ ਰੱਖੀ ਉਹ ਮੈਨੂੰ ਤੇ ਦੂਜੇ ਲੋਕਾਂ ਨੂੰ ਭਾਸ਼ਣ ਸੁਣਾਉਂਦੇ। ‘ਪਰਮਾਤਮਾ ਦੇ ਬੱਚਿਓ’, ਇਹ ਪਿਤਾ ਜੀ ਦਾ ਇੱਕ ਖ਼ਾਸ ਮਨਪਸੰਦ ਸੰਬੋਧਨ ਸੀ ਕਿਉਂਕਿ ਉਹ ਇੱਕ ਚੰਗੇ ਧਾਰਮਕ ਆਦਮੀ ਸਨ। ਉਹ ਕਹਿਣਾ ਸ਼ੁਰੂ ਕਰਦੇ, ‘ਪਰਮਾਤਮਾ ਦੇ ਬੱਚਿਓ, ਤੁਸੀਂ ਇਸ ਤਰ੍ਹਾਂ ਧਰਤੀ ਦਾ ਮੁਕਾਬਲਾ ਨਹੀਂ ਕਰ ਸਕਦੇ। ਆਪਣੇ ਜ਼ਖ਼ਮਾਂ ਦਾ ਉਹ ਜ਼ਰੂਰ ਬਦਲਾ ਲਏਗੀ ਤੇ ਕਦੇ ਜਿੱਤੀ ਨਹੀਂ ਜਾਏਗੀ! ਤੁਹਾਨੂੰ ਪਤਾ ਲੱਗੇਗਾ ਕਿ ਅਸੀਂ ਪਹਾੜ ਦੇ ਦਿਲ ਤੱਕ ਖੋਹਾਂ ਜ਼ਰੂਰ ਬਣਾਵਾਂਗੇ, ਪਰ ਜਿਵੇਂ ਹੀ ਉਸ ਨੂੰ ਛੋਹਾਂਗੇ, ਅਸੀਂ ਅੱਗ ਦੀਆਂ ਲਾਟਾਂ ਵਿੱਚ ਸੁੱਟ ਦਿਤੇ ਜਾਵਾਂਗੇ ਕਿਉਂਕਿ ਧਰਤੀ ਦਾ ਦਿਲ ਅੱਗ ਹੈ, ਹਰ ਕੋਈ ਇਹ ਜਾਣਦਾ ਹੈ! ਧਰਤੀ ’ਤੇ ਹਲ਼ ਵਾਹੁਣਾ ਹੋਰ ਗੱਲ ਹੈ, ਕੁਦਰਤ ਦੀਆਂ ਜੰਮਣ-ਪੀੜਾਂ ਵਿੱਚ ਸਹਾਈ ਹੋਣਾ ਮਨੁੱਖ ਦਾ ਫ਼ਰਜ਼ ਹੈ, ਪਰ ਉਸ ਦੇ ਚਿਹਰੇ ਨੂੰ ਜਾਂ ਉਸ ਦੇ ਸਰੀਰ ਨੂੰ ਖਰਾਬ ਕਰਨਾ— ਨਹੀਂ, ਇਹ ਅਸੀਂ ਨਹੀਂ ਕਰ ਸਕਦੇ। ਵੇਖੋ, ਅਸੀਂ ਜਿਉਂ-ਜਿਉਂ ਪਹਾੜ ਨੂੰ ਪੁੱਟ ਕੇ ਅੰਦਰ ਜਾਂਦੇ ਹਾਂ, ਹਵਾ ਵਧੇਰੇ ਤੱਤੀ ਹੁੰਦੀ ਜਾਂਦੀ ਹੈ ਤੇ ਸਾਹ ਲੈਣਾ ਔਖਾ ਹੋ ਰਿਹਾ ਹੈ।

ਮੁੱਛਾਂ ਨੂੰ ਮਰੋੜਦਾ ਹੋਇਆ ਉਹ ਆਦਮੀ ਹੌਲ਼ੀ ਜਿਹੀ ਹੱਸਿਆ।

‘ਇੰਜ ਸੋਚਣ ਵਾਲ਼ੇ ’ਕੱਲੇ ਓਹੀ ਨਹੀਂ ਸਨ ਤੇ ਇਹ ਸੱਚ ਵੀ ਸੀ- ਜਿਵੇਂ ਜਿਵੇਂ ਅਸੀਂ ਅੱਗੇ ਵਧ ਰਹੇ ਸਾਂ, ਹਵਾ ਤੱਤੀ ਹੁੰਦੀ ਜਾ ਰਹੀ ਸੀ, ਅਸੀਂ ਵਧੇਰੇ ਬਿਮਾਰ ਹੁੰਦੇ ਗਏ ਤੇ ਮੌਤ ਦਾ ਸ਼ਿਕਾਰ ਬਣਦੇ ਗਏ। ਤੱਤੇ ਪਾਣੀ ਦੇ ਚਸ਼ਮੇ ਤਿੱਖੇ ਵਹਿਣਾਂ ਵਿੱਚ ਵਗਣ ਲੱਗੇ, ਧਰਤੀ ਵਿੱਚ ਤ੍ਰੇੜਾਂ ਪਾਟੀਆਂ ਤੇ ਸਾਡੇ ਦੋ ਸਾਥੀ ਜੋ ਲਗਾਨੋ ਤੋਂ ਆਏ ਸਨ, ਪਾਗਲ ਹੋ ਗਏ। ਰਾਤ ਵੇਲ਼ੇ ਬੈਰਕਾਂ ਵਿੱਚ ਕਈ ਆਦਮੀ ਨੀਂਦ ਵਿੱਚ ਬੁੜਬੁੜਾਉਂਦੇ ਹੋਏ ਉੱਠਦੇ ਤੇ ਭੈਭੀਤ ਹੋਏ ਆਪਣੇ ਮੰਜਿਆਂ ਤੋਂ ਛਾਲ਼ਾਂ ਮਾਰ ਦਿੰਦੇ..

‘ਮੈਂ ਠੀਕ ਆਖ ਰਿਹਾ ਸਾਂ ਨਾ?’ ਪਿਤਾ ਜੀ ਨੇ ਕਿਹਾ। ਉਨ੍ਹਾਂ ਦੀਆਂ ਅੱਖਾਂ ਵਿੱਚ ਡਰ ਸੀ ਤੇ ਉਨ੍ਹਾਂ ਦੀ ਖੰਘ ਵਧ ਰਹੀ ਸੀ, ‘ਮੈਂ ਠੀਕ ਆਖ ਰਿਹਾ ਸਾਂ ਨਾ?’ ਉਨ੍ਹਾਂ ਨੇ ਫੇਰ ਕਿਹਾ। ‘ਤੁਸੀਂ ਕੁਦਰਤ ਨੂੰ ਹਰਾ ਨਹੀਂ ਸਕਦੇ!’

ਤੇ ਅਖ਼ੀਰ ਉਹ ਬਿਮਾਰ ਪਏ ਤਾਂ ਫੇਰ ਰਾਜ਼ੀ ਨਾ ਹੋਏ। ਉਹ ਬ੍ਰਿਧ ਸਨ, ਪਰ ਤਗੜੇ ਸਨ ਤੇ ਉਨ੍ਹਾਂ ਨੇ ਜ਼ਿੱਦ ਨਾਲ਼, ਬਿਨਾਂ ਕਿਸੇ ਸ਼ਿਕਾਇਤ ਦੇ, ਤਿੰਨ ਹਫ਼ਤਿਆਂ ਤੋਂ ਵੀ ਵੱਧ ਸਮੇਂ ਤੱਕ ਮੌਤ ਦਾ ਮੁਕਾਬਲਾ ਕੀਤਾ— ਉਸ ਆਦਮੀ ਵਾਂਗ ਜੋ ਆਪਣਾ ਮੁੱਲ ਜਾਣਦਾ ਹੋਵੇ।

‘ਮੇਰਾ ਕੰਮ ਖ਼ਤਮ ਹੋਇਆ ਪਾਓਲੋ’, ਇੱਕ ਰਾਤ ਪਿਤਾ ਜੀ ਨੇ ਮੈਨੂੰ ਕਿਹਾ। ‘ਸੰਭਲ਼ ਕੇ ਕੰਮ ਕਰੀਂ ਤੇ ਘਰ ਚਲਾ ਜਾਵੀਂ। ਮੱਦੋਨਾ ਤੈਨੂੰ ਸੁਖੀ ਰੱਖੇ’ ਤਦ ਉਹ ਕਿੰਨਾਂ ਚਿਰ ਚੁੱਪ ਰਹੇ। ਉਨ੍ਹਾਂ ਦੀਆਂ ਅੱਖਾਂ ਬੰਦ ਸਨ ਤੇ ਸਾਹ ਔਖਾ ਆ ਰਿਹਾ ਸੀ।

ਉਹ ਆਦਮੀ ਉੱਠ ਖਲੋਤਾ। ਉਸ ਨੇ ਪਹਾੜ ਵੱਲ ਵੇਖਿਆ ਤੇ ਆਕੜ ਭੰਨੀ ਜਿਸ ਨਾਲ਼ ਉਸ ਦੀਆਂ ਨਾੜਾਂ ਚਟਕ ਪਈਆਂ।

ਤਦ ਪਿਤਾ ਜੀ ਨੇ ਮੇਰਾ ਹੱਥ ਆਪਣੇ ਹੱਥ ਵਿੱਚ ਲਿਆ ਤੇ ਮੈਨੂੰ ਆਪਣੇ ਕੋਲ਼ ਖਿੱਚ ਕੇ ਕਿਹਾ—‘ਇਹ ਰੱਬੀ ਸੱਚਾਈ ਹੈ!’ ਹਾਂ, ਉਨ੍ਹਾਂ ਕਿਹਾ, ‘ਜਾਣਦਾ ਏਂ ਪੁੱਤਰ ਪਾਓਲੋ, ਮੈਂ ਮੰਨਦਾ ਹਾਂ ਕਿ ਇਹ ਇੰਝ ਹੀ ਹੋਵੇਗਾ- ਅਸੀਂ ਅਤੇ ਦੂਜੇ ਪਾਸਿਉਂ ਪੁੱਟਣ ਵਾਲ਼ੇ ਲੋਕ ਪਹਾੜ ਦੇ ਵਿਚਕਾਰ ਇੱਕ ਦੂਜੇ ਨੂੰ ਮਿਲ਼ਾਂਗੇ, ਹਾਂ ਜ਼ਰੂਰ ਮਿਲ਼ਾਂਗੇ ਅਸੀਂ, ਤੂੰ ਮੰਨਦਾ ਏਂ ਪੁੱਤਰ ਪਾਓਲੋ?’ ਹਾਂ ਮੈਂ ਮੰਨਦਾ ਸਾਂ। ‘ਠੀਕ ਏ ਪੁੱਤਰ! ਮਨੁੱਖ ਨੂੰ ਆਪਣੇ ਕੰਮ ਵਿੱਚ ਸਦਾ ਭਰੋਸਾ ਰੱਖਣਾ ਚਾਹੀਦੈ, ਆਪਣੀ ਸਫ਼ਲਤਾ ਵਿੱਚ ਯਕੀਨ ਹੋਣਾ ਚਾਹੀਦੈ ਤੇ ਉਸ ਰੱਬ ਲਈ ਸ਼ਰਧਾ ਹੋਣੀ ਚਾਹੀਦੀ ਏ, ਜੋ ਮੱਦੋਨਾ ਦੀ ਕਿਰਪਾ ਸਦਕਾ ਚੰਗੇ ਕੰਮਾਂ ਵਿੱਚ ਸਹਾਇਕ ਹੁੰਦਾ ਹੈ। ਪੁੱਤਰ, ਮੈਂ ਬੇਨਤੀ ਕਰਦਾ ਹਾਂ ਕਿ ਜੇ ਇਹ ਹੋ ਜਾਏ, ਪਹਾੜ ਦੇ ਵਿਚਕਾਰ ਲੋਕਾਂ ਦਾ ਮੇਲ਼ ਹੋ ਜਾਏ ਤਾਂ ਮੇਰੀ ਕਬਰ ’ਤੇ ਆਵੀਂ ਤੇ ਕਹੀਂ—ਪਿਤਾ ਜੀ, ਉਹ ਹੋ ਗਿਆ! ਤਦ ਮੈਂ ਜਾਣ ਜਾਵਾਂਗਾ!

ਇਹ ਬੜਾ ਚੰਗਾ ਹੋਇਆ ਤੇ ਮੈਂ ਪਿਤਾ ਜੀ ਨੂੰ ਯਕੀਨ ਦਵਾਇਆ। ਪੰਜਾਂ ਦਿਨਾਂ ਮਗਰੋਂ ਪਿਤਾ ਜੀ ਸੁਰਗਵਾਸ ਹੋ ਗਏ। ਮਰਨ ਤੋਂ ਦੋ ਦਿਨ ਪਹਿਲਾਂ ਉਨ੍ਹਾਂ ਨੇ ਮੈਨੂੰ ਤੇ ਸਾਡੇ ਹੋਰਨਾਂ ਸਾਥੀਆਂ ਨੂੰ ਕਿਹਾ ਸੀ ਕਿ ਉਨ੍ਹਾਂ ਨੂੰ ਸੁਰੰਗ ਦੇ ਅੰਦਰ ਉੱਥੇ ਹੀ ਦੱਬਿਆ ਜਾਏ ਜਿੱਥੇ ਉਨ੍ਹਾਂ ਕੰਮ ਕੀਤਾ ਸੀ। ਉਨ੍ਹਾਂ ਨੇ ਸਾਨੂੰ ਇੰਜ ਕਰਨ ਦੀ ਬੇਨਤੀ ਹੀ ਕੀਤੀ, ਪਰ ਮੈਂ ਮੰਨਦਾ ਹਾਂ ਕਿ ਉਹ ਜਿਵੇਂ ਸੁਪਨੇ ਵਿੱਚ ਬੋਲ ਰਹੇ ਸਨ।

ਅਸੀਂ ਅਤੇ ਦੂਜੇ ਪਾਸਿਓਂ ਸਾਡੇ ਵੱਲ ਵਧਣ ਵਾਲ਼ੇ ਲੋਕ ਮੇਰੇ ਪਿਤਾ ਜੀ ਦੇ ਸੁਰਗਵਾਸ ਹੋਣ ਦੇ ਤੇਰਾਂ ਹਫ਼ਤਿਆਂ ਮਗਰੋਂ ਪਹਾੜ ਵਿਚਕਾਰ ਇੱਕ ਦੂਜੇ ਨਾਲ਼ ਮਿਲ਼ੇ। ਉਹ! ਉਸ ਦਿਨ ਅਸੀਂ ਜਿਵੇਂ ਪਾਗਲ ਹੋ ਗਏ ਸਾਂ ਜਦ ਅਸੀਂ ਧਰਤੀ ਦੇ ਹਨੇਰ ਗਰਭ ਵਿੱਚ ਦੂਜੇ ਪਾਸਿਓਂ ਆਉਣ ਵਾਲ਼ੇ ਲੋਕਾਂ ਦੇ ਕੰਮ ਦੀ ਅਵਾਜ਼ ਸੁਣੀ। ਰਤਾ ਸੋਚੋ ਖ਼ਾਂ, ਅਸੀਂ ਉਸੇ ਵੇਲ਼ੇ ਧਰਤੀ ਦੇ ਅਜਿਹੇ ਵੱਡੇ ਭਾਰ ਥੱਲੇ ਸਾਂ ਕਿ ਜੇ ਉਹ ਚਾਹੁੰਦੀ ਤਾਂ ਇੱਕੋ ਸੱਟ ਨਾਲ਼ ਸਾਨੂੰ ਸਾਰਿਆਂ ਸਧਾਰਨ ਜਿਹੇ ਬੰਦਿਆਂ ਨੂੰ ਫੇਹ ਸੁੱਟਦੀ।

ਕਈਆਂ ਦਿਨਾਂ ਤੀਕ ਅਸੀਂ ਇਹ ’ਵਾਜ ਸੁਣਦੇ ਰਹੇ। ਹਲਕੀਆਂ ਜਿਹੀਆਂ ’ਵਾਜਾਂ ਦਿਨੋਂ-ਦਿਨ ਵਧੇਰੇ ਉੱਚੀਆਂ ਤੇ ਸਾਫ਼ ਹੋ ਰਹੀਆਂ ਸਨ ਤੇ ਸਾਡੇ ਉੱਤੇ ਜੇਤੂਆਂ ਵਾਲ਼ਾ ਨਸ਼ਾ ਛਾਇਆ ਹੋਇਆ ਸੀ। ਅਸੀਂ ਰਾਕਸ਼ਾਂ ਵਾਂਗ, ਭੂਤਾਂ ਵਾਂਗ ਕੰਮ ਕਰਦੇ ਰਹੇ ਤੇ ਸਾਨੂੰ ਰਤਾ ਵੀ ਥਕੇਵਾਂ ਪ੍ਰਤੀਤ ਨਾ ਹੋਇਆ, ਨਾ ਹੀ ਕਿਸੇ ਦੇ ਹੁਕਮ ਦੀ ਲੋੜ ਪਈ। ਕਿੰਨਾਂ ਸਵਾਦ ਆ ਰਿਹਾ ਸੀ। ਯਕੀਨ ਮੰਨੋ, ਸਾਨੂੰ ਉਸ ਵੇਲ਼ੇ ਲੱਗ ਰਿਹਾ ਸੀ ਕਿ ਅਸੀਂ ਇੱਕ ਬੜੇ ਸੁਹਣੇ ਦਿਨ ਦਿਹਾਰ ’ਤੇ ਨੱਚ ਰਹੇ ਹਾਂ ਤੇ ਅਸੀਂ ਸਾਰੇ ਬਾਲਾਂ ਵਾਂਗ ਨਰਮ ਦਿਲ ਤੇ ਮਾਸੂਮ ਬਣ ਗਏ। ਕਿਤੇ ਤੁਸੀਂ ਜਾਣ ਸਕੋ ਕਿ ਮਹੀਨਿਆਂ ਬੱਧੀ ਜਿੱਥੇ ਅਸੀਂ ਛਛੂੰਦਰ ਵਾਂਗ ਅਣਥੱਕ ਮਿਹਨਤ ਨਾਲ਼ ਖੋਹਾ ਬਣਾ ਰਹੇ ਸਾਂ ਉੱਥੇ ਧਰਤੀ ਦੇ ਹਨੇਰੇ ਗਰਭ ਵਿੱਚ ਦੂਜੇ ਲੋਕਾਂ ਨੂੰ ਮਿਲਣ ਦੀ ਕਿੱਡੀ ਵੱਡੀ ਤਾਂਘ ਰਹੀ ਹੋਵੇਗੀ।

ਇਨ੍ਹਾਂ ਯਾਦਾਂ ਸਦਕਾ ਉਸ ਆਦਮੀ ਦਾ ਚਿਹਰਾ ਜੋਸ਼ ਨਾਲ ਭਖ ਉੱਠਿਆ। ਉਹ ਕੋਲ਼ ਆਇਆ ਤੇ ਆਪਣੀਆਂ ਗੰਭੀਰ ਮਨੁੱਖੀ ਅੱਖਾਂ ਨਾਲ਼ ਉਸ ਆਦਮੀ ਦੀਆਂ ਅੱਖਾਂ ਵਿੱਚ ਵੇਖਦਿਆਂ ਉਸ ਨੇ ਨਰਮ ਤੇ ਖ਼ੁਸ਼ੀ ਭਰੀ ਅਵਾਜ਼ ਵਿੱਚ ਗੱਲ ਅੱਗੇ ਤੋਰੀ—

ਸਾਡੇ ਵਿਚਕਾਰ ਜੋ ਮਿੱਟੀ ਦੀ ਅੰਤਲੀ ਤਹਿ ਸੀ, ਉਹ ਡਿੱਗ ਪਈ, ਸੁਰੰਗ ਦਾ ਹੁਣੇ-ਹੁਣੇ ਖੁੱਲ੍ਹਿਆ ਹਿੱਸਾ ਮਸ਼ਾਲ ਦੇ ਤਿੱਖੇ ਪੀਲ਼ੇ ਚਾਨਣ ਨਾਲ਼ ਜਗਮਗਾ ਉੱਠਿਆ ਤੇ ਉਸ ਪਾਸੇ ਸਾਨੂੰ ਇੱਕ ਕਾਲ਼ਾ ਚਿਹਰਾ ਵਿਖਾਈ ਦਿੱਤਾ ਜਿਸ ’ਤੇ ਖ਼ੁਸ਼ੀ ਦੇ ਹੰਝੂ ਚਮਕ ਰਹੇ ਸਨ। ਇਸ ਚਿਹਰੇ ਦੇ ਪਿਛੇ ਕਈ ਹੋਰ ਮਸ਼ਾਲਾਂ ਤੇ ਚਿਹਰੇ ਦਿਸੇ। ਇੱਕ-ਵਾਰਗੀ ਜਿੱਤ ਦੀਆਂ ਅਵਾਜ਼ਾਂ ਗੂੰਜੀਆਂ, ਖੁਸ਼ੀ ਭਰਿਆ ਰੌਲ਼ਾ ਪਿਆ। ਮੇਰੀ ਜ਼ਿੰਦਗੀ ਦਾ ਉਹ ਸਭ ਤੋਂ ਵੱਧ ਖ਼ੁਸ਼ੀ ਭਰਿਆ ਦਿਨ ਸੀ ਤੇ ਜਦ ਮੈਨੂੰ ਉਹ ਦਿਨ ਯਾਦ ਆਉਂਦਾਹੈ ਤਾਂ ਮੈਂ ਮਹਿਸੂਸ ਕਰਦਾ ਹਾਂ ਕਿ ਮੇਰੀ ਜ਼ਿੰਦਗੀ ਬੇਅਰਥ ਨਹੀਂ ਗਈ। ਮੈਂ ਤੁਹਾਨੂੰ ਦੱਸਦਾ ਹਾਂ, ਇਸ ਦਾ ਕਾਰਨ ਸੀ ਮੇਰਾ ਕੰਮ, ਮੇਰਾ ਪਵਿੱਤਰ ਕੰਮ! ਜਦ ਅਸੀਂ ਧਰਤੀ ਦੇ ਗਰਭ ’ਚੋਂ ਫੇਰ ਉੱਪਰ, ਸੂਰਜ ਦੇ ਚਾਨਣ ਵਿੱਚ ਆਏ ਤਾਂ ਸਾਡੇ ਵਿੱਚੋਂ ਕਈਆਂ ਨੇ ਧਰਤੀ ’ਤੇ ਡਿੱਗ ਕੇ ਰੋਂਦਿਆਂ ਆਪਣੇ ਬੁੱਲ੍ਹਾਂ ਨਾਲ਼ ਉਸ ਨੂੰ ਚੁੰਮ ਲਿਆ। ਇਹ ਸਭ ਪਰੀ-ਕਹਾਣੀ ਵਾਂਗ ਅਲੋਕਾਰ ਸੀ। ਹਾਂ, ਉਸ ਜਿੱਤੇ ਹੋਏ ਪਹਾੜ ਨੂੰ ਚੁੰਮਿਆਂ, ਧਰਤੀ ਨੂੰ ਚੁੰਮਿਆ ਤੇ ਉਸ ਦਿਨ ਮੈਂ ਆਪਣੇ ਆਪ ਨੂੰ ਧਰਤੀ ਦੇ ਵਧੇਰੇ ਨੇੜੇ ਪ੍ਰਤੀਤ ਕੀਤਾ, ਮੈਂ ਉਸ ਨੂੰ ਪਿਆਰ ਕੀਤਾ, ਉਸੇ ਤਰ੍ਹਾਂ ਜਿਵੇਂ ਆਦਮੀ ਤੀਵੀਂ ਨੂੰ ਪਿਆਰ ਕਰਦਾ ਹੈ!

ਤੇ ਮੈਂ ਆਪਣੇ ਪਿਤਾ ਜੀ ਦੀ ਕਬਰ ’ਤੇ ਗਿਆ। ਮੈਨੂੰ ਪਤਾ ਸੀ ਕਿ ਮੋਏ ਹੋਏ ਆਦਮੀ ਕੁਝ ਸੁਣ ਨਹੀਂ ਸਕਦੇ, ਫੇਰ ਵੀ ਮੈਂ ਉੱਥੇ ਗਿਆ ਕਿਉਂਕਿ ਸਾਨੂੰ ਉਨ੍ਹਾਂ ਲੋਕਾਂ ਦੀਆਂ ਖ਼ਾਹਸ਼ਾਂ ਦਾ ਸਤਿਕਾਰ ਕਰਨਾ ਚਾਹੀਦਾ ਹੈ ਜਿਨ੍ਹਾਂ ਨੇ ਸਾਡੇ ਲਈ ਮਿਹਨਤ ਕੀਤੀ ਤੇ ਸਾਡੇ ਵਾਂਗ ਹੀ ਦੁੱਖ ਝੱਲੇ। ਕੀ ਠੀਕ ਏ ਨਾ?

ਹਾਂ, ਮੈਂ ਪਿਤਾ ਜੀ ਦੀ ਕਬਰ ’ਤੇ ਗਿਆ, ਧਰਤੀ ’ਤੇ ਮੈਂ ਆਪਣੇ ਪੈਰ ਨਾਲ਼ ਦਸਤਕ ਦਿੱਤੀ ਤੇ ਉਹੀ ਲਫ਼ਜ਼ ਦੁਹਰਾਏ ਜੋ ਪਿਤਾ ਜੀ ਮੈਨੂੰ ਕਹਿ ਗਏ ਸਨ—

ਪਿਤਾ ਜੀ, ਉਹ ਹੋ ਗਿਆ, ‘ਮੈਂ ਕਿਹਾ। ‘ਅਸੀਂ ਆਦਮੀ ਜਿੱਤ ਗਏ ਹਾਂ। ਉਹ ਹੋ ਗਿਆ, ਪਿਤਾ ਜੀ!

ਤਿੱਬਤੀ ਲੋਕ ਕਥਾ

# ਡੱਡੂ ਅਤੇ ਕਾਂ



ਇੱਕ ਵਾਰ ਇੱਕ ਕਾਂ ਨੇ ਇੱਕ ਚੰਗਾ ਪਲ਼ਿਆ ਹੋਇਆ ਡੱਡੂ ਫੜ ਲਿਆ, ਅਤੇ ਜਦੋਂ ਉਹ ਆਰਾਮ ਨਾਲ ਖਾਣ ਲਈ ਆਪਣੀ ਚੁੰਜ ਵਿੱਚ ਲੈ ਕੇ ਗੁਆਂਢ ਦੇ ਇੱਕ ਘਰ ਦੀ ਛੱਤ ’ਤੇ ਬੈਠਣ ਲੱਗਿਆ, ਤਾਂ ਡੱਡੂ ਨੇ ਹਲਕੀ ਜਿਹੀ ਹੀ ਹੀ ਦੀ ਆਵਾਜ਼ ਕੱਢੀ।

ਡੱਡੂ ਭਰਾਵਾ, ਹੱਸਣ ਵਾਲੀ ਭਲਾ ਕਿਹੜੀ ਗੱਲ ਹੈ? ਕਾਂ ਨੇ ਪੁੱਛਿਆ।

ਕੁਝ ਨਹੀਂ, ਭਰਾਵਾ, ਡੱਡੂ ਨੇ ਕਿਹਾ। ਮੇਰੀ ਪਰਵਾਹ ਨਾ ਕਰ। ਮੈਂ ਤਾਂ ਮਨ ਅੰਦਰ ਸੋਚ ਰਿਹਾ ਸੀ ਕਿ ਖ਼ੁਸ਼ਕਿਸਮਤੀ ਨਾਲ਼ ਮੇਰਾ ਬਾਪ ਇਸੇ ਛੱਤ ’ਤੇ ਰਹਿੰਦਾ ਹੈ, ਅਤੇ ਉਹ ਬਹੁਤ ਜ਼ਾਲਮ ਤੇ ਤਾਕਤਵਰ ਹੈ,... ਜੇ ਕੋਈ ਮੈਨੂੰ ਹਾਨੀ ਪਹੁੰਚਾਏਗਾ, ਉਹ ਜ਼ਰੂਰ ਮੇਰੀ ਮੌਤ ਦਾ ਬਦਲਾ ਲਵੇਗਾ।

ਕਾਂ ਨੂੰ ਇਹ ਗੱਲ ਬੁਰੀ ਲੱਗੀ, ਪਰ ਇਹ ਸੋਚ ਕੇ ਕਿ ਸਾਵਧਾਨੀ ਚੰਗੀ ਹੁੰਦੀ ਹੈ ਉਹ ਛੱਤ ਦੇ ਦੂਸਰੇ ਕੋਨੇ ਲੱਗੇ ਟੀਨ ਦੇ ਪਰਨਾਲੇ ਦੇ ਹੱਟਵੇਂ ਸਿਰੇ ’ਤੇ ਜਾ ਬੈਠਿਆ। ਉਹ ਝੱਟ ਕੁ ਰੁਕਿਆ ਤੇ ਡੱਡੂ ਨੂੰ ਨਿਗਲਣ ਲਈ ਅਜੇ ਤਿਆਰ ਹੀ ਹੋਇਆ ਸੀ ਕਿ ਡੱਡੂ ਨੇ ਵਾਰ ਫੇਰ ਹੀ ਹੀ ਦੀ ਆਵਾਜ਼ ਕੱਢੀ।

ਭਰਾਵਾ, ਹੁਣ ਤੂੰ ਕਿਉਂ ਹੱਸ ਰਿਹਾ ਹੈਂ? ਕਾਂ ਨੇ ਪੁੱਛਿਆ।

ਭਰਾ ਮੇਰੇ ਪਰੇਸ਼ਾਨ ਨਾ ਹੋ। ਕੁਝ ਖ਼ਾਸ ਨਹੀਂ, ਐਵੇਂ ਨਿੱਕੀ ਜਿਹੀ ਗੱਲ ਹੈ, ਡੱਡੂ ਨੇ ਜਵਾਬ ਦਿੱਤਾ। ਮੇਰਾ ਚਾਚਾ, ਜੋ ਮੇਰੇ ਪਿਤਾ ਨਾਲੋਂ ਵੀ ਮਜ਼ਬੂਤ ਤੇ ਕਠੋਰ ਹੈ, ਐਹ ਗਟਰ ਵਿੱਚ ਰਹਿੰਦਾ ਹੈ। ਤੇ ਜੇ ਕੋਈ ਮੈਨੂੰ ਹਾਨੀ ਪਹੁੰਚਾਏਗਾ, ਤਾਂ ਉਸ ਦੀ ਖੈਰ ਨਹੀਂ।

ਕਾਂ ਇਹ ਸੁਣ ਕੇ ਥੋੜਾ ਘਬਰਾ ਗਿਆ, ਤੇ ਉਸਨੇ ਸੋਚਿਆ ਕਿ ਕੁੱਲ ਮਿਲਾ ਕੇ ਇਹ ਛੱਤ ਹੀ ਮਨਹੂਸ ਹੈ। ਫੇਰ ਆਪਣੀ ਚੁੰਜ ਵਿੱਚ ਡੱਡੂ ਚੁੱਕ ਕੇ ਉਹ ਹੇਠਾਂ ਜ਼ਮੀਨ ’ਤੇ ਇੱਕ ਖੂਹ ਦੇ ਨੇੜੇ ਜਾ ਬੈਠਿਆ। ਉਹ ਡੱਡੂ ਨੂੰ ਖਾਣ ਹੀ ਲੱਗਿਆ ਸੀ ਕਿ ਡੱਡੂ ਬੋਲ ਪਿਆ

ਭਰਾਵਾ, ਬੁਰਾ ਨਾ ਮਨਾਈਂ, ਤੇਰੀ ਚੁੰਜ ਖੁੰਢੀ ਹੋਈ ਜਾਪਦੀ ਹੈ। ਤੈਨੂੰ ਨਹੀਂ ਲੱਗਦਾ, ਬਈ ਮੈਨੂੰ ਖਾਣ ਤੋਂ ਪਹਿਲਾਂ ਇਸ ਨੂੰ ਥੋੜਾ ਤਿੱਖਾ ਕਰ ਲੈਣਾ ਚੰਗਾ ਰਹੇਗਾ। ਔਸ ਪੱਥਰ ’ਤੇ ਘਸਾਉਣ ਨਾਲ਼ ਇਹ ਬੜੀ ਸੁਹਣੀ ਤਿੱਖੀ ਹੋ ਜਾਏਗੀ।

ਕਾਂ ਨੇ ਸੋਚਿਆ ਕਿ ਵਿਚਾਰ ਤਾਂ ਮਾੜਾ ਨਹੀਂ। ਉਹ ਦੋ ਤਿੰਨ ਟਪੂਸੀਆਂ ਮਾਰ ਕੇ ਪੱਥਰ ਕੋਲ਼ ਗਿਆ, ਤੇ ਆਪਣੀ ਚੁੰਜ ਤਿੱਖੀ ਕਰਨ ਲੱਗਾ। ਡੱਡੂ ਨੇ ਮੌਕਾ ਤਾੜ ਕੇ ਖੂਹ ਵਿੱਚ ਛਾਲ ਮਾਰ ਦਿੱਤੀ।

ਚੁੰਜ ਤਿੱਖੀ ਕਰਨ ਤੋਂ ਬਾਅਦ ਕਾਂ ਵਾਪਸ ਪਰਤਿਆ, ਪਰ ਡੱਡੂ ਹੁਣ ਉਥੇ ਨਹੀਂ ਸੀ ਜਿਥੇ ਉਸਨੂੰ ਰੱਖ ਕੇ ਗਿਆ ਸੀ। ਉਹ ਟਪੂਸੀ ਮਾਰ ਕੇ ਖੂਹ ਵੱਲ ਹੋਇਆ ਅਤੇ ਝਾਤੀਆਂ ਮਾਰਨ ਲੱਗਾ। ਅੰਤ ਜਦੋਂ ਪਾਣੀ ਵਿੱਚ ਡੱਡੂ ਉਸਦੀ ਨਜ਼ਰ ਪਿਆ ਅਤੇ ਉਸਨੂੰ ਬਾਹਰ ਆਉਣ ਲਈ ਕਹਿਣ ਲੱਗਾ: ਐ ਮੇਰੇ ਪਿਆਰੇ ਡੱਡੂ, ਮੈਂ ਤਾਂ ਡਰ ਹੀ ਗਿਆ ਸੀ ਕਿ ਤੂੰ ਕਿਥੇ ਗਿਆ। ਮੇਰੀ ਚੁੰਜ ਹੁਣ ਬੜੀ ਸੁਹਣੀ ਤਿੱਖੀ ਹੋ ਗਈ ਹੈ, ਇਸ ਲਈ ਬਾਹਰ ਆਜਾ ਤੇ ਮੇਰਾ ਖਾਜਾ ਬਣ ਜਾ।

ਭਰਾਵਾ, ਮੈਨੂੰ ਬਹੁਤ ਅਫ਼ਸੋਸ ਹੈ, ਡੱਡੂ ਨੇ ਜਵਾਬ ਦਿੱਤਾ,ਅਸਲ ਵਿੱਚ ਗੱਲ ਇਹ ਹੈ ਕਿ ਮੈਂ ਹੁਣ ਇਸ ਖੂਹ ਦੀ ਕੰਧ ਨਹੀਂ ਚੜ੍ਹ ਸਕਦਾ। ਬਾਹਰ ਨਿੱਕਲ ਸਕਣਾ ਮੇਰੇ ਵਸ ਤੋਂ ਬਾਹਰ ਹੈ। ਸਭ ਤੋਂ ਵਧੀਆ ਗੱਲ ਇਹੀ ਹੋਵੇਗੀ ਕਿ ਮੈਨੂੰ ਖਾਣ ਲਈ ਹੁਣ ਤੂੰ ਇੱਥੇ ਹੇਠਾਂ ਮੇਰੇ ਕੋਲ਼ ਆ ਜਾ।

ਤੇ ਇਹ ਕਹਿੰਦੇ ਹੋਏ ਉਸ ਨੇ ਖੂਹ ਦੇ ਪੱਤਣ ਵੱਲ ਇੱਕ ਟੁਭੀ ਮਾਰੀ।

# ਮੇਰੀ ਕਲਮ

## ਸੁਣੋ ਬੱਚਿਓ ਇਨਾਮ ਉਹ ਹੀ ਪਾਉਣਗੇ

ਕਮਲਜੀਤ ਨੀਲੋਂ

ਪੜ੍ਹ ਕੇ ਪੜ੍ਹਾਈ ਚੰਗੇ ਨੰਬਰ ਜੋ ਲਿਆਉਣਗੇ,
ਸੁਣੋ ਬੱਚਿਓ ਇਨਾਮ ਉਹ ਹੀ ਪਾਉਣਗੇ ।
ਰੋਜ਼ ਹੀ ਸਵੇਰੇ ਜਿਹੜੇ ਸਾਜ਼ਰੇ ਨੇ ਉੱਠਦੇ,
ਆਲਸਾਂ ਨੂੰ ਜਿਹੜੇ ਨੇ ਵਗ੍ਹਾ ਕੇ ਪਰੇ ਸੁੱਟਦੇ ।
ਪੂਰਾ ਉਤਸ਼ਾਹ ਜੋ ਪੜ੍ਹਾਈ 'ਚ ਦਿਖਾਉਣਗੇ,
ਸੁਣੋ ਬੱਚਿਓ ਇਨਾਮ ਉਹ ਹੀ ਪਾਉਣਗੇ ।
ਘੋਟ ਘੋਟ ਰੱਟਾ ਜੋ ਜਵਾਬਾਂ ਉੱਤੇ ਲਾਉਂਦੇ ਨੇ,
ਜਾਣਬੁੱਝ ਖੁਦ ਨਾਲ ਦਗਾ ਉਹ ਕਮਾਉਂਦੇ ਨੇ ।
ਪੜ੍ਹ ਕੇ ਸਮਝ ਕੇ ਜੋ ਮਨਾਂ 'ਚ ਵਸਾਉਣਗੇ,
ਸੁਣੋ ਬੱਚਿਓ ਇਨਾਮ ਉਹ ਹੀ ਪਾਉਣਗੇ ।
ਕਹੇ 'ਨੀਲੋਂ' ਗੱਲ ਹੁਣ ਲੱਗਿਆ ਮੁਕਾਉਣ ਬਈ,
ਸੂਝ ਅਤੇ ਮਿਹਨਤ ਦੇ ਨਾਲ ਨੰਬਰ ਆਉਣ ਬਈ ।
ਮਾਪਿਆਂ ਦੀ ਕਰੀ ਹੋਈ ਕਮਾਈ ਨਾ ਉਡਾਉਣਗੇ,
ਸੁਣੋ ਬੱਚਿਓ ਇਨਾਮ ਉਹ ਹੀ ਪਾਉਣਗੇ ।

## ਆਹ ਲੈ ਮਾਏ ਸਾਂਭ ਕੁੰਜੀਆਂ

ਦੀਪਕ ਜੈਤੋਈ

ਚਾਰ ਦਿਨ ਮੌਜਾਂ ਮਾਣ ਕੇ ਲਾ ਕੇ ਸੁੱਖਾਂ ਦੇ ਸਮੁੰਦਰਾਂ 'ਚ ਤਾਰੀ ।
ਆਹ ਲੈ ਮਾਏ ਸਾਂਭ ਕੁੰਜੀਆਂ ਧੀਆਂ ਕਰ ਚੱਲੀਆਂ ਸਰਦਾਰੀ ।
ਡਾਰ ਵਿੱਚੋਂ ਕੂੰਜ ਨਿਖੜੀ ਉੱਡੀ ਜਾਂਦੀ ਵੀ ਵਿਚਾਰੀ ਕੁਰਲਾਵੇ ।
ਧੀਆਂ, ਗਊਆਂ, ਕਾਮਿਆਂ ਦੀ ਕੋਈ ਪੇਸ਼ ਨਾ ਅੰਬੜੀਏ ਜਾਵੇ ।
ਕੱਲ੍ਹ ਤੱਕ ਰਾਜ ਕਰਿਆ ਅੱਜ ਖੁਸ ਗਈ ਹਕੂਮਤ ਸਾਰੀ ।
ਆਹ ਲੈ ਮਾਏ ਸਾਂਭ ਕੁੰਜੀਆਂ ਧੀਆਂ ਕਰ ਚੱਲੀਆਂ ਸਰਦਾਰੀ ।
ਅੱਛਾ ਸੁਖੀ ਵੱਸੇ ਅੰਮੀਏਂ ਮੇਰੇ ਰਾਜੇ ਬਾਬਲ ਦਾ ਖੇੜਾ ।
ਅਸੀਂ ਕਿਹੜਾ ਨਿੱਤ ਆਵਣਾ ਸਾਡਾ ਵੱਜਣਾ ਸਬੱਬ ਨਾਲ ਗੇੜਾ ।
ਧੀਆਂ ਪਰਦੇਸਣਾਂ ਦੀ ਹੁੰਦੀ ਚਿੜੀਆਂ ਦੇ ਵਾਂਗ ਉਡਾਰੀ ।
ਆਹ ਲੈ ਮਾਏ ਸਾਂਭ ਕੁੰਜੀਆਂ ਧੀਆਂ ਕਰ ਚੱਲੀਆਂ ਸਰਦਾਰੀ ।
ਬਾਪੂ ਤੇਰੇ ਪਿਆਰ ਸਦਕਾ ਅਸਾਂ ਰੱਜ ਰੱਜ ਪਹਿਨਿਆ ਹੰਢਾਇਆ ।
ਪੱਗ ਤੇਰੀ ਰੱਖੀ ਸਾਂਭ ਕੇ ਇਹਨੂੰ ਦਾਗ਼ ਨਾ ਹਵਾ ਜਿੰਨਾਂ ਲਾਇਆ ।
ਇੱਕ ਰਾਤ ਹੋਰ ਰੱਖ ਲੈ ਜਾਵਾਂ ਬਾਬਲਾ ਤੇਰੇ ਬਲਿਹਾਰੀ ।
ਆਹ ਲੈ ਮਾਏ ਸਾਂਭ ਕੁੰਜੀਆਂ ਧੀਆਂ ਕਰ ਚੱਲੀਆਂ ਸਰਦਾਰੀ ।
ਵੀਰਾ ਵੇ ਮੁਰੱਬੇ ਵਾਲਿਆ ਤੈਨੂੰ ਭਾਗ ਪਰਮੇਸ਼ਵਰ ਲਾਵੇ ।
ਭਾਬੀ ਸਾਨੂੰ ਮੁਆਫ਼ ਕਰ ਦਈਂ ਸਾਡੇ ਐਵੇਂ ਸੀ ਕੂੜ ਦੇ ਦਾਅਵੇ ।
ਅੱਗੇ ਤਾਂ ਤੂੰ ਰਹੀ ਹਾਰਦੀ ਅੱਜ ਤੂੰ ਜਿੱਤ ਗਈ ਮੈਂ ਹਾਰੀ ।
ਆਹ ਲੈ ਮਾਏ ਸਾਂਭ ਕੁੰਜੀਆਂ ਧੀਆਂ ਕਰ ਚੱਲੀਆਂ ਸਰਦਾਰੀ ।
ਆਉ ਸਈਉ ਆਉ ਮਿਲ ਲਉ ਮੁੜ ਕੱਠੀਆਂ ਸਬੱਬ ਨਾਲ ਬਹਿਣਾ ।
ਤੁਸੀਂ ਵੀ ਤਾਂ ਮੇਰੇ ਵਾਂਗਰਾਂ ਸਦਾ ਬੈਠ ਨਾ ਜੈਤੋ ਵਿੱਚ ਰਹਿਣਾ ।
ਵੱਡੀਆਂ ਮਜਾਜਾਂ ਵਾਲੀਉ ਤੁਹਾਡੀ ਚਾਰ ਦਿਨ ਦੀ ਮੁਖਤਿਆਰੀ ।
ਚਾਰ ਦਿਨ ਮੌਜਾਂ ਮਾਣ ਕੇ ਲਾ ਕੇ ਸੁੱਖਾਂ ਦੇ ਸਮੁੰਦਰਾਂ 'ਚ ਤਾਰੀ ।
ਆਹ ਲੈ ਮਾਏ ਸਾਂਭ ਕੁੰਜੀਆਂ ਧੀਆਂ ਕਰ ਚੱਲੀਆਂ ਸਰਦਾਰੀ ।

## ਪਰਿੰਦੇ ਪਰਤ ਆਏ ਘਰ

ਪਰਮਜੀਤ ਕੌਰ ਮਹਿਕ



'ਪਰਿੰਦੇ ਪਰਤ ਆਏ ਘਰ ਸਲੋਨੀ ਸ਼ਾਮ ਤੋਂ ਪਹਿਲਾਂ
ਰਿਹਾ ਸੁੰਨਾ ਨਾ ਕੋਈ ਦਰ ਸਲੋਨੀ ਸ਼ਾਮ ਤੋਂ ਪਹਿਲਾਂ
ਖ਼ੁਦਾ ਨੇ ਆਪ ਦਿੱਤਾ ਹੈ ਇਹ ਰੁਤਬਾ ਪਿਆਰ ਦਾ ਉੱਚਾ
ਤੂੰ ਉਸ ਨੂੰ ਹੋਰ ਉੱਚਿਆਂ ਕਰ ਸਲੋਨੀ ਸ਼ਾਮ ਤੋਂ ਪਹਿਲਾਂ
ਅਮੀਰੀ ਨੂੰ ਅਮੀਰੀ ਤੇ ਬੜਾ ਹੀ ਮਾਣ ਰਹਿੰਦਾ ਹੈ
ਗਰੀਬੀ ਮਾਣ ਤੂੰ ਵੀ ਕਰ ਸਲੋਨੀ ਸ਼ਾਮ ਤੋਂ ਪਹਿਲਾਂ
ਵਫਾਵਾਂ ਰੋਂਦੀਆਂ ਹੋਵਣ ਅਜਿਹਾ ਵਕਤ ਆਵੇ ਨਾ
ਜਫਾਵਾਂ ਦੇ ਨਾ ਨਿਕਲਣ ਪਰ ਸਲੋਨੀ ਸ਼ਾਮ ਤੋਂ ਪਹਿਲਾਂ
ਗਵਾਹੀ ਦੇਣ ਖਾਤਿਰ ਹੀ ਗਗਨ ਤੋਂ ਉੱਤਰੇ ਤਾਰੇ
ਉਤਰ ਚਿਹਰਾ ਨਾ ਜਾਏ ਡਰ ਸਲੋਨੀ ਸ਼ਾਮ ਤੋਂ ਪਹਿਲਾਂ
ਤੂੰ ਵੀ ਆ ਜਾ ਮੇਰੇ ਸਾਥੀ ਸੁਹਾਣੀ ਰਾਤ ਆਈ ਹੈ
ਕਿ ਅੱਖੀਆਂ ਹੋ ਨਾ ਜਾਵਣ ਤਰ ਸਲੋਨੀ ਸ਼ਾਮ ਤੋਂ ਪਹਿਲਾਂ
ਮੇਰੇ ਅੱਥਰੂ 'ਚ ਲੁਕਿਆ ਦਰਦ ਹੈ ਸਾਰੀ ਲੁਕਾਈ ਦਾ
ਤੂੰ ਬਣ ਹਮਦਰਦ ਤੇ ਕੁਝ ਕਰ ਸਲੋਨੀ ਸ਼ਾਮ ਤੋਂ ਪਹਿਲਾਂ
ਹਮੇਸ਼ਾ ਸੱਚ ਦਾ ਹੀ ਅਕਸ ਹੁੰਦਾ ਸੱਚਾ ਤੇ ਸੁੱਚਾ
ਜ਼ਮੀਰਾਂ ਨੂੰ ਹੈ ਕਾਹਦਾ ਡਰ ਸਲੋਨੀ ਸ਼ਾਮ ਤੋਂ ਪਹਿਲਾਂ
ਮਿਰਾ ਦਿਲ ਬੈਠ ਜਾਂਦਾ ਏ ਜੇ ਮੁਰਥਲ ਕਾਂਡ ਵਾਪਰਦੇ
ਗਈ ਇਨਸਾਨੀਅਤ ਹੀ ਮਰ ਸਲੋਨੀ ਸ਼ਾਮ ਤੋਂ ਪਹਿਲਾਂ
ਕਿਸੇ ਵੀ ਦੋਗਲੇ ਦੇ ਨਾਲ ਆਪਾਂ ਸਾਂਝ ਨਹੀਂ ਪਾਉਣੀ
ਲੱਗੇ ਹੈ ਮੀਸਣੇ ਤੋਂ ਡਰ ਸਲੋਨੀ ਸ਼ਾਮ ਤੋਂ ਪਹਿਲਾਂ
ਤੂੰ ਜੇ ਬੇਹੱਦ ਨੂੰ ਹੈ ਪਾਉਣਾ ਤਾਂ ਸਿੱਖ ਹੱਦਾਂ ਦੇ ਵਿਚ ਰਹਿਣਾ
ਅਸੂਲਾਂ ਨਾਲ ਹੱਦਾਂ ਭਰ ਸਲੋਨੀ ਸ਼ਾਮ ਤੋਂ ਪਹਿਲਾਂ
ਕਦੇ ਫੁੱਲਾਂ ਧਰੀ ਉਂਗਲ ਕਦੀ ਹਮਜ਼ਾਤ ਕੰਡਿਆਂ 'ਤੇ
ਮਹਿਕ ਕੁਰਬਾਨ ਹੁੰਦੀ ਪਰ ਸਲੋਨੀ ਸ਼ਾਮ ਤੋਂ ਪਹਿਲਾਂ

## ਨੀ ਜਿੰਦ ਮੇਰੀਏ

ਕਰਮਜੀਤ ਕੌਰ ਕਿਸ਼ਾਂਵਲ



ਜ਼ਿਹਨ ਤੇਰੇ ਦੀ ਫੱਟੀ ਉੱਤੇ
ਸੂਰਜ ਰੰਗੀ ਗਾਚੀ ਫੇਰੀ,
ਨੀ ਜਿੰਦ ਮੇਰੀਏ
ਕਿਰਨਾਂ ਪਾਏ ਪੂਰਨੇ
ਅੱਖਰਾਂ ਦੀ ਉਮਰ ਲੰਬੇਰੀ,
ਨੀ ਜਿੰਦ ਮੇਰੀਏ
ਹੋ ਜਾਵਣ ਹਰਫ਼ ਪਕੇਰੇ ਜੋ
ਹੋਠਾਂ ਸੰਗ ਕਲਮ ਛੁਹਾਈ,
ਨੀ ਜਿੰਦ ਮੇਰੀਏ
ਕਿਹੜੇ ਸ਼ਹਿਰੋਂ ਕਲਮ ਖ਼ਰੀਦੀ,
ਪ੍ਰੀਤਾਂ ਦੀ ਤ੍ਰਿਹਾਈ,
ਨੀ ਜਿੰਦ ਮੇਰੀਏ
ਜਦ ਸਖੀਆਂ ਗੀਟੇ ਖੇਡੀਆਂ
ਤੂੰ ਖੇਡੀ ਖੇਡ ਅਵੱਲੜੀ,
ਨੀ ਜਿੰਦ ਮੇਰੀਏ
ਬਿਰਹਾ ਤੇਰੇ ਅੰਗ-ਸੰਗ ਖੇਡੇ
ਤੂੰ ਏਂ ਡਾਹਢੀ ਕੱਲੜੀ,
ਨੀ ਜਿੰਦ ਮੇਰੀਏ
ਤਾਰਿਆਂ ਸੰਗ ਤੂੰ ਖੇਡ ਰਚਾਈ
ਉਹ ਵੀ ਕੱਲੇ-ਕਹਿਰੇ,
ਨੀ ਜਿੰਦ ਮੇਰੀਏ
ਤਾਰੇ ਤੈਨੂੰ ਰਾਤੀਂ ਲੱਭਦੇ,
ਤੂੰ ਤਾਰਿਆਂ ਨੂੰ ਸਿਖਰ-ਦੁਪਹਿਰੇ,
ਨੀ ਜਿੰਦ ਮੇਰੀਏ
ਰਾਤੋਂ ਲੰਬੀਆਂ ਤੇਰੀਆਂ ਬਾਤਾਂ
ਗੀਤਾਂ ਭਰੇ ਹੁੰਗਾਰੇ,
ਨੀ ਜਿੰਦ ਮੇਰੀਏ
ਗੀਤ ਸੁਵਖ਼ਤੇ ਸੌਂ ਜਾਂਦੇ
ਰਾਤਾਂ ਦੇ ਲਾ ਕੇ ਲਾਰੇ,
ਨੀ ਜਿੰਦ ਮੇਰੀਏ
ਤੇਰਿਆਂ ਗੀਤਾਂ ਪੀੜਾਂ ਚੁੰਮੀਆਂ
ਪੀੜਾਂ ਕੌਣ ਹੰਢਾਊ,
ਨੀ ਜਿੰਦ ਮੇਰੀਏ
ਨੀਂਦ-ਵਿਯੋਗੇ ਨੈਣਾ ਦੇ ਵਿੱਚ
ਸੁਪਨੇ ਕੌਣ ਸਜਾਊ,
ਨੀ ਜਿੰਦ ਮੇਰੀਏ

## ਨਾਕਾਮੀਆਂ

ਰਵਿੰਦਰ ਸਿੰਘ ਕੁੰਦਰਾ
ਕਵੈਂਟਰੀ, ਯੂ.ਕੇ.
07748772308



ਕੰਧਾਂ ਉੱਤੇ ਲਿਖਿਆ, ਪੜ੍ਹਿਆ ਨਾ ਗਿਆ,
ਹੱਡ ਬੀਤੀ ਦਾ ਦੁੱਖ ਵੀ, ਜਰਿਆ ਨਾ ਗਿਆ।

ਸੁਪਨੇ ਸੀ ਬੜੇ, ਪਰ ਸਾਕਾਰ ਨਾ ਹੋਏ,
ਤਾਬੀਰ ਦਾ ਦਰਸ ਵੀ, ਕਰਿਆ ਨਾ ਗਿਆ।

ਨਾ ਅੱਖਰ ਹੀ ਜੁੜੇ, ਨਾ ਬੰਦ ਹੀ ਬਣੇ,
ਪਿਆਰ ਦਾ ਕੋਈ ਗੀਤ, ਘੜਿਆ ਨਾ ਗਿਆ।

ਨਾ ਬਣੀ ਤਹਿਰੀਰ, ਕੋਈ ਮਨ ਭਾਉਂਦੀ,
ਬਹਿਰ ਦਾ ਲੜ ਕੋਈ, ਫੜਿਆ ਨਾ ਗਿਆ।

ਲਹਿਰਾਂ 'ਤੇ ਛੱਲਾਂ ਦੇ, ਬੜੇ ਝੱਲੇ ਦੁਫੇੜੇ,
'ਤੇ ਕਿਨਾਰੇ ਤਰਫ਼ ਕਦੀ, ਤਰਿਆ ਨਾ ਗਿਆ।

ਸ਼ਿਕਸ਼ਤਾਂ ਦੀਆਂ ਕੰਧਾਂ, ਦਰ ਕੰਧਾਂ ਹੀ ਮਿਲੀਆਂ,
ਮੰਜ਼ਿਲ 'ਤੇ ਪੈਰ ਕਦੀ, ਧਰਿਆ ਨਾ ਗਿਆ।

ਕਈ ਤਰੀਕੇ 'ਤੇ ਹਰਬੇ, ਲੱਖ ਵਰਤ ਕੇ ਦੇਖੇ,
ਕਾਮਯਾਬੀ ਦਾ ਕੋਈ ਪੌਡਾ, ਚੜ੍ਹਿਆ ਨਾ ਗਿਆ।

ਤੀਲੇ 'ਤੇ ਡੱਖੇ ਕਈ, ਰੱਖ ਬੁਣ ਕੇ ਤੱਕੇ,
ਸਿਰ ਢਕਣ ਲਈ ਆਲ੍ਹਣਾ, ਸਰਿਆ ਨਾ ਗਿਆ।

ਚੜ੍ਹਦੀਆਂ 'ਤੇ ਢਹਿੰਦੀਆਂ, ਸੋਚਾਂ ਦੇ ਸਹਾਰੇ,
ਰਿਸ਼ਤਾ ਸਫਲਤਾਵਾਂ ਨਾਲ, ਵਰਿਆ ਨਾ ਗਿਆ।

ਕੰਧਾਂ ਉੱਤੇ ਲਿਖਿਆ, ਪੜ੍ਹਿਆ ਨਾ ਗਿਆ,
ਹੱਡ ਬੀਤੀ ਦਾ ਦੁੱਖ ਵੀ, ਜਰਿਆ ਨਾ ਗਿਆ।

## ਕੰਮ ਕਰਦੇ ਹੱਥ

ਨਵਤੇਜ ਭਾਰਤੀ



ਕੰਮ ਕਰਦੇ ਹੱਥਾਂ ਵਿੱਚ
ਕਰਾਮਾਤ ਵਸਦੀ ਹੈ
ਦਰਿਆ ਵਗਦੇ ਹਨ
ਧਰਤੀ ਫੈਲਦੀ ਹੈ
ਅੰਬਰ ਸਿਮਟਦਾ ਹੈ
ਤੇ ਕਵਿਤਾ ਉਗਦੀ ਹੈ

ਕੰਮ ਕਰਦੇ ਹੱਥ ਹੀ
ਕੰਮ ਤੋਂ ਉੱਚਾ ਉਠਦੇ ਹਨ
ਕੰਮ ਕਰਦੇ ਹੱਥ
ਵੇਖਦੇ ਹਨ ਸੁੰਘਦੇ ਹਨ
ਪਿਆਰ ਕਰਦੇ ਹਨ
ਪੌਣਾ ਨੂੰ ਥਾਪੜਦੇ ਹਨ
ਕੇਸਾਂ ਨੂੰ ਛੂੰਹਦੇ ਹਨ
ਸ਼ਿੰਗਾਰ ਲਾਉਂਦੇ ਹਨ

ਕੰਮ ਕਰਦੇ ਹੱਥ
ਦੀਵੇ ਜਗਾਉਂਦੇ ਹਨ
ਜੁਗਨੂੰਆਂ ਨੂੰ
ਰੋਸ਼ਨੀ ਦਿੰਦੇ ਹਨ
ਬੱਚਿਆਂ ਦੇ
ਪੋਤੜੇ ਬੰਨ੍ਹਦੇ ਹਨ
ਪੰਛੀਆਂ ਨੂੰ
ਚੋਗਾ ਪਾਉਂਦੇ ਹਨ
ਫੁਲਾਂ ਨੂੰ
ਪਾਣੀ ਦਿੰਦੇ ਹਨ

ਕੰਮ ਕਰਦੇ ਹੱਥ ਜਦੋਂ
ਇਕ ਦੂਜੇ ਨਾਲ ਮਿਲਦੇ ਹਨ
ਦੁਨੀਆਂ
ਜਿਉਣ ਜੋਗੀ ਹੋ ਜਾਂਦੀ ਹੈ
ਸਾਡੀ ਧਰਤੀ
ਸੂਰਜ ਦੁਆਲੇ ਨਹੀਂ
ਕੰਮ ਕਰਦੇ ਹੱਥਾਂ ਦੁਆਲੇ
ਘੁੰਮਦੀ ਹੈ
ਇਹ ਸਾਰੀ ਲੀਲ੍ਹਾ
ਕੰਮ ਕਰਦੇ ਹੱਥਾਂ ਦੀ ਹੈ

## ਅੰਬੀਆਂ ਕਿਉਂ ਰਸੀਆਂ ਨੀ ਕੋਇਲੇ

ਨੰਦ ਲਾਲ ਨੂਰਪੁਰੀ

ਅੰਬੀਆਂ ਕਿਉਂ ਰਸੀਆਂ ਨੀ ਕੋਇਲੇ
ਅੰਬੀਆਂ ਕਿਉਂ ਰਸੀਆਂ

ਸਾਵਣ ਦੂਰ ਬਦਲੀਆਂ ਨਾਲੋਂ
ਸਾਵਣ ਦੂਰ ਨੇ ਆਸਾਂ ਨਾਲੋਂ
ਜ਼ੁਲਫ਼ਾਂ ਕਾਲੀਆਂ ਰਾਤਾਂ ਨਾਲੋਂ
ਰਾਤਾਂ ਲੰਮੀਆਂ ਬਾਤਾਂ ਨਾਲੋਂ
ਦਿਲ ਦੇ ਨਾਲ ਇਹ ਝਗੜੇ ਕਰ ਕਰ
ਅੱਖੀਆਂ ਕਿਉਂ ਵੱਸੀਆਂ
ਨੀ ਕੋਇਲੇ ਅੰਬੀਆਂ ਕਿਉਂ ਰਸੀਆਂ
ਅੰਬੀਆਂ ਕਿਉਂ ਰਸੀਆਂ

ਪ੍ਰੇਮ ਨੂੰ ਰੋਜ਼ ਭੁਲੇਖਾ ਲਗਦਾ
ਪੱਥਰ ਜਾਪੇ ਪਾਣੀ ਵਗਦਾ
ਫੁਲ ਸਮਝ ਕੇ ਹੱਥ ਪਾ ਲੈਂਦਾ
ਕੋਲਾ ਭਖਦਾ ਵੇਖੇ ਅੱਗ ਦਾ
ਸੇਜਾਂ ਵਿਚੋਂ 'ਨੂਰਪੁਰੀ' ਨੂੰ
ਡੰਗ ਜਾਵਣ ਅੱਖੀਆਂ
ਨੀ ਕੋਇਲੇ ਅੰਬੀਆਂ ਕਿਉਂ ਰਸੀਆਂ
ਅੰਬੀਆਂ ਕਿਉਂ ਰਸੀਆਂ









# ਲੋਕ ਪੱਖੀ ਸਿਨੇਮਾ ਦਾ ਮਾਡਲ ਖੜ੍ਹਾ ਕਰਨ ਦੀ ਲੋੜ

**ਨਵਜੋਤ ਨਵੀਂ**

ਸਮਾਜ ਦੀਆਂ ਬਹੁਤੀਆਂ ਖੋਜਾਂ ਮਨੁੱਖੀ ਜਿੰਦਗੀ ਨੂੰ ਬਿਹਤਰ ਬਣਾਉਣ ਦੀਆਂ ਅਥਾਹ ਸੰਭਾਵਨਾਵਾਂ ਲੈ ਕੇ ਆਉਂਦੀਆਂ ਹਨ ਪਰ ਮੌਜੂਦਾ ਸਰਮਾਏਦਾਰਾਂ ਪ੍ਰਬੰਧ ਅੰਦਰ ਵਿਗਿਆਨ ਦੀ ਹਰ ਖੋਜ ਮਨੁੱਖਤਾ ਦੀ ਬਿਹਤਰੀ ਦੀ ਬਜਾਏ ਮੁੱਠੀ ਭਰ ਸਰਮਾਏਦਾਰਾਂ ਵੱਲੋਂ ਆਪਣੇ ਸੌੜੇ ਹਿੱਤਾਂ ਲਈ ਵਰਤੀ ਜਾਂਦੀ ਹੈ। ਕਲਾ ਦੇ ਖੇਤਰ ਵਿੱਚ ਵੀ ਇਹੋ ਕੁੱਝ ਹੋ ਰਿਹਾ ਹੈ। ਕਲਾ ਦਾ ਬੇਹਤਰੀਨ ਨਮੂਨਾ ਸਿਨੇਮਾ, ਜਿਸਦੇ ਵੱਡੇ ਹਿੱਸੇ ਉੱਤੇ ਅੱਜ ਮੁੱਖ ਤੌਰ 'ਤੇ ਕਲਾ ਤੇ ਮੀਡੀਆ ਦੇ ਹੋਰਾਂ ਸਾਧਨਾਂ ਵਾਂਗ ਸਰਮਾਏਦਾਰੀ ਦਾ ਹੀ ਕਬਜਾ ਹੈ, ਸਰਮਾਏਦਾਰਾ ਸੱਭਿਆਚਾਰ ਨੂੰ ਲੋਕ ਮਨਾਂ ਵਿੱਚ ਭਰਨ ਦਾ ਇੱਕ ਸਾਧਨ ਹੈ। ਭਾਰਤ ਵਿੱਚ ਭਾਜਪਾ ਵਰਗੀ ਪਾਰਟੀ ਦੇ ਸੱਤ੍ਹਾ ਵਿੱਚ ਆਉਣ ਤੋਂ ਬਾਅਦ ਤਾਂ ਇਸ ਵੱਲੋਂ ਇਸ ਰਾਹੀਂ ਆਪਣੀ ਫਿਰਕੂ ਫਾਸ਼ੀਵਾਦੀ ਮੁਸਲਮ ਵਿਰੋਧੀ ਮੁਹਿੰਮ ਨੂੰ ਲੋਕਾਂ ਦੀ ਆਮ ਚੇਤਨਾ ਦਾ ਹਿੱਸਾ ਬਨਾਉਣ ਦੇ ਯਤਨ ਹੋਰ ਜੋਰਾਂ ਸ਼ੋਰਾਂ ਨਾਲ਼ ਕੀਤੇ ਜਾ ਰਹੇ ਹਨ।

ਇਹੋ ਕਾਰਨ ਹੈ ਕਿ 2014 ਤੋਂ ਬਾਅਦ, ਜਦੋਂ ਤੋਂ ਭਾਜਪਾ ਸੱਤ੍ਹਾ ਵਿੱਚ ਆਈ ਹੈ, ਅੰਨ੍ਹੀ ਕੌਮਪ੍ਰਸਤੀ ਦੇ ਏਜੰਡੇ ਹੇਠ ਮੁਸਲਿਮ ਵਿਰੋਧੀ ਬਿਰਤਾਂਤ ਨੂੰ ਸਥਾਪਤ ਕਰਦੀਆਂ ਫਿਲਮਾਂ ਦੀ ਝੜੀ ਹੀ ਲੱਗ ਗਈ ਹੈ। ਇਸ ਸਮੇਂ ਦੌਰਾਨ ਹਿੰਦੀ ਸਿਨੇਮਾ ਵਿੱਚ ਇਤਿਹਾਸਕ ਫਿਲਮਾਂ ਦੇ ਨਾਂ ਹੇਠ ਫਾਸ਼ੀਵਾਦੀ ਪ੍ਰਚਾਰ ਵਾਲ਼ੀਆਂ ਫਿਲਮਾਂ ਦਾ ਰੁਝਾਨ ਵਧਿਆ ਹੈ। ਪਿੱਛੇ ਜਿਹੇ ਆਈ ਸੰਜੇ ਲੀਲਾ ਭੰਸਾਲੀ ਦੀ ਫਿਲਮ ਬਾਜੀਰਾਓ ਮਸਤਾਨੀ ਵਿੱਚ ਹਿੰਦੂ ਸਵਰਾਜ ਨੂੰ ਛਤਰਪਤੀ ਸ਼ਿਵਾਜੀ ਦੇ ਇੱਕੋ ਇੱਕ ਮਕਸਦ ਵਜੋਂ ਪੇਸ਼ ਕੀਤਾ ਗਿਆ ਹੈ ਅਤੇ ਇਸੇ ਨੂੰ ਉਸ ਵੱਲੋਂ ਲੜੀਆਂ ਜੰਗਾਂ ਦੇ ਅਸਲ ਮਕਸਦ ਵਜੋਂ ਪੇਸ਼ ਕੀਤਾ ਗਿਆ ਹੈ ਜਦਕਿ ਇਤਿਹਾਸਕ ਤੱਥ ਇਹ ਸਾਫ ਦੱਸਦੇ ਹਨ ਕਿ ਸ਼ਿਵਾਜੀ ਵੱਲੋਂ ਲੜੀਆਂ ਜੰਗਾਂ ਪਿੱਛੇ ਫਿਰਕੂ ਮਨਸੂਬੇ ਕਿਤੇ ਨੇੜੇ ਤੇੜੇ ਵੀ ਨਹੀਂ ਸਨ ਅਤੇ ਉਸਦਾ ਮਕਸਦ ਸਿਰਫ ਆਪਣੇ ਰਾਜ ਦੀਆਂ ਭੂਗੌਲਿਕ ਹੱਦਾਂ ਦਾ ਵਿਸਥਾਰ ਸੀ। ਫਿਲਮ 'ਤਾਨ੍ਹਾਜੀ: ਦਿ ਅਨਸੰਗ ਹੀਰੋ' ਵਿੱਚ ਵੀ ਲਗਭਗ ਇਸੇ ਤਰ੍ਹਾਂ ਦੇ ਯਤਨ ਕੀਤੇ ਗਏ ਹਨ। ਤਾਨ੍ਹਾਜੀ ਮਾਲੁਸਰੇ ਅਤੇ ਉਸਦੀ ਪਤਨੀ ਸਾਵਿਤਰੀ ਮਾਲੂਸਰੇ, ਮਛੇਰਾ ਜਾਤੀ ਵਿੱਚੋਂ ਸਨ ਜਦਕਿ ਫਿਲਮ ਵਿੱਚ ਉਹਨਾਂ ਨੂੰ ਬ੍ਰਾਹਮਣ ਵਜੋਂ ਪੇਸ਼ ਕੀਤਾ ਗਿਆ ਹੈ। ਫਿਲਮ ਵਿੱਚ ਸਾਵਿੱਤਰੀ ਦੇ ਕਿਰਦਾਰ ਦੇ ਮੂਹੋਂ ਇਹ ਡਾਇਲਾਗ ਵੀ ਕਹਾਇਆ ਜਾਂਦਾ ਹੈ ਕਿ ਜਦੋਂ ਸ਼ਿਵਾਜੀ ਆਪਣੀ ਤਲਵਾਰ ਕੱਢਦਾ ਹੈ ਤਾਂ ਉਹ ਔਰਤਾਂ ਦੀ ਇੱਜਤ ਅਤੇ ਬ੍ਰਾਹਮਣ ਦੇ ਪਵਿੱਤਰ ਧਾਗੇ ਦੀ ਰੱਖਿਆ ਕਰਦਾ ਹੈ । ਬਾਲੀਵੁੱਡ ਅਤੇ ਹਿੰਦੀ ਫਿਲਮ ਸਨਅਤ ਤੋਂ ਬਿਨ੍ਹਾਂ ਹੋਰਨਾਂ ਫਿਲਮਾਂ ਵਿੱਚ ਵੀ ਇਸ ਤਰ੍ਹਾਂ ਦੇ ਰੁਝਾਨ ਦੀਆਂ ਕੁੱਝ ਮਿਸਾਲਾਂ ਮਿਲ਼ਦੀਆਂ ਹਨ, ਜਿਵੇਂ ਕਿ ਆਰਆਰਆਰ, ਜਿਸ ਵਿੱਚ ਇੱਕ ਕ੍ਰਾਂਤੀਕਾਰੀ (ਅਲੂਰੀ ਸੀਤਾਰਾਮ ਰਾਜੂ, ਜਿਸਨੇ ਅੰਗਰੇਜ ਸਾਮਰਾਜ ਨਾਲ਼ ਲੜਨ ਲਈ ਇੱਕ ਸੰਨਿਆਸੀ ਦੇ ਭੇਸ ਵਿੱਚ ਗੁਰੀਲਾ ਯੁੱਧਨੀਤੀ ਦੀ ਵਰਤੋਂ ਕੀਤੀ), ਨੂੰ ਹਿੰਦੂ ਦੇਵਤਾ ਦੇ ਰੂਪ ਵਿੱਚ ਪੇਸ਼ ਕੀਤਾ ਗਿਆ ਹੈ ਅਤੇ ਨਾਲ਼ ਹੀ ਪਿਛੋਕੜ ਵਿੱਚ ਜੈ ਸ਼੍ਰੀ ਰਾਮ ਦੀ ਗੂੰਜ ਲਗਾਤਾਰ ਮੌਜੂਦ ਰਹਿੰਦੀ ਹੈ। ਗਾਜੀ ਅਟੈਕ, ਸਰਬਜੀਤ, ਫੈਂਟਮ, ਬਜਰੰਗੀ ਭਾਈਜਾਨ, ਸੁਲਤਾਨ, ਜੌਲੀ ਐਲਐਲਬੀ, ਡਿਸ਼ੂਮ, ਐਮ.ਐਸ. ਧੋਨੀ, ਮੈਰੀ ਕੌਮ, ਏਅਰਲਿਫ਼ਟ ਆਦਿ ਫਿਲਮਾਂ ਬੀਤੇ ਸਮੇਂ ਵਿੱਚ ਅੰਨ੍ਹੇ ਕੌਮਪ੍ਰਸਤ ਅਤੇ ਮੁਸਲਿਮ ਵਿਰੋਧੀ ਭਾਵਨਾ ਪੈਦਾ ਕਰਨ ਵਾਲ਼ੀਆਂ ਫਿਲਮਾਂ ਦੀਆਂ ਕੁੱਝ ਚੋਣਵੀਆਂ ਮਿਸਾਲਾਂ ਹਨ। ਰਸਾਲੇ ਪੰਚਜੱਨਿਆ ਅਤੇ ਆਰਗੇਨਾਇਜਰ ਵਿੱਚ ਐਵੇਂ ਹੀ ਨਹੀਂ ਦੰਗਲ ਫਿਲਮ ਦੀ ਸਿਫਤ ਕੀਤੀ ਗਈ ਅਤੇ ਮੋਹਨ ਭਾਗਵਤ ਵੱਲੋਂ ਆਮਿਰ ਖਾਨ ਦੀ। ਇਸੇ ਤਰ੍ਹਾਂ ਪਿਛਲੇ ਸਮੇਂ ਆਈ ਫਿਲਮ ਕਸ਼ਮੀਰ ਫਾਈਲਜ ਭਾਜਪਾ-ਸੰਘ ਦੀ ਇੱਕ ਅਜਿਹੀ ਹੀ ਪ੍ਰਚਾਰ ਫਿਲਮ ਸੀ ਜਿਸਦੀ ਮੋਦੀ ਨੇ ਰੱਜ ਕੇ ਮਸ਼ਹੂਰੀ ਕੀਤੀ। ਸਰਕਾਰ ਵੱਲੋਂ ਇਸ ਫਿਲਮ ਨੂੰ ਖੂਬ ਪ੍ਰਚਾਰਿਆ ਗਿਆ। ਸਰਕਾਰੀ ਮੁਲਾਜਮਾਂ ਨੂੰ ਵਿਸ਼ੇਸ਼ ਤੌਰ 'ਤੇ ਇਹ ਫਿਲਮ ਵੇਖਣ ਲਈ ਪ੍ਰੇਰਿਆ ਗਿਆ। ਕਸ਼ਮੀਰੀ ਪੰਡਤਾਂ ਦੇ ਮਸਲੇ ਨੂੰ ਕਸ਼ਮੀਰ ਦੇ ਇਤਿਹਾਸ ਤੋਂ ਤੋੜਕੇ ਪੇਸ਼ ਕਰਦੀ ਇਹ ਫਿਲਮ ਕਸ਼ਮੀਰ ਵਿੱਚ ਹੁਣ ਤੱਕ 90,000 ਤੋਂ ਵੱਧ ਮਾਰੇ ਗਏ ਤੇ 10,000 ਤੋਂ ਵੱਧ ਲਾਪਤਾ ਲੋਕਾਂ ਦੇ ਮਸਲੇ ਉੱਤੇ ਕੋਈ ਗੱਲ ਨਹੀਂ ਕਰਦੀ। ਬੱਸ ਕਸ਼ਮੀਰੀ ਪੰਡਤਾਂ ਦੇ ਮਸਲੇ ਨੂੰ ਫਿਰਕੂ ਤਰੀਕੇ ਨਾਲ਼ ਪੇਸ਼ ਕਰਦੀ ਹੈ। ਇਹ ਫਿਲਮ ਕਸ਼ਮੀਰੀ ਪੰਡਤਾਂ ਦੀ ਹਿਜਰਤ ਲਈ ਕਸ਼ਮੀਰੀ ਮੁਸਲਮਾਨਾਂ ਨੂੰ ਦੋਸ਼ੀ ਗਰਦਾਨ ਕੇ ਫਿਰਕੂ ਨਫਰਤ ਫੈਲਾਉਂਦੀ ਹੈ ਤੇ ਇਸ ਸਭ ਕਾਸੇ ਲਈ ਮੁੱਖ ਦੋਸ਼ੀ ਭਾਰਤ ਸਰਕਾਰ ਅਤੇ ਉਹਦੀ ਕੌਮੀ ਜਬਰ ਦੀ ਨੀਤੀ ਨੂੰ ਬਰੀ ਕਰਦੀ ਹੈ।







ਅਜਿਹੀਆਂ ਫਿਲਮਾਂ ਦੀ ਇਹ ਖਾਸੀਅਤ ਹੁੰਦੀ ਹੈ ਕਿ ਇਹਨਾਂ ਵਿੱਚ ਫਾਸ਼ੀਵਾਦੀਆਂ ਵੱਲੋਂ ਨਿਸ਼ਾਨੇ 'ਤੇ ਰੱਖੇ ਸਮੂਹ ਨੂੰ ਖਲਨਾਇਕ ਬਣਾ ਕੇ ਪੇਸ਼ ਕੀਤਾ ਜਾਂਦਾ ਹੈ। ਨਾਜੀਆਂ ਵੱਲੋਂ ਯਹੂਦੀਆਂ ਨੂੰ ਇਸ ਤਰ੍ਹਾਂ ਪੇਸ਼ ਕੀਤਾ ਗਿਆ ਸੀ ਅਤੇ ਭਾਰਤ ਵਿੱਚ ਭਾਜਪਾ ਵੱਲੋਂ ਮੁਸਲਮਾਨਾਂ ਨੂੰ ਅਜਿਹੇ ਖਲਨਾਇਕ ਵਜੋਂ ਪੇਸ਼ ਕੀਤਾ ਜਾਂਦਾ ਹੈ। ਲੋਕਾਂ ਵਿੱਚ ਘੱਟ-ਗਿਣਤੀ ਭਾਈਚਾਰਿਆਂ ਬਾਰੇ ਪ੍ਰਚਲਤ ਬਹੁਤ ਸਾਰੇ ਰੂੜ੍ਹੀਵਾਦੀ ਵਿਚਾਰ ਉਨ੍ਹਾਂ ਦੇ ਵਿਰੁੱਧ ਘੜੇ ਗਏ ਅਜਿਹੇ ਬਿਰਤਾਂਤਾਂ 'ਤੋਂ ਹੀ ਪੈਦਾ ਹੁੰਦੇ ਹਨ। ਸਿਨੇਮਾ ਦੇ ਨਾਲ਼-ਨਾਲ਼ ਭਾਰਤ ਵਿੱਚ ਗੋਦੀ ਮੀਡੀਆ ਅਜਿਹੇ ਬਿਰਤਾਂਤ ਸਿਰਜਣ ਵਿੱਚ ਸਰਕਾਰ ਦੀ ਪੂਰੀ ਮਦਦ ਕਰ ਰਿਹਾ ਹੈ। ਇਸ ਮਾਮਲੇ ਵਿੱਚ ਵੀ ਸੰਘੀ ਲਾਣਾ ਹਿਟਲਰ ਦੀ ਲੀਹ ਉੱਤੇ ਹੀ ਚੱਲ ਰਿਹਾ ਹੈ। ਹਿਟਲਰ ਅਕਸਰ ਅਜਿਹੇ ਵਿਚਾਰਾਂ ਨੂੰ ਦਬਾਉਣ ਲਈ, ਜੋ ਉਸ ਲਈ ਜਾਂ ਉਸਦੀ ਵਿਚਾਰਧਾਰਾ ਲਈ ਖਤਰਾ ਸਨ, ਖ਼ਬਰਾਂ ਅਤੇ ਫਿਲਮਾਂ ਵਰਗੇ ਮਾਧਿਅਮਾਂ ਨੂੰ ਕੰਟਰੋਲ ਕਰਦਾ ਸੀ ਅਤੇ ਮੋਦੀ ਵੀ ਗੋਦੀ ਮੀਡੀਆ ਰਾਹੀਂ ਅਤੇ 'ਦ ਕੇਰਲਾ ਸਟੋਰੀ' ਅਤੇ 'ਕਸ਼ਮੀਰ ਫਾਈਲਜ' ਵਰਗੀਆਂ ਮੁਸਲਮ ਵਿਰੋਧੀ ਜਹਿਰ ਘੋਲ਼ਦੀਆਂ ਫਾਸ਼ੀਵਾਦੀ ਏਜੰਡੇ ਵਾਲ਼ੀਆਂ ਫਿਲਮਾਂ ਰਾਹੀਂ ਇਹੋ ਕੁੱਝ ਕਰ ਰਿਹਾ ਹੈ।




ਸਿਨੇਮਾ ਰਾਹੀਂ ਕੀਤੇ ਜਾਂਦੇ ਅਜਿਹੇ ਖਤਰਨਾਕ ਝੂਠੇ ਪ੍ਰਚਾਰ ਵਿੱਚ ਜਿਸ ਆਮ ਵਰਤਾਰੇ ਨੂੰ ਨੋਟ ਕਰਨਾ ਬੇਹੱਦ ਮਹੱਤਵਪੂਰਨ ਹੈ ਉਹ ਇਹ ਕਿ ਇਸ ਵਿੱਚ ਘੱਟ ਗਿਣਤੀ ਭਾਈਚਾਰਿਆਂ ਨੂੰ ਨਾ ਸਿਰਫ ਬਹੁਗਿਣਤੀ ਦੇ ਲਈ ਖਤਰੇ ਵਜੋਂ ਪੇਸ਼ ਕੀਤਾ ਜਾਂਦਾ ਹੈ, ਸਗੋਂ ਇਸਨੂੰ ਵਿਸ਼ੇਸ਼ ਤੌਰ 'ਤੇ ਉਨ੍ਹਾਂ ਦੀਆਂ ਔਰਤਾਂ ਅਤੇ ਉਨ੍ਹਾਂ ਦੇ ਬੱਚਿਆਂ ਲਈ ਇੱਕ ਖਤਰੇ ਵਜੋਂ ਪੇਸ਼ ਕੀਤਾ ਜਾਂਦਾ ਹੈ। ਸੰਘ / ਭਾਜਪਾ ਵੱਲੋਂ ਪ੍ਰਚਾਰਿਆ ਜਾਂਦਾ ਲਵ ਜਿਹਾਦ ਵੀ ਇਸੇ ਦੀ ਇੱਕ ਵੰਨਗੀ ਹੈ। ਸੰਯੁਕਤ ਰਾਜ ਅਮਰੀਕਾ ਵਿੱਚ ਨਸਲੀ ਨਫਰਤ ਫੈਲਾਉਣ ਲਈ ਵੀ ਅਜਿਹੇ ਹੀ ਤਰੀਕੇ ਵਰਤੇ ਜਾਂਦੇ ਹਨ। ਕੁੱਝ ਚੋਣਵੇਂ ਤੱਥਾਂ ਨੂੰ ਤੋੜ ਮਰੋੜ ਕੇ ਝੂਠ ਨੂੰ ਸੱਚ ਬਣਾ ਕੇ ਇਸ ਤਰ੍ਹਾਂ ਪੇਸ਼ ਕੀਤਾ ਜਾਂਦਾ ਹੈ ਕਿ ਸਰੋਤੇ ਉਸ ਉੱਤੇ ਸੌਖਿਆਂ ਹੀ ਭਰੋਸਾ ਕਰ ਲੈਣ। ਅਲੋਚਨਾਤਮਕਤਾ ਦੀ ਅਜਿਹੀਆਂ ਫਿਲਮਾਂ ਵਿੱਚ ਕੋਈ ਥਾਂ ਨਹੀਂ ਹੁੰਦੀ। ਇਹਨਾਂ ਵਿੱਚ ਦੋ ਧਿਰਾਂ ਵਿੱਚ ਇੱਕ ਨੂੰ ਪੀੜਤ ਅਤੇ ਦੂਸਰੇ ਨੂੰ ਹਮਲਾਵਰ ਵਜੋਂ ਪੇਸ਼ ਕੀਤਾ ਜਾਂਦਾ ਹੈ। ਪਹਿਲੇ ਵਿੱਚ ਸਾਰਿਆਂ ਨੂੰ ਹੀ ਚੰਗੇ ਵਿਖਾਇਆ ਜਾਂਦਾ ਹੈ ਤੇ ਮਗਰਲੇ ਵਿੱਚ ਸਾਰਿਆਂ ਨੂੰ ਹੀ ਮਾੜੇ। ਮਿਸਾਲ ਵਜੋਂ, ਦ ਕੇਰਲਾ ਸਟੋਰੀ ਵਿੱਚ ਹਰ ਮੁਸਲਿਮ ਪਾਤਰ ਨੂੰ ਇੱਕ ਦੁਸ਼ਟ ਜਾਂ ਹੇਰਾਫੇਰੀ ਕਰਨ ਵਾਲ਼ੇ ਆਦਿ ਦੇ ਰੂਪ ਵਿੱਚ ਦਿਖਾਇਆ ਗਿਆ ਹੈ ਅਤੇ ਹਿੰਦੂ ਪਾਤਰਾਂ ਖਾਸਕਰ ਲੜਕੀਆਂ ਨੂੰ ਪੀੜਤ ਅਤੇ ਭੋਲ਼ੇਪਣ ਵਜੋਂ ਪੇਸ਼ ਕੀਤਾ ਗਿਆ ਹੈ। ਇਸ ਫਿਲਮ ਰਾਹੀਂ ਵੀ ਮੁਸਲਮਾਨਾਂ ਖਿਲਾਫ ਲੋਕਾਂ ਦੇ ਮਨਾਂ ਵਿੱਚ ਨਫ਼ਰਤ ਪੈਦਾ ਕਰਨ ਦਾ ਪੂਰਾ ਯਤਨ ਕੀਤਾ ਗਿਆ ਹੈ। ਹੁਣੇ ਹੁਣੇ ਆਈ ਆਦੀਪੁਰਸ਼ ਫਿਲਮ ਰਾਹੀਂ ਵੀ ਇਸੇ ਹਿੰਦੂਤਵੀ ਏਜੰਡੇ ਨੂੰ ਪਰੋਸਿਆ ਗਿਆ ਹੈ।

ਸਿਨੇਮਾ ਪ੍ਰਚਾਰ ਦਾ ਇੱਕ ਏਡਾ ਪ੍ਰਭਾਵਸ਼ਾਲੀ ਸਾਧਨ ਹੈ ਕਿ ਇਸ ਵਿੱਚ ਜਦ ਅਜਿਹਾ ਝੂਠ ਲੋਕਾਂ ਸਾਹਮਣੇ ਕਲਾ ਦੇ ਅੱਤ ਵਿਕਸਤ ਰੂਪਾਂ ਰਾਹੀਂ ਪਰੋਸਿਆ ਜਾਂਦਾ ਹੈ ਤਾਂ ਲੋਕ ਕਈ ਵਾਰ ਉਸਨੂੰ ਇੱਕ ਬਾਹਰਮੁਖੀ (**ਬਾਕੀ ਸਫ਼ਾ** 30 'ਤੇ)

# ਖੇਡਾਂ ਵਿੱਚ ਭਾਰਤ ਦਾ ਭਵਿੱਖ ?

## ਰਾਜਨੀਤੀ ਅਤੇ ਬਾਜ਼ਾਰਵਾਦ ਦੇ ਦਖ਼ਲ ਕਾਰਨ ਖੇਡਾਂ ਵਿੱਚ ਪਛੜਿਆ ਭਾਰਤ



ਖੇਡ ਮਨੁੱਖ ਦਾ ਸੁਭਾਅ ਹੈ। ਬੱਚੇ ਬਚਪਨ ਤੋਂ ਹੀ ਕਿਸੇ ਨਾ ਕਿਸੇ ਖੇਡ ਦਾ ਆਨੰਦ ਲੈਂਦੇ ਹਨ। ਉਨ੍ਹਾਂ ਨੂੰ ਸਕੂਲਾਂ ਵਿੱਚ ਖੇਡਣ ਦਾ ਮੌਕਾ ਵੀ ਮਿਲਦਾ ਹੈ ਪਰ ਖੇਡਾਂ ਨੂੰ ਉਤਸ਼ਾਹਿਤ ਕਰਨ ਲਈ ਸਮਾਜ ਅਤੇ ਸਰਕਾਰ ਵੱਲੋਂ ਗੰਭੀਰਤਾ ਨਾਲ ਚਿੰਤਨ ਦੀ ਲੋੜ ਹੈ।ਸਾਡੇ ਦੇਸ਼ ਵਿੱਚ ਖੇਡਾਂ ਨੂੰ ਪੜ੍ਹਾਈ ਵਿੱਚ ਰੁਕਾਵਟ ਸਮਝਿਆ ਜਾਂਦਾ ਹੈ। ਪਰਿਵਾਰ ਦੇ ਵੱਡੇ ਬੱਚੇ ਖੇਡਾਂ ਖੇਡਣ ਤੋਂ ਨਿਰਾਸ਼ ਹਨ। ਉਨ੍ਹਾਂ ਦਾ ਮੰਨਣਾ ਹੈ ਕਿ ਦੂਜੇ ਬੱਚਿਆਂ ਦਾ ਧਿਆਨ ਪੜ੍ਹਾਈ ਤੋਂ ਹਟ ਜਾਂਦਾ ਹੈ ਅਤੇ ਉਹ ਜ਼ਿੰਦਗੀ ਵਿੱਚ ਪਿੱਛੇ ਪੈ ਜਾਂਦੇ ਹਨ। ਕਹਾਵਤ ਪ੍ਰਚਲਿਤ ਹੈ– 'ਪੜ੍ਹੋਗੇ ਤਾਂ ਨਵਾਬ ਬਣੋਗੇ, ਖੇਡੋਗੇ ਤਾਂ ਛਾਲ ਮਾਰੋਗੇ, ਮਾੜੇ ਹੋਵੋਗੇ।'

ਹਾਲਾਂਕਿ ਇਹ ਕਹਾਵਤ ਬੇਬੁਨਿਆਦ ਹੈ। ਖੇਡਾਂ ਜੀਵਨ ਨੂੰ ਕਾਇਮ ਰੱਖਣ ਲਈ ਜ਼ਰੂਰੀ ਹਨ ਅਤੇ ਸਿੱਖਿਆ ਜਿੰਨੀਆਂ ਹੀ ਮਹੱਤਵਪੂਰਨ ਹਨ। ਇਸ ਰਵੱਈਏ ਦਾ ਨਤੀਜਾ ਹੈ ਕਿ ਸਾਡੇ ਕੋਲ ਖੇਡਾਂ ਨੂੰ ਉਤਸ਼ਾਹਿਤ ਕਰਨ ਲਈ ਕੋਈ ਪ੍ਰਣਾਲੀ ਨਹੀਂ ਹੈ। ਖੇਡਾਂ ਨੂੰ ਪ੍ਰਫੁੱਲਤ ਕਰਨ ਲਈ ਸਰਕਾਰ ਦੀ ਕੋਈ ਠੋਸ ਨੀਤੀ ਨਾ ਹੋਣ ਕਾਰਨ ਖੇਡ ਮੈਦਾਨਾਂ ਵਿੱਚ ਝੁੱਗੀਆਂ-ਝੌਂਪੜੀਆਂ ਆ ਗਈਆਂ ਹਨ। ਸਕੂਲਾਂ ਕੋਲ ਕੋਈ ਖੇਡ ਮੈਦਾਨ ਨਹੀਂ ਬਚਿਆ ਹੈ। ਨਾ ਕੋਈ ਖੇਡ ਸਮੱਗਰੀ ਹੈ ਅਤੇ ਨਾ ਹੀ ਖੇਡਾਂ ਲਈ ਪੈਸੇ ਦਾ ਕੋਈ ਪ੍ਰਬੰਧ ਹੈ। ਖੇਡਾਂ ਪ੍ਰਤੀ ਇਸ ਅਣਗਹਿਲੀ ਦਾ ਕਾਰਨ ਵੀ ਗਰੀਬੀ ਹੈ। ਅਸੀਂ ਆਪਣੇ ਬੱਚਿਆਂ ਨੂੰ ਪੜ੍ਹਾਉਣਾ ਅਤੇ ਪੈਸੇ ਕਮਾਉਣ ਲਈ ਉਨ੍ਹਾਂ ਨੂੰ ਕਿਸੇ ਕੰਮ ਵਿੱਚ ਲਗਾਉਣਾ ਚੰਗਾ ਸਮਝਦੇ ਹਾਂ। ਉਹ ਉਨ੍ਹਾਂ ਨੂੰ ਖੇਡਾਂ ਦੀ ਸਿਖਲਾਈ ਦੇਣ ਦੀ ਬਜਾਏ ਕਿਸੇ ਵੋਕੇਸ਼ਨਲ ਐਜੂਕੇਸ਼ਨ ਸੈਂਟਰ ਵਿੱਚ ਭਰਤੀ ਕਰਵਾਉਣਾ ਉਚਿਤ ਸਮਝਦੇ ਹਨ। ਇਸ ਸਬੰਧੀ ਸਰਕਾਰੀ ਪੱਖ ਤੋਂ ਕੋਈ ਪ੍ਰੇਰਨਾ ਦੇਣ ਦਾ ਕੋਈ ਵਿਆਪਕ ਪ੍ਰਬੰਧ ਨਹੀਂ ਹੈ।

ਨਤੀਜਾ ਸਾਫ਼ ਹੈ ਕਿ ਦੇਸ਼ ਖੇਡਾਂ ਦੇ ਖੇਤਰ ਵਿੱਚ ਉਮੀਦ ਅਨੁਸਾਰ ਤਰੱਕੀ ਨਹੀਂ ਕਰ ਸਕਿਆ ਹੈ। ਖੇਡ ਮੁਕਾਬਲਿਆਂ ਵਿੱਚ ਭਾਰਤੀ ਖਿਡਾਰੀਆਂ ਦੀ ਸਫ਼ਲਤਾ ਦੀ ਪ੍ਰਤੀਸ਼ਤਤਾ ਬਹੁਤ ਘੱਟ ਰਹੀ ਹੈ। ਛੋਟੇ ਦੇਸ਼ ਵੀ ਮੈਡਲ ਹਾਸਲ ਕਰਨ ਵਿੱਚ ਸਾਡੇ ਤੋਂ ਅੱਗੇ ਹਨ।

ਖੇਡਾਂ ਵਿੱਚ ਰਾਜਨੀਤੀ ਅਤੇ ਬਾਜ਼ਾਰਵਾਦ ਦੇ ਦਖ਼ਲ ਕਾਰਨ ਭਾਰਤ ਖੇਡਾਂ ਵਿੱਚ ਪਛੜਿਆ ਹੋਇਆ ਹੈ। ਇਸ ਨਾਲ ਖੇਡਾਂ ਦੇ ਉਦੇਸ਼ ਨੂੰ ਨੁਕਸਾਨ ਪਹੁੰਚਿਆ ਹੈ। ਖਿਡਾਰੀਆਂ ਵਿੱਚ ਖੇਡ ਭਾਵਨਾ ਖਤਮ ਹੋ ਗਈ ਹੈ ਅਤੇ ਖੇਡਾਂ ਨੂੰ ਪੈਸਾ ਕਮਾ ਕੇ ਅਮੀਰ ਬਣਨ ਦਾ ਸਾਧਨ ਸਮਝਿਆ ਗਿਆ ਹੈ। ਕ੍ਰਿਕਟ ਦੀ ਖੇਡ ਵਿੱਚ ਫਿਕਸਿੰਗ ਦੀ ਬਿਮਾਰੀ ਬਾਜ਼ਾਰਵਾਦ ਕਾਰਨ ਹੈ।

(ਬਾਕੀ ਸਫ਼ਾ 30 'ਤੇ)

# ਉਲੰਪਿਕ 'ਚ ਸਿਰਫ ਅਮਰੀਕਾ, ਚੀਨ ਅਤੇ ਬ੍ਰਿਟੇਨ ਹੀ ਕਿਉਂ ਜਿੱਤਦੇ ਹਨ ਜ਼ਿਆਦਾ ਮੈਡਲ



ਜਦੋਂ ਅਸੀਂ ਹਰ 4 ਸਾਲਾਂ ਬਾਅਦ ਹੋਣ ਵਾਲੀਆਂ ਉਲੰਪਿਕ ਖੇਡਾਂ ਦੀ ਤੁਲਨਾ ਕਰਦੇ ਹਾਂ ਤਾਂ ਭਾਰਤ ਸਭ ਤੋਂ ਵੱਧ ਤਗਮੇ ਜਿੱਤਣ ਵਾਲੇ ਦੇਸ਼ਾਂ ਵਿੱਚ ਬਹੁਤ ਪਿੱਛੇ ਰਹਿ ਜਾਂਦਾ ਹੈ। ਜਦਕਿ ਚੀਨ, ਅਮਰੀਕਾ ਅਤੇ ਬ੍ਰਿਟੇਨ ਤਗਮਾ ਸੂਚੀ 'ਚ ਸਿਖਰ 'ਤੇ ਬਣੇ ਹੁੰਦੇ ਹਨ।

ਅਮਰੀਕਾ ਉਲੰਪਿਕ ਲਈ ਐਥਲੀਟਾਂ 'ਤੇ 20 ਹਜ਼ਾਰ ਕਰੋੜ ਰੁਪਏ ਖਰਚ ਕਰਦਾ ਹੈ। ਬ੍ਰਿਟੇਨ ਹਰ ਸਾਲ ਟ੍ਰੇਨਿੰਗ 'ਤੇ 11 ਹਜ਼ਾਰ ਕਰੋੜ ਰੁਪਏ ਖਰਚ ਕਰਦਾ ਹੈ। ਚੀਨ ਉਲੰਪਿਕ ਖਿਡਾਰੀਆਂ ਦੀ ਸਿਖਲਾਈ 'ਤੇ 20 ਹਜ਼ਾਰ ਕਰੋੜ ਰੁਪਏ ਖਰਚ ਕਰਦਾ ਹੈ। ਤੁਹਾਨੂੰ ਦੱਸ ਦੇਈਏ ਕਿ ਇਨ੍ਹਾਂ ਦੇਸ਼ਾਂ ਵਿੱਚ ਸਰਕਾਰ ਹੀ ਨਹੀਂ, ਪ੍ਰਾਈਵੇਟ ਕੰਪਨੀਆਂ ਵੀ ਆਪਣੇ ਖਿਡਾਰੀਆਂ ਦਾ ਸਮਰਥਨ ਕਰਦੀਆਂ ਹਨ। ਇਸ ਸਹਿਯੋਗ ਨਾਲ ਖਿਡਾਰੀਆਂ ਨੂੰ ਖੁਰਾਕ ਤੋਂ ਲੈ ਕੇ ਹੋਰ ਸਾਧਨਾਂ ਤੱਕ ਆਰਥਿਕ ਮਦਦ ਮਿਲਦੀ ਹੈ। ਬ੍ਰਿਟੇਨ, ਰੂਸ, ਜਾਪਾਨ, ਅਮਰੀਕਾ ਅਤੇ ਚੀਨ ਵਰਗੇ ਦੇਸ਼ਾਂ ਦੇ ਲਗਭਗ ਹਰ ਵੱਡੇ ਸ਼ਹਿਰ ਵਿੱਚ ਖੇਡਾਂ ਦਾ ਬੁਨਿਆਦੀ ਢਾਂਚਾ ਹੈ।

**ਅੰਤਰਰਾਸ਼ਟਰੀ ਮਿਆਰਾਂ ਨਾਲ ਲੈਸ**

ਇਨ੍ਹਾਂ ਦੇਸ਼ਾਂ ਦੇ ਸਟੇਡੀਅਮ ਅੰਤਰਰਾਸ਼ਟਰੀ ਪੱਧਰ ਦੀਆਂ ਸਹੂਲਤਾਂ ਨਾਲ ਲੈਸ ਹਨ। ਉਨ੍ਹਾਂ ਦੇ ਉਪਕਰਨ, ਉੱਚ ਪ੍ਰਦਰਸ਼ਨ ਕੇਂਦਰ, ਬਾਇਓਮੈਕਨਿਕਸ ਸੈਂਟਰ ਸ਼ਾਮਲ ਹਨ। ਅਮਰੀਕਾ ਵਿੱਚ 130 ਸੰਸਥਾਵਾਂ ਵਿੱਚ ਖੇਡ ਅਧਿਐਨ ਪੜ੍ਹਾਇਆ ਜਾਂਦਾ ਹੈ। ਚੀਨ ਵਿੱਚ 100 ਤੋਂ ਵੱਧ ਅੰਤਰਰਾਸ਼ਟਰੀ ਪੱਧਰ ਦੇ ਸਟੇਡੀਅਮ ਹਨ। ਚੀਨ ਵਿੱਚ 25 ਸਪੋਰਟਸ ਯੂਨੀਵਰਸਿਟੀਆਂ ਅਤੇ 50 ਤੋਂ ਵੱਧ ਇੰਸਟੀਚਿਊਟ ਹਨ ਜਿਨ੍ਹਾਂ ਵਿੱਚ ਖਿਡਾਰੀਆਂ ਲਈ ਖੇਡ ਅਧਿਐਨ ਦੀਆਂ ਸਹੂਲਤਾਂ ਹਨ। ਹਰ ਖੇਡ ਦੇ ਵਿਗਿਆਨ ਨੂੰ ਸਮਝ ਕੇ ਖਿਡਾਰੀ ਤਿਆਰ ਕੀਤੇ ਜਾਂਦੇ ਹਨ। ਇਸ ਦੇ ਲਈ ਸਪੋਰਟਸ ਯੂਨੀਵਰਸਿਟੀ ਅਤੇ ਸਪੋਰਟਸ ਰਿਸਰਚ ਸੈਂਟਰ ਦੀ ਸਥਾਪਨਾ ਕੀਤੀ ਗਈ ਹੈ। ਚੀਨ ਵਿੱਚ ਸਖਤੀ ਦਾ ਪਾਲਣ ਕੀਤਾ ਜਾਂਦਾ ਹੈ, ਛੋਟੀ ਉਮਰ ਤੋਂ ਹੀ ਓਲੰਪਿਕ ਲਈ ਤਿਆਰ ਕੀਤਾ ਜਾਂਦਾ ਹੈ।

**ਭਾਰਤ ਖੇਡਾਂ 'ਤੇ ਅਮਰੀਕਾ, ਬ੍ਰਿਟੇਨ ਅਤੇ ਚੀਨ ਨਾਲੋਂ ਘੱਟ ਖਰਚ ਕਰਦਾ ਹੈ**

ਕੇਂਦਰ ਸਰਕਾਰ ਨੇ 2021-22 ਲਈ ਖੇਡ ਅਤੇ ਯੁਵਾ ਮਾਮਲਿਆਂ ਦੇ ਮੰਤਰਾਲੇ ਨੂੰ 2,596.14 ਕਰੋੜ ਰੁਪਏ ਦਾ ਬਜਟ ਦਿੱਤਾ ਸੀ। ਖੇਡ ਮੰਤਰਾਲੇ ਦੀ ਪ੍ਰਮੁੱਖ ਯੋਜਨਾ ਖੇਲੋ ਇੰਡੀਆ ਲਈ 660.41 ਕਰੋੜ ਰੁਪਏ ਦਿੱਤੇ ਗਏ ਸਨ। ਭਾਰਤ ਵਿੱਚ ਸਿਰਫ਼ 8 ਵੱਡੀਆਂ ਸਪੋਰਟਸ ਯੂਨੀਵਰਸਿਟੀਆਂ ਹਨ।

ਭਾਰਤ ਨੂੰ ਉਲੰਪਿਕ 'ਚ ਦੇਸ਼ ਦੀ ਰੈਂਕਿੰਗ ਲਈ 30 ਤੋਂ ਵੱਧ ਤਗਮੇ ਜਿੱਤਣੇ ਹੋਣਗੇ। ਭਾਰਤ ਨੂੰ ਉਲੰਪਿਕ ਮੁਕਾਬਲਿਆਂ 'ਚ ਟਾਪ-10 ਦੇਸ਼ਾਂ 'ਚ ਸ਼ਾਮਲ ਹੋਣ ਲਈ ਅਗਲੇ 15 ਸਾਲਾਂ ਲਈ ਖਾਸ ਰਣਨੀਤੀ ਬਣਾਉਣੀ ਪਵੇਗੀ। ਭਾਰਤ ਨੂੰ ਕੁਝ ਖਾਸ ਖੇਡ ਮੁਕਾਬਲਿਆਂ 'ਤੇ ਧਿਆਨ ਦੇਣਾ ਹੋਵੇਗਾ। ਇਨ੍ਹਾਂ ਮੁਕਾਬਲਿਆਂ ਵਿੱਚ ਹੀ 80 ਗੋਲਡ ਅਤੇ ਕੁੱਲ 240 ਮੈਡਲ ਹਨ। ਜੇਕਰ ਭਾਰਤ ਹੁਣ ਤੋਂ ਅਗਲੇ 15 ਸਾਲਾਂ ਲਈ ਤਿਆਰੀ ਸ਼ੁਰੂ ਕਰ ਦੇਵੇ ਤਾਂ ਟੀਚਾ ਹਾਸਲ ਕੀਤਾ ਜਾ ਸਕਦਾ ਹੈ। ਭਾਰਤ ਨੂੰ 2036 ਉਲੰਪਿਕ ਵਿੱਚ ਚੋਟੀ ਦੇ 10 ਦੇਸ਼ਾਂ ਦੀ ਸੂਚੀ ਵਿੱਚ ਸ਼ਾਮਲ ਕੀਤਾ ਜਾ ਸਕਦਾ ਹੈ।

ਟਾਪ-10 'ਚ ਜਗ੍ਹਾ ਬਣਾਉਣ ਲਈ 30 ਤੋਂ ਜ਼ਿਆਦਾ ਤਗਮੇ ਜਿੱਤਣੇ ਹੋਣਗੇ

ਭਾਰਤ ਨੂੰ ਘੱਟੋ-ਘੱਟ 10 ਸੋਨ ਤਗਮੇ ਮਿਲਣਗੇ। ਭਾਰਤੀ ਟੀਮ ਤੀਰਅੰਦਾਜ਼ੀ ਵਿੱਚ ਬਿਹਤਰ ਪ੍ਰਦਰਸ਼ਨ ਕਰ ਸਕਦੀ ਹੈ। ਇਸ ਵਰਗ ਵਿੱਚ ਮਹਿਲਾ, ਪੁਰਸ਼ ਅਤੇ ਮਿਕਸ ਵਰਗ ਵਿੱਚ ਕੁੱਲ 5 ਈਵੈਂਟ ਹਨ, ਭਾਰਤੀ ਟੀਮ ਨਿਸ਼ਾਨੇਬਾਜ਼ੀ ਵਿੱਚ ਵਧੀਆ ਪ੍ਰਦਰਸ਼ਨ ਕਰ ਸਕਦੀ ਹੈ, ਭਾਰਤ ਨੇ ਇਸ ਈਵੈਂਟ ਵਿੱਚ ਸੋਨ ਤਗਮਾ ਜਿੱਤਿਆ ਹੈ, ਔਰਤਾਂ, ਪੁਰਸ਼ ਅਤੇ ਮਿਕਸ ਵਰਗ ਵਿੱਚ ਕੁੱਲ 15 ਈਵੈਂਟ ਹਨ, ਭਾਵ 15 ਗੋਲਡ ਮੈਡਲ ਭਾਰਤ ਜਿੱਤ ਸਕਦਾ ਹੈ । ਭਾਰਤੀ ਟੀਮ ਬਾਕਸਿੰਗ 'ਚ ਚੰਗਾ ਪ੍ਰਦਰਸ਼ਨ ਕਰ ਸਕਦੀ ਹੈ।

**ਖੇਡਾਂ ਵਿੱਚ ਹਰਿਆਣਾ ਬਿਹਤਰ ਕਿਉਂ ?**

ਟੋਕੀਓ ਓਲੰਪਿਕ ਵਿੱਚ ਭਾਰਤ ਦੇ ਕੁੱਲ 127 ਖਿਡਾਰੀਆਂ ਨੇ ਭਾਗ ਲਿਆ ਸੀ। 127 ਵਿੱਚੋਂ 31 ਖਿਡਾਰੀਆਂ ਨੇ ਇਕੱਲੇ ਹਰਿਆਣਾ ਤੋਂ ਭਾਗ ਲਿਆ ਸੀ। ਦੇਸ਼ ਦੀ ਆਬਾਦੀ ਵਿੱਚ ਹਰਿਆਣਾ ਦਾ ਹਿੱਸਾ ਸਿਰਫ਼ 2 ਫ਼ੀਸਦੀ ਹੈ। ਉਲੰਪਿਕ ਟੀਮ ਵਿੱਚ ਹਰਿਆਣਾ ਦੀ ਹਿੱਸੇਦਾਰੀ 25% ਸੀ। ਟੋਕੀਓ ਉਲੰਪਿਕ ਵਿੱਚ ਭਾਰਤ ਨੇ ਸਿੰਗਲਜ਼ ਮੁਕਾਬਲੇ ਵਿੱਚ ਕੁੱਲ 6 ਤਗਮੇ ਜਿੱਤੇ, ਇੱਕ ਤਮਗਾ ਹਾਕੀ ਵਿੱਚ ਜਿੱਤਿਆ। ਹਰਿਆਣਾ ਦੇ ਖਿਡਾਰੀਆਂ ਨੇ ਕੁੱਲ 3 ਤਗਮੇ ਜਿੱਤੇ। ਭਾਰਤ ਵੱਲੋਂ ਜਿੱਤੇ ਗਏ ਕੁੱਲ ਤਮਗਿਆਂ ਵਿੱਚੋਂ 50% ਹਰਿਆਣੇ ਦੀਆਂ ਖਿਡਾਰਨਾਂ ਨੇ ਜਿੱਤੇ। ਮਹਿਲਾ ਹਾਕੀ ਟੀਮ ਵਿੱਚ ਨੌਂ ਖਿਡਾਰਨਾਂ ਹਰਿਆਣਾ ਦੀਆਂ ਸਨ। ਕੁੱਲ 7 ਪਹਿਲਵਾਨ ਸਨ ਜਿਨ੍ਹਾਂ ਵਿੱਚ 4 ਔਰਤਾਂ ਅਤੇ 3 ਪੁਰਸ਼ ਸਨ।

**ਕੀ ਭਾਰਤ 2036 ਉਲੰਪਿਕ ਲਈ ਬੋਲੀ ਲਗਾਏਗਾ ?**

ਟੋਕੀਓ ਉਲੰਪਿਕ 'ਚ ਭਾਰਤ ਦੇ ਹੁਣ ਤੱਕ ਦੇ ਬਿਹਤਰੀਨ ਪ੍ਰਦਰਸ਼ਨ ਤੋਂ ਬਾਅਦ ਦੇਸ਼ 'ਚ ਉਲੰਪਿਕ ਨੂੰ ਲੈ ਕੇ ਮਾਹੌਲ ਬਣ ਗਿਆ ਹੈ। ਲੋਕਾਂ ਦੇ ਮਨਾਂ ਵਿੱਚ ਇੱਕ ਸਵਾਲ ਹੈ ਕਿ ਕੀ ਭਾਰਤ ਕਦੇ ਉਲੰਪਿਕ ਦਾ ਆਯੋਜਨ ਕਰਨ ਵਾਲੇ ਦੇਸ਼ਾਂ ਦੀ ਸੂਚੀ ਵਿੱਚ ਸ਼ਾਮਲ ਹੋ ਸਕੇਗਾ ? ਹੁਣ ਮੇਜ਼ਬਾਨ ਦੇਸ਼ ਨੂੰ 2024, 2028, 2032 ਤੱਕ ਓਲੰਪਿਕ ਮੁਕਾਬਲਿਆਂ ਲਈ ਚੁਣਿਆ ਗਿਆ ਹੈ। 2024 ਉਲੰਪਿਕ ਪੈਰਿਸ ਵਿੱਚ, 2028 ਉਲੰਪਿਕ ਲਾਸ ਏਂਜਲਸ ਵਿੱਚ ਅਤੇ 2032 ਉਲੰਪਿਕ ਬ੍ਰਿਸਬੇਨ ਵਿੱਚ ਹੋਣੇ ਹਨ। 2036, 2040 ਅਤੇ 2044 ਦੇ ਉਲੰਪਿਕ ਮੁਕਾਬਲਿਆਂ ਲਈ ਬੋਲੀ ਅਜੇ ਬਾਕੀ ਹੈ।

(ਬਾਕੀ ਸਫ਼ਾ 30 'ਤੇ)

# ਵਿਦਿਆਰਥੀ ਜੀਵਨ 'ਚ ਖੇਡਾਂ ਦਾ ਮਹੱਤਵ



ਜਗਜੀਤ ਸਿੰਘ ਗਣੇਸ਼ਪੁਰ

ਵਿਦਿਆਰਥੀ ਜੀਵਨ ਵਿੱਚ ਅਕਾਦਮਿਕ ਪੜ੍ਹਾਈ ਦੇ ਨਾਲ-ਨਾਲ ਸੱਭਿਆਚਾਰਕ ਤੇ ਖੇਡ ਸਰਗਰਮੀਆਂ ਦਾ ਆਪਣਾ ਮਹੱਤਵਪੂਰਨ ਸਥਾਨ ਹੈ। ਪੜ੍ਹਾਈ ਦੇ ਨਾਲ ਖੇਡਾਂ ਵਿਦਿਆਰਥੀਆਂ ਜੀਵਨ ਵਿੱਚ ਆਪਣਾ ਅਹਿਮ ਕਿਰਦਾਰ ਨਿਭਾਉਂਦੀਆਂ ਹਨ। ਖੇਡਾਂ ਵਿਦਿਆਰਥੀਆਂ ਅੰਦਰ ਨੈਤਿਕ ਗੁਣਾਂ, ਜਿਵੇਂ ਸਹਿਣਸ਼ੀਲਤਾ, ਅਨੁਸ਼ਾਸਨ, ਸਦਾਚਾਰ, ਜਿੱਤਣ ਦੀ ਤਾਂਘ, ਆਪਸੀ ਪ੍ਰੇਮ ਪਿਆਰ, ਇਕਜੁੱਟਤਾ, ਸਬਰ ਆਦਿ ਕੁੱਟ-ਕੁੱਟ ਕੇ ਭਰਦੀਆਂ ਹਨ। ਖਿਡਾਰੀ ਕਿਸੇ ਵੀ ਦੇਸ਼ ਜਾਂ ਕੌਮ ਦੇ ਕੀਮਤੀ ਗਹਿਣੇ ਹੁੰਦੇ ਹਨ। ਜਦੋਂ ਉਹ ਆਪਣੀ ਖੇਡ ਜ਼ਰੀਏ ਦੁਨੀਆ ਦੇ ਕਿਸੇ ਵੀ ਕੋਨੇ ਵਿੱਚ ਜਿੱਤ ਦੇ ਝੰਡੇ ਗੱਡਦੇ ਹਨ ਤਾਂ ਸਮੁੱਚੇ ਦੇਸ਼-ਵਾਸੀਆਂ ਦਾ ਸੀਨਾ ਚੌੜਾ ਹੋ ਜਾਂਦਾ ਹੈ। ਹਾਕੀ, ਫੁੱਟਬਾਲ, ਕ੍ਰਿਕਟ, ਬਾਸਕਟਬਾਲ, ਕਬੱਡੀ ਆਦਿ ਖੇਡਾਂ ਟੀਮ ਭਾਵਨਾ ਨਾਲ ਖੇਡੀਆਂ ਜਾਂਦੀਆਂ ਹਨ, ਜਿਸ ਨਾਲ ਖਿਡਾਰੀ ਇਕਜੁੱਟਤਾ ਤੇ ਸਹਿਯੋਗ ਆਦਿ ਗੁਣ ਸਹਿਜੇ ਸਿੱਖ ਜਾਂਦੇ ਹਨ। ਅਨੁਸ਼ਾਸਨ ਵਿੱਚ ਰਹਿਣਾ ਤਾਂ ਖਿਡਾਰੀ ਦੀ ਜ਼ਿੰਦਗੀ ਦਾ ਹਿੱਸਾ ਬਣ ਜਾਂਦਾ ਹੈ, ਜਿਸ ਦਾ ਲਾਭ ਉਨ੍ਹਾਂ ਨੂੰ ਜ਼ਿੰਦਗੀ ਦੇ ਹਰ ਮੁਕਾਮ 'ਤੇ ਮਿਲਦਾ ਹੈ। ਅੱਜ ਜ਼ਿਆਦਾਤਰ ਨੌਜਵਾਨ ਗੈਂਗਵਾਰ ਤੇ ਨਸ਼ੇ ਆਦਿ ਕੁਰੀਤੀਆਂ 'ਚ ਫਸ ਕੇ ਆਪਣਾ ਬਹੁਮੁੱਲਾ ਜੀਵਨ ਵਿਅਰਥ ਗਵਾ ਰਹੇ ਹਨ। ਉਨ੍ਹਾਂ ਦੀ ਊਰਜਾ ਤੇ ਸਮੇਂ ਨੂੰ ਸਹੀ ਵਰਤੋਂ ਵਿਚ ਲਗਾਉਣ ਲਈ ਖੇਡਾਂ ਪ੍ਰਭਾਵਸ਼ਾਲੀ ਜ਼ਰੀਆ ਹੋ ਸਕਦੀਆਂ ਹਨ। ਖੇਡਾਂ ਨੌਜਵਾਨਾਂ ਨੂੰ ਸਕਾਰਾਤਮਕ ਸੋਚ ਦਾ ਧਾਰਨੀ ਬਣਾਉਂਦੀਆਂ ਹਨ। ਅਜੋਕੇ ਸਮੇਂ ਖਿਡਾਰੀਆਂ ਦੇ ਕਰੀਅਰ ਲਈ ਨਵੇਂ ਮੌਕੇ ਮਿਲ ਰਹੇ ਹਨ। ਅੱਜ-ਕੱਲ੍ਹ ਖਿਡਾਰੀਆਂ ਨੂੰ ਬਹੁਕੌਮੀ ਕੰਪਨੀਆਂ ਵੱਲੋਂ ਸਪਾਂਸਰ ਖੇਡ ਲੀਗ ਵਿੱਚ ਚੰਗੀ ਖੇਡ ਦਿਖਾਉਣ ਦੀ ਇਵਜ਼ ਵਜੋਂ ਚੰਗੀ ਰਾਸ਼ੀ ਦਿੱਤੀ ਜਾਂਦੀ ਹੈ, ਜਿਸ ਨਾਲ ਖਿਡਾਰੀ ਆਪਣੇ ਖੇਡ ਜੀਵਨ ਮਗਰੋਂ ਵੀ ਸਨਮਾਨਜਨਕ ਜ਼ਿੰਦਗੀ ਜਿਊਂਣ 'ਚ ਕਾਮਯਾਬ ਰਹਿੰਦਾ ਹੈ। ਇਨ੍ਹਾਂ ਸਕੀਮ 'ਚ ਹੋਰ ਸੁਧਾਰ ਕਰ ਕੇ ਵਿਦਿਆਰਥੀਆਂ ਨੂੰ ਵੱਧ ਤੋਂ ਵੱਧ ਇਸ ਨਾਲ ਜੋੜਨ ਦਾ ਉਪਰਾਲਾ ਕੀਤਾ ਜਾ ਰਿਹਾ ਹੈ, ਤਾਂ ਜੋ ਦੇਸ਼ 'ਚ ਖੇਡ ਸੱਭਿਆਚਾਰ ਸਿਰਜਿਆ ਜਾ ਸਕੇ। ਇਸ ਲਈ ਵਿਦਿਆਰਥੀ ਨੂੰ ਉਨ੍ਹਾਂ ਦੇ ਸਰਬਪੱਖੀ ਵਿਕਾਸ ਲਈ ਅਕਾਦਮਿਕ, ਸੱਭਿਆਚਾਰ ਤੇ ਖੇਡ ਸਰਗਰਮੀਆਂ 'ਚ ਹਿੱਸਾ ਲੈਣ ਲਈ ਉਤਸ਼ਾਹਿਤ ਕਰਨਾ ਚਾਹੀਦਾ ਹੈ।

## ਡੁੱਬਦਾ ਪੰਜਾਬ

ਇੱਕ ਹਕੀਕਤ ਹੈ ਕਿ ਵੱਡੇ ਹੜ੍ਹਾਂ ਤੋਂ ਇਲਾਵਾ ਕਰੀਬ ਹਰ ਸਾਲ ਹੀ ਨਿੱਕੇ ਮੋਟੇ ਹੜ੍ਹ ਆਉਣ ਵਾਲੇ ਹਾਲਾਤ ਬਰਸਾਤ ਦੇ ਮੌਸਮ ਵਿੱਚ ਬਣ ਜਾਂਦੇ ਹਨ। ਹਰ ਸਾਲ ਬਰਸਾਤ ਦੇ ਮੌਸਮ ਦੌਰਾਨ ਸਰਕਾਰਾਂ ਵੱਲੋਂ ਸੰਭਾਵੀ ਹੜ੍ਹਾਂ ਤੋਂ ਬਚਾਓ ਲਈ ਵੱਡੇ ਦਾਅਵੇ ਕੀਤੇ ਜਾਂਦੇ ਹਨ ਪਰ ਇਹ ਸਾਰੇ ਦਾਅਵੇ ਬਰਸਾਤ ਪੈਣ ਉਪਰੰਤ ਹਵਾ ਹਵਾਈ ਹੋ ਜਾਂਦੇ ਹਨ ਜਾਂ ਹੜ੍ਹਾਂ ਦੇ ਬੇਕਾਬੂ ਹੋਏ ਪਾਣੀ ਵਿੱਚ ਹੀ ਰੁੜ੍ਹ ਜਾਂਦੇ ਹਨ। ਬਰਸਾਤਾਂ ਸਮੇਂ ਹੀ ਸਰਕਾਰ, ਪ੍ਰਸ਼ਾਸਨ ਅਤੇ ਜ਼ਿੰਮੇਵਾਰ ਅਧਿਕਾਰੀਆਂ ਨੂੰ ਨਦੀਆਂ, ਨਾਲਿਆਂ ਅਤੇ ਬਰਸਾਤੀ ਚੋਆਂ ਦੀ ਸਫ਼ਾਈ ਕਰਵਾਉਣੀ ਯਾਦ ਆ ਜਾਂਦੀ ਹੈ, ਜਦੋਂ ਕਿ ਬਰਸਾਤਾਂ ਦੇ ਮੌਸਮ ਤੋਂ ਪਹਿਲਾਂ ਇਹਨਾਂ ਦੀ ਸਫਾਈ ਹੋਣੀ ਬਹੁਤ ਜਰੂਰੀ ਮੰਨੀ ਜਾਂਦੀ ਹੈ, ਪਰ ਅਕਸਰ ਇਹਨਾਂ ਦੀ ਸਾਫ ਸਫਾਈ ਕਾਗ਼ਜ਼ਾਂ ਵਿੱਚ ਹੀ ਹੋ ਜਾਂਦੀ ਹੈ ਅਤੇ ਅਮਲੀ ਤੌਰ 'ਤੇ ਠੋਸ ਰੂਪ ਵਿੱਚ ਕਾਰਵਾਈ ਬਹੁਤ ਘੱਟ ਹੁੰਦੀ ਹੈ। ਫਿਰ ਹੜ੍ਹ ਆਉਣ ਅਤੇ ਬਰਸਾਤੀ ਪਾਣੀ ਦੀ ਨਿਕਾਸੀ ਤੋਂ ਬਾਅਦ ਸਿਆਸੀ ਆਗੂਆਂ ਵੱਲੋਂ ਇੱਕ ਦੂਜੇ ਦੀ ਆਲੋਚਨਾ ਦਾ ਦੌਰ ਸ਼ੁਰੂ ਹੋ ਜਾਂਦਾ ਹੈ।

**ਸੈਲਾਨੀਆਂ ਵਿੱਚ ਵਾਧਾ ਅਤੇ ਵਾਤਾਵਰਨ**

ਅੰਕੜੇ ਦੱਸਦੇ ਹਨ ਕਿ 2022 ਵਿੱਚ ਹਿਮਾਚਲ ਪ੍ਰਦੇਸ਼ ਵਿੱਚ ਡੇਢ ਕਰੋੜ ਸੈਲਾਨੀ ਆਏ ਸਨ। ਸ਼ਿਮਲਾ ਦੀ ਕੁਲ ਆਬਾਦੀ ਦੋ ਲੱਖ ਹੈ, ਉਥੇ ਇੱਕ ਸਾਲ ਵਿੱਚ 55 ਲੱਖ ਸੈਲਾਨੀ ਗਏ, ਕੁੱਲੂ ਕਸਬੇ ਦੀ ਆਬਾਦੀ 30 ਹਜ਼ਾਰ ਹੈ, ਉਥੇ ਇੱਕ ਸਾਲ ਵਿੱਚ ਲੱਖਾਂ ਸੈਲਾਨੀ ਗਏ, ਇਹਨਾਂ ਅੰਕੜਿਆਂ ਤੋਂ ਪਤਾ ਚਲ ਜਾਂਦਾ ਹੈ ਕਿ ਉਥੇ ਵਾਤਾਵਰਨ ਦਾ ਕੀ ਹਾਲ ਹੋਇਆ ਹੋਵੇਗਾ। ਸੈਲਾਨੀਆਂ ਨੂੰ ਆਕਰਸ਼ਿਤ ਕਰਨਾ ਹੀ ਸਾਡਾ ਟੀਚਾ ਨਹੀਂ ਹੋਣਾ ਚਾਹੀਦਾ ਸਗੋਂ ਵਾਤਾਵਰਣ ਦੀ ਸੰਭਾਲ ਲਈ ਉਪਰਾਲੇ ਕਰਨੇ ਵੀ ਸਾਡੀ ਜ਼ਿੰਮੇਵਾਰੀ ਹੋਣੀ ਚਾਹੀਦੀ ਹੈ। 1956 ਵਿੱਚ ਬੰਨ੍ਹ ਬਣਨੇ ਸ਼ੁਰੂ ਹੋਏ, ਹਰ ਸਾਲ ਖ਼ੁਸ਼ੀ ਬੰਨ੍ਹਾਂ ਦੀ ਰਕਮ ਹਜ਼ਮ ਕਰਨ ਵਾਲਿਆਂ ਨੂੰ ਇਸ ਸਮੇਂ ਵਿੱਚ ਲਾਹਨਤ ਸ਼ਬਦ ਨੂੰ ਸਮਝ ਲੈਣਾ ਚਾਹੀਦਾ ਹੈ। 1956 ਤੋਂ ਲੈ ਕੇ ਹੁਣ ਤਕ ਇਹਨਾਂ ਦਾ ਹਾਜਮਾ ਮਜ਼ਬੂਤ ਹੈ। ਹੜ੍ਹਾਂ ਦੌਰਾਨ ਰਾਹਤ ਦੀ ਖ਼ਬਰ ਏਨੀ ਕੁ ਹੈ ਕਿ ਹੜ੍ਹਾਂ ਦੇ ਕਹਿਰ ਮੌਕੇ ਪੰਜਾਬੀਆਂ ਨੇ ਆਪਣੀ ਭਾਈਚਾਰਕ ਸਾਂਝ ਨੂੰ ਹੋਰ ਪਕੇਰਾ ਕਰਦਿਆਂ ਇੱਕ ਦੂਜੇ ਦੀ ਸਹਾਇਤਾ ਖੁੱਲ੍ਹ ਕੇ ਕੀਤੀ ਹੈ। ਹੜ੍ਹਾਂ ਦੌਰਾਨ ਸੰਵੇਦਨਾ/ਸਹਾਇਤਾ ਦਾ ਹੜ੍ਹ ਸਭ ਨੂੰ ਸਕੂਨ ਦੇਣ ਵਾਲਾ ਹੈ। ਆਪਸੀ ਭਾਈਚਾਰੇ ਦੀਆਂ ਬਿਨਾਂ ਕਿਸੇ ਧਾਰਮਿਕ ਭੇਦਭਾਵ ਦੇ ਮਦਦ ਪਹੁੰਚਾਉਣ ਵਾਲੀਆਂ ਤੰਦਾਂ ਧਰਮ ਦੇ ਨਾਂਅ 'ਤੇ ਸਿਆਸਤ ਖੇਡਣ ਵਾਲਿਆਂ ਦੇ ਮੂੰਹ 'ਤੇ ਚਪੇੜ ਹਨ।

***

## ਵਿਦੇਸ਼ 'ਚ ਵਿਦਿਆਰਥੀਆਂ

ਹੁਣ ਵਿਦੇਸ਼ ਆਉਣ ਵਾਲੇ ਤੀਜੇ ਵਰਗ ਦੇ ਮੁੰਡੇ ਅਤੇ ਕੁੜੀਆਂ ਦੀ ਗੱਲ ਕਰਦੇ ਹਾਂ।

ਇਹ ਉਹ ਬੱਚੇ ਹੁੰਦੇ ਹਨ ਜੋ ਇਕ-ਦੂਜੇ ਨੂੰ ਵੇਖ ਕੇ ਬਾਰ੍ਹਵੀਂ ਜਮਾਤ ਤੇ ਛੋਟੇ-ਮੋਟੇ ਕੋਰਸ ਕਰਨ ਤੋਂ ਬਾਅਦ ਕਿਸੇ ਨਾ ਕਿਸੇ ਤਰ੍ਹਾਂ ਆਈਲੈਟਸ ਕਰ ਕੇ ਵਿਦੇਸ਼ ਆਉਣ ਦੇ ਚਾਹਵਾਨ ਹੁੰਦੇ ਹਨ। ਇਨ੍ਹਾਂ ਦਾ ਉਦੇਸ਼ ਸਿਰਫ਼ ਡਾਲਰ ਕਮਾ ਕੇ ਅਮੀਰ ਹੋਣਾ ਹੁੰਦਾ ਹੈ। ਇਸ ਵਰਗ ਦੇ ਬੱਚਿਆਂ ਦੇ ਮਾਪੇ ਇਨ੍ਹਾਂ ਦੀ ਜ਼ਿੱਦ ਤੋਂ ਮਜਬੂਰ ਹੋ ਕੇ ਬੈਂਕਾਂ ਤੋਂ ਕਰਜ਼ਾ ਕੇ ਚੁੱਕ ਕੇ, ਜ਼ਮੀਨਾਂ ਵੇਚ ਕੇ ਅਤੇ ਆਪਣੇ ਰਿਸ਼ਤੇਦਾਰਾਂ ਤੋਂ ਪੈਸੇ ਉਧਾਰ ਫੜ ਕੇ ਇਨ੍ਹਾਂ ਨੂੰ ਵਿਦੇਸ਼ ਭੇਜ ਦਿੰਦੇ ਹਨ। ਇਹ ਬੱਚੇ ਆਏ ਤਾਂ ਪੜ੍ਹਾਈ ਕਰਨ ਦੇ ਆਧਾਰ 'ਤੇ ਹੁੰਦੇ ਹਨ, ਇਹ ਆਉਂਦੇ ਹੀ ਰੁਜ਼ਗਾਰ ਲੱਭਦੇ ਹਨ ਕਿਉਂਕਿ ਉਹ ਇਹ ਸੋਚ ਕੇ ਅਤੇ ਆਪਣੇ ਮਾਪਿਆਂ ਨੂੰ ਕਹਿ ਕੇ ਆਏ ਹੁੰਦੇ ਹਨ ਕਿ ਉਨ੍ਹਾਂ ਨੇ ਡਾਲਰ ਕਮਾ ਕੇ ਕਰਜ਼ਾ ਉਤਾਰ ਦੇਣਾ ਹੈ, ਪੜ੍ਹਾਈ ਦਾ ਖ਼ਰਚਾ ਕੱਢਣ ਲੱਗ ਪੈਣਾ ਹੈ ਪਰ ਇੱਥੇ ਆ ਕੇ ਜਦੋਂ ਉਨ੍ਹਾਂ ਨੂੰ ਰੁਜ਼ਗਾਰ ਨਹੀਂ ਮਿਲਦਾ ਤਾਂ ਉਹ ਹਤਾਸ਼ ਹੋ ਜਾਂਦੇ ਹਨ।

ਕਈ ਤਾਂ ਜ਼ਿੰਦਗੀ ਤੋਂ ਹਾਰ ਮੰਨ ਕੇ ਆਤਮ-ਹੱਤਿਆ ਕਰਨ ਦੀ ਵੀ ਸੋਚ ਲੈਂਦੇ ਹਨ। ਹੁਣ ਆਪਣੇ ਦੇਸ਼ ਦੀਆਂ ਸਿੱਖਿਆ ਨੀਤੀਆਂ ਦੀ ਗੱਲ ਕਰਨ ਤੋਂ ਪਹਿਲਾਂ ਉਸ ਵਰਗ ਦੇ ਬੱਚਿਆਂ ਦਾ ਜ਼ਿਕਰ ਕਰਨਾ ਪਵੇਗਾ ਜਿਹੜੇ ਸਾਡੇ ਦੇਸ਼ ਦੀਆਂ ਸਿੱਖਿਆ ਨੀਤੀਆਂ ਦੀ ਪੈਦਾਇਸ਼ ਹੁੰਦੇ ਹਨ। ਇਹ ਉਹ ਬੱਚੇ ਹੁੰਦੇ ਹਨ ਜਿਹੜੇ ਛੋਟੇ-ਮੋਟੇ ਰੁਜ਼ਗਾਰ ਉੱਤੇ ਲੱਗ ਕੇ ਪੈਰ ਛੱਡ ਜਾਂਦੇ ਹਨ। ਬਾਈਕਾਂ ਅਤੇ ਕਾਰਾਂ ਦੇ ਸਾਇਲੈਂਸਰ ਖੋਲ੍ਹ ਕੇ ਪਟਾਕੇ ਚਲਾਉਂਦੇ ਹਨ। ਕਾਰਾਂ ਵਿੱਚ ਉੱਚੀ ਆਵਾਜ਼ ਵਿੱਚ ਡੈੱਕ ਲਗਾ ਕੇ ਥਾਂ-ਥਾਂ ਘੁੰਮਦੇ ਹਨ। ਨਸ਼ੇ ਕਰਕੇ ਲੜਾਈਆਂ-ਝਗੜੇ ਕਰਦੇ ਹਨ। ਉਨ੍ਹਾਂ ਨੇ ਆਂਢੀਆਂ-ਗੁਆਂਢੀਆਂ ਦਾ ਜਿਊਣਾ ਮੁਸ਼ਕਲ ਕੀਤਾ ਹੁੰਦਾ ਹੈ। ਇਨ੍ਹਾਂ ਬੱਚਿਆਂ ਕਾਰਨ ਹੀ ਤਿੰਨਾਂ ਮੁਲਕਾਂ ਨੇ ਸਾਡੇ ਦੇਸ਼ ਦੇ ਕੁਝ ਪ੍ਰਾਂਤਾਂ ਦੇ ਬੱਚਿਆਂ ਦੇ ਆਉਣ 'ਤੇ ਰੋਕ ਲਗਾ ਦਿੱਤੀ ਹੈ। ਭਵਿੱਖ ਵਿਚ ਇਹ ਰੋਕ ਹੋਰ ਮੁਲਕ ਵੀ ਲਗਾ ਸਕਦੇ ਹਨ।

ਭਾਰਤ ਦੀ ਸਿੱਖਿਆ ਦਾ ਤਾਂ ਇਹ ਹਾਲ ਹੈ ਕਿ ਦੇਸ਼ ਦੇ ਜ਼ਿਆਦਾਤਰ ਨੌਜਵਾਨਾਂ ਪੱਲੇ ਡਿਗਰੀਆਂ ਤਾਂ ਹਨ ਪਰ ਲੋੜੀਂਦਾ ਗਿਆਨ ਨਹੀਂ। ਇਸ ਨੇ ਬੇਰੁਜ਼ਗਾਰੀ ਦੇ ਸੰਕਟ ਨੂੰ ਹੋਰ ਵੀ ਸੰਕਟ ਭਰਪੂਰ ਕਰ ਦਿੱਤਾ ਹੈ। ਜੇ ਸਾਡੇ ਦੇਸ਼ ਦੀਆਂ ਸਰਕਾਰਾਂ ਨੇ ਸਿੱਖਿਆ ਨੀਤੀਆਂ ਵਿਚ ਸੁਧਾਰ ਨਾ ਕੀਤਾ ਤਾਂ ਆਉਣ ਵਾਲੇ ਸਮੇਂ ਵਿਚ ਹੋਰ ਕਈ ਤਰ੍ਹਾਂ ਦੀਆਂ ਸਮੱਸਿਆਵਾਂ ਪੈਦਾ ਹੋਣ ਦੀਆਂ ਸੰਭਾਵਨਾਵਾਂ ਵਧਦੀਆਂ ਜਾ ਰਹੀਆਂ ਹਨ।

***

## ਭੁੱਖਮਰੀ ਕਾਰਨ ਹਰ 4 ਸੈਕਿੰਡ

ਹਾਲ ਹੀ ਵਿੱਚ, ਵਿਸ਼ਵਵਿਆਪੀ ਭੁੱਖਮਰੀ ਸੰਕਟ ਨੂੰ ਖਤਮ ਕਰਨ ਦੀ ਮੰਗ ਕਰਦੇ ਹੋਏ, 200 ਤੋਂ ਵੱਧ ਗੈਰ-ਸਰਕਾਰੀ ਸੰਗਠਨਾਂ ਨੇ ਚਿਤਾਵਨੀ ਦਿੱਤੀ ਹੈ ਕਿ ਹਰ 4 ਸੈਕਿੰਡ ਵਿੱਚ ਇੱਕ ਵਿਅਕਤੀ ਭੁੱਖ ਨਾਲ ਮਰ ਰਿਹਾ ਹੈ। ਅਜਿਹੇ 'ਚ ਅੰਤਰਰਾਸ਼ਟਰੀ ਪੱਧਰ 'ਤੇ ਕੁਝ ਕਦਮ ਚੁੱਕੇ ਜਾਣੇ ਚਾਹੀਦੇ ਹਨ।'ਦਿ ਫੂਡ ਐਂਡ ਐਗਰੀਕਲਚਰ ਆਰਗੇਨਾਈਜ਼ੇਸ਼ਨ' ਦੀ ਸਾਲ 2020 ਦੀ ਰਿਪੋਰਟ ਅਨੁਸਾਰ ਭਾਰਤ ਦੇ 1,331.5 ਮਿਲੀਅਨ ਲੋਕਾਂ ਵਿੱਚੋਂ 973.3 ਮਿਲੀਅਨ ਲੋਕ ਅਜਿਹੇ ਸਨ ਜੋ ਦੱਖਣੀ ਏਸ਼ੀਆ ਵਿੱਚ ਸਿਹਤਮੰਦ ਭੋਜਨ ਨਹੀਂ ਲੈ ਸਕਦੇ ਸਨ। ਪੂਰੇ ਏਸ਼ੀਆ ਵਿੱਚ 1891.4 ਮਿਲੀਅਨ ਲੋਕ ਸਿਹਤਮੰਦ ਖੁਰਾਕ ਨਹੀਂ ਲੈ ਸਕਦੇ ਸਨ, ਜਿਨ੍ਹਾਂ ਵਿੱਚੋਂ ਲਗਭਗ ਅੱਧੇ ਭਾਰਤ ਵਿੱਚ ਸਨ। ਦੂਜੇ ਪਾਸੇ ਐਫ਼.ਏ.ਓ. ਨੇ ਵੀ ਆਪਣੀ ਰਿਪੋਰਟ ਵਿੱਚ ਕਿਹਾ ਹੈ ਕਿ ਭਾਰਤ ਵੱਲੋਂ ਜ਼ਰੂਰੀ ਡਾਟਾ ਸਾਂਝਾ ਨਹੀਂ ਕੀਤਾ ਗਿਆ। ਰਿਪੋਰਟ ਮੁਤਾਬਕ 2019-21 'ਚ ਭਾਰਤ ਦੇ 41 ਫੀਸਦੀ ਲੋਕਾਂ ਨੂੰ ਭੋਜਨ ਦੀ ਅਸੁਰੱਖਿਆ ਦਾ ਸਾਹਮਣਾ ਕਰਨਾ ਪਿਆ। ਅੰਤਰਰਾਸ਼ਟਰੀ ਪੱਧਰ 'ਤੇ ਜਾਰੀ ਕਈ ਰਿਪੋਰਟਾਂ 'ਚ ਕਿਹਾ ਗਿਆ ਹੈ ਕਿ ਭਾਰਤ ਨੇ ਗਰੀਬੀ, ਭੁੱਖਮਰੀ ਨਾਲ ਜੁੜੇ ਅੰਕੜੇ ਸਾਂਝੇ ਨਹੀਂ ਕੀਤੇ ਹਨ।

ਸਾਮਰਾਜੀ ਦੇਸ਼ਾਂ ਵਲੋਂ ਮਨੁੱਖਤਾ 'ਤੇ ਥੋਪੀਆਂ ਗਈਆਂ ਬੇਵਜ੍ਹਾ ਦੀਆਂ ਜੰਗਾਂ ਵੀ ਭੁੱਖਮਰੀ ਦੇ ਵਿੱਚ ਵਾਧਾ ਕਰਨ ਦੀਆਂ ਜ਼ਿੰਮੇਵਾਰ ਹਨ। ਅਮਰੀਕੀ ਸਾਮਰਾਜ ਅਤੇ ਉਸਦੇ ਭਾਈਵਾਲ ਸਾਊਦੀ ਅਰਬ ਵੱਲੋਂ ਯਮਨ ਦੇ ਲੋਕਾਂ 'ਤੇ ਜੰਗ ਥੋਪੀ ਗਈ, ਨਤੀਜਾ ਨਿਕਲਿਆ ਕਿ 70 ਲੱਖ ਲੋਕ ਭਿਆਨਕ ਭੁੱਖ ਮਰੀ ਦਾ ਸ਼ਿਕਾਰ ਹੋਏ। ਅਫਗਾਨਿਸਤਾਨ ਦੇ ਵਿੱਚ 20 ਸਾਲ ਤੋਂ ਲੰਬੀ ਜੰਗ ਦੇ ਬਾਅਦ ਅਮਰੀਕਾ ਹਾਰ ਕੇ ਉਥੋਂ ਨਿਕਲਿਆ ਪਰ ਜਾਂਦੇ ਜਾਂਦੇ ਅਮਰੀਕੀਆਂ ਨੇ ਅਫਗਾਨਿਸਤਾਨ ਦੇ ਕੇਂਦਰੀ ਬੈਂਕ ਦੇ 9 ਕਰੋੜ ਡਾਲਰ ਦੀ ਰਕਮ ਨੂੰ ਜ਼ਬਤ ਕਰ ਲਿਆ, ਜਿਸ ਕਾਰਨ ਹੁਣ ਉਥੇ ਵੀ 90 ਫੀਸਦੀ ਆਬਾਦੀ ਛੇਤੀ ਹੀ ਭੁੱਖਮਰੀ ਦਾ ਸ਼ਿਕਾਰ ਹੋ ਸਕਦੀ ਹੈ। 2022 ਵਿੱਚ ਭੋਜਨ ਵਸਤਾਂ ਦੀਆਂ ਕੀਮਤਾਂ ਵੱਧਣ ਦਾ ਕਾਰਨ ਰੂਸ- ਯੂਕ੍ਰੇਨ ਜੰਗ ਵੀ ਹੈ। ਇਹ ਦੋਵੇਂ ਦੇਸ਼ ਸੰਸਾਰ ਵਿੱਚ 30 ਫੀਸਦੀ ਕਣਕ ਦੀ ਪੂਰਤੀ ਦੇ ਲਈ ਮੰਨੇ ਜਾਂਦੇ ਹਨ। ਸੋ ਜੰਗ ਕਾਰਨ ਵੱਡੀ ਮਾਤਰਾ ਵਿੱਚ ਅਨਾਜ ਦੀ ਬਰਬਾਦੀ ਹੋਈ। ਇਸ ਤੋਂ ਇਲਾਵਾ ਅਮਰੀਕਾ ਅਤੇ ਉਸਦੇ ਭਾਈਵਾਲਾਂ ਵੱਲੋਂ ਰੂਸ 'ਤੇ ਲਗਾਈਆਂ ਪਾਬੰਦੀਆਂ ਕਾਰਨ ਰੂਸ ਵਿੱਚ ਦਰਾਮਦ ਹੁੰਦੀਆਂ ਖਾਦਾਂ ਖੇਤੀ ਵਸਤਾਂ ਦੀਆਂ ਕੀਮਤਾਂ ਵਿੱਚ ਵੀ ਵਾਧਾ ਹੋਇਆ, ਜਿਸਦੀ ਮਾਰ ਆਮ ਲੋਕਾਂ ਨੂੰ ਝੱਲਣੀ ਪਈ ਹੈ। ਭਾਵੇਂ ਭੁੱਖਮਰੀ ਦੇ ਮਾਮਲੇ ਵਿੱਚ ਭਾਰਤ ਦਾ ਗ੍ਰਾਫ ਸਾਲ-ਦਰ-ਸਾਲ ਹੇਠਾਂ ਜਾ ਰਿਹਾ ਹੈ, ਪ੍ਰਧਾਨ ਮੰਤਰੀ ਸਮੇਤ ਲਗਭਗ ਹਰ ਮੰਤਰੀ ਮੁਫਤ ਰਾਸ਼ਨ ਯੋਜਨਾ 'ਤੇ ਸਰਕਾਰ ਦੀ ਤਾਰੀਫ਼ ਕਰਦਾ ਨਜ਼ਰ ਆ ਰਿਹਾ ਹੈ, ਪਰ ਕੀ ਇਹ ਸਾਰੀਆਂ ਰਿਪੋਰਟਾਂ ਗਲਤ ਹਨ। ਭੁੱਖਮਰੀ, ਗਰੀਬੀ, ਅਸਮਾਨਤਾ ਅਤੇ ਭੋਜਨ ਸੁਰੱਖਿਆ ਵਰਗੇ ਮੁੱਦਿਆਂ 'ਤੇ ਆਧਾਰਿਤ ਕਈ ਅੰਤਰਰਾਸ਼ਟਰੀ ਰਿਪੋਰਟਾਂ 'ਚ ਭਾਰਤ ਦੀ ਸਥਿਤੀ ਨੂੰ ਚਿੰਤਾਜਨਕ ਦੱਸਿਆ ਗਿਆ ਹੈ। ਇਸ ਦੇ ਬਾਵਜੂਦ ਭਾਰਤ ਸਰਕਾਰ ਇਸ ਨੂੰ ਆਪਣੇ ਵਿਰੁੱਧ ਸਾਜ਼ਿਸ਼ ਕਰਾਰ ਦਿੰਦੀ ਨਜ਼ਰ ਆ ਰਹੀ ਹੈ। ਜੇਕਰ ਕਿਸੇ ਅੰਤਰਰਾਸ਼ਟਰੀ ਰਿਪੋਰਟ ਵਿੱਚ ਭਾਰਤ ਦੀ ਹਾਲਤ ਖਰਾਬ ਦੱਸੀ ਜਾਂਦੀ ਹੈ ਤਾਂ ਸਰਕਾਰ ਤੁਰੰਤ ਇਸ ਨੂੰ ਰੱਦ ਕਰਦੀ ਨਜ਼ਰ ਆਉਂਦੀ ਹੈ।

ਭਾਰਤ 'ਚ ਗਰੀਬੀ ਅਤੇ ਮਹਿੰਗਾਈ ਲਗਾਤਾਰ ਵਧ ਰਹੀ ਹੈ, ਜਿਸ ਕਾਰਨ ਲੋਕਾਂ ਨੂੰ ਭੋਜਨ ਦੀ ਮੁੱਢਲੀ ਲੋੜ ਪੂਰੀ ਕਰਨ 'ਚ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਸ ਦੇ ਬਾਵਜੂਦ ਸਰਕਾਰ ਆਪਣੇ ਪ੍ਰਚਾਰ ਪ੍ਰਣਾਲੀ ਰਾਹੀਂ ਅਜਿਹੀਆਂ ਖ਼ਬਰਾਂ ਨੂੰ ਗਲਤ ਸਾਬਤ ਕਰਕੇ ਚੁੱਪ ਵੱਟੀ ਬੈਠੀ ਹੈ। ਹੁਣ ਸਵਾਲ ਇਹ ਪੈਦਾ ਹੁੰਦਾ ਹੈ ਕਿ ਆਲੋਚਨਾ ਨੂੰ ਸਾਜ਼ਿਸ਼ ਕਰਾਰ ਦੇਣ ਵਾਲੀ ਸਰਕਾਰ ਕਦੋਂ ਤੱਕ ਹਕੀਕਤ ਤੋਂ ਅੱਖਾਂ ਬੰਦ ਕਰਕੇ ਬੈਠੀ ਰਹੇਗੀ ?

***

## ਮੋਦੀ ਦਾ ਫਰਾਂਸ ਦੇ ਸਰਬਉੱਚ ਨਾਗਰਿਕ

“ਮੈਂ ਬੇਹੱਦ ਨਿਮਰਤਾ ਨਾਲ ਗ੍ਰੈਂਡ ਕਰਾਸ ਆਫ਼ ਦਿ ਲੀਜਨ ਆਫ਼ ਆਨਰ ਨੂੰ ਸਵੀਕਾਰ ਕਰਦਾ ਹਾਂ। ਇਹ ਭਾਰਤ ਦੇ 140 ਕਰੋੜ ਲੋਕਾਂ ਦਾ ਸਨਮਾਨ ਹੈ। ਮੈਂ ਇਸ ਲਈ ਰਾਸ਼ਟਰਪਤੀ ਇਮੈਨੁਅਲ ਮੈਕਰੋਂ, ਫਰਾਂਸ ਸਰਕਾਰ ਅਤੇ ਉਥੋਂ ਦੇ ਲੋਕਾਂ ਦਾ ਧੰਨਵਾਦ ਕਰਦਾ ਹਾਂ। ਇਹ ਭਾਰਤ ਪ੍ਰਤੀ ਉਨ੍ਹਾਂ ਦੇ ਡੂੰਘੇ ਸਨੇਹ ਅਤੇ ਸਾਡੇ ਦੇਸ਼ ਨਾਲ ਦੋਸਤੀ ਨੂੰ ਅੱਗੇ ਵਧਾਉਣ ਦੇ ਅਹਿਦ ਨੂੰ ਦਰਸਾਉਂਦਾ ਹੈ।” ਪ੍ਰਧਾਨ ਮੰਤਰੀ ਮੋਦੀ ਨੂੰ ਪਹਿਲਾਂ ਵੀ ਕਈ ਮੁਲਕਾਂ ਨੇ ਆਪਣੇ ਸਰਬਉੱਚ ਪੁਰਸਕਾਰਾਂ ਨਾਲ ਨਿਵਾਜਿਆ ਹੈ। ਇਸ ਤੋਂ ਪਹਿਲਾਂ ਫਰਾਂਸ ਦੇ ਰਾਸ਼ਟਰਪਤੀ ਅਤੇ ਪ੍ਰਥਮ ਮਹਿਲਾ ਬ੍ਰਿਜਿਟ ਮੈਕਰੋਂ ਨੇ ਐਲਿਸੀ ਪੈਲੇਸ 'ਚ ਪ੍ਰਧਾਨ ਮੰਤਰੀ ਮੋਦੀ ਲਈ ਨਿੱਜੀ ਰਾਤਰੀ ਭੋਜ ਦਾ ਪ੍ਰਬੰਧ ਕੀਤਾ ਸੀ।

***

## ਯੂਨੀਫਾਰਮ ਸਿਵਲ ਕੋਡ ਦੀ ਫਿਰਕੂ ਖੇਡ ਨਾਲ

ਜਾਂ ਰਾਜਪਾਲ ਦੇ ਵਤੀਰੇ ਦੇ ਕਾਰਨ ਹਿੰਦੀ ਭਾਸ਼ਾ ਠੋਸਣ ਨੂੰ ਆਧਾਰ ਬਣਾਕੇ ਮੋਦੀ ਸਰਕਾਰ ਨੂੰ ਘੇਰ ਰਹੀਆਂ ਹਨ। ਮੋਦੀ ਵਿਰੋਧੀ ਧਿਰਾਂ ਅਨੁਸਾਰ ਭਾਜਪਾ ਰਾਜਾਂ ਤੇ ਘੱਟ ਗਿਣਤੀਆਂ ਦੇ ਹੱਕ ਖੋਹਕੇ ਦੇਸ਼ ਦੀ ਸੱਭਿਆਚਾਰਕ ਏਕਤਾ ਨੂੰ ਖਿੰਡਾਅ ਰਹੀ ਹੈ ਤੇ ਸੰਵਿਧਾਨ ਦਾ ਅਪਮਾਨ ਕਰ ਰਹੀ ਹੈ। ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਅਤੇ ਅਕਾਲੀ ਸੰਸਦ ਮੈਂਬਰ ਵੀ ਯੂਨੀਫਾਰਮ ਸਿਵਲ ਕੋਡ ਦੇ ਖ਼ਿਲਾਫ਼ ਖੁੱਲ੍ਹ ਕੇ ਸਾਹਮਣੇ ਆ ਗਏ ਹਨ। ਸਾਬਕਾ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ 22ਵੇਂ ਲਾਅ ਕਮਿਸ਼ਨ ਨੂੰ ਸੂਚਿਤ ਕੀਤਾ ਹੈ ਕਿ ਪ੍ਰਸਤਾਵਿਤ ਯੂਨੀਫਾਰਮ ਸਿਵਲ ਕੋਡ ਨੂੰ ਲਾਗੂ ਕਰਨਾ ਦੇਸ਼ ਦੇ ਹਿੱਤ ਵਿੱਚ ਨਹੀਂ ਹੈ ਅਤੇ ਦੇਸ਼ ਵਿਆਪੀ ਅੰਤਰ-ਧਾਰਮਿਕ ਸਹਿਮਤੀ ਤੋਂ ਬਿਨਾਂ ਘੱਟ ਗਿਣਤੀਆਂ ਨੂੰ ਇਸ ਦੇ ਦਾਇਰੇ ਵਿੱਚ ਲਿਆਉਣਾ ਗਲਤ ਤੇ ਗੈਰ ਸੰਵਿਧਾਨਕ ਹੋਵੇਗਾ। ਇਹ ਦੇਸ਼ ਨੂੰ ਅਸਥਿਰ ਕਰਨ ਵਾਲੀ ਕਾਰਵਾਈ ਹੈ।

***

## ਲੋਕ ਸਭਾ ਚੋਣਾਂ 2024: ਅਕਾਲੀ ਦਲ

ਇਹ ਸਾਫ਼ ਕਰ ਚੁੱਕੇ ਹਨ ਕਿ ਭਾਜਪਾ ਇਹ ਚੋਣਾਂ ਆਪਣੇ ਸਿਰ 'ਤੇ ਹੀ ਲੜੇਗੀ। ਇਸ ਤਰ੍ਹਾਂ ਜਾਪਦਾ ਹੈ ਕਿ ਪੰਜਾਬ ਭਾਜਪਾ ਦੀ ਨਿਗ੍ਹਾ 2024 ਦੀਆਂ ਲੋਕ ਸਭਾ ਚੋਣਾਂ 'ਤੇ ਘੱਟ ਅਤੇ 2027 ਦੀਆਂ ਵਿਧਾਨ ਸਭਾ ਚੋਣਾਂ 'ਤੇ ਜ਼ਿਆਦਾ ਹੈ। ਉਂਜ ਵੀ ਪੰਜਾਬ ਭਾਜਪਾ 'ਤੇ ਬਾਹਰਲੀਆਂ ਪਾਰਟੀਆਂ ਵਿਚੋਂ ਆਏ ਨੇਤਾ, ਜ਼ਿਆਦਾ ਹਾਵੀ ਹਨ ਅਤੇ ਉਨ੍ਹਾਂ ਨੂੰ ਅਕਾਲੀ ਦਲ ਨਾਲ ਸਮਝੌਤਾ ਸੂਤ ਨਹੀਂ ਬੈਠਦਾ।

ਅਜਿਹੀ ਸਥਿਤੀ ਵਿੱਚ ਅਕਾਲੀ ਦਲ ਬਹੁਤ ਮੁਸ਼ਕਿਲ ਵਿੱਚ ਨਜ਼ਰ ਆ ਰਿਹਾ ਹੈ। ਬਸਪਾ ਨਾਲ ਸਮਝੌਤੇ ਦੇ ਬਾਵਜੂਦ ਉਸ ਦਾ 2024 ਦੀਆਂ ਚੋਣਾਂ ਵਿੱਚ ਚੰਗਾ ਪ੍ਰਦਰਸ਼ਨ ਔਖਾ ਜਾਪਦਾ ਹੈ। ਦੂਜੇ ਪਾਸੇ ਅਕਾਲੀ ਦਲ ਨੇ 1975 ਤੋਂ ਲਗਾਤਾਰ ਕਾਂਗਰਸ ਖ਼ਿਲਾਫ਼ ਪ੍ਰਚਾਰ ਕਰਕੇ ਕਾਂਗਰਸ ਨੂੰ ਅਕਾਲੀ ਦਲ ਲਈ ਅਛੂਤ ਬਣਾ ਦਿੱਤਾ ਹੈ। ਇਸ ਕਰਕੇ ਕਾਂਗਰਸ ਨਾਲ ਅਕਾਲੀਆਂ ਦਾ ਸਮਝੌਤਾ ਇਸ ਸਥਿਤੀ ਵਿੱਚ ਉਚਿਤ ਸੀ। ਇਸ ਬਾਰੇ ਅਕਾਲੀ ਦਲ ਦੀ ਲੀਡਰਸ਼ਿਪ ਵਿੱਚ ਸਾਂਝੀ ਰਾਇ ਨਹੀਂ ਬਣ ਰਹੀ। ਕਾਂਗਰਸ ਨਾਲ ਸਮਝੌਤਾ ਕਰਨ ਦੀ ਸਲਾਹ ਦੇਣ ਵਾਲੇ ਇਹ ਦਲੀਲ ਵੀ ਦਿੰਦੇ ਹਨ ਕਿ ਇਸ ਵੇਲੇ ਘੱਟ ਗਿਣਤੀਆਂ ਲਈ ਭਾਜਪਾ ਕਾਂਗਰਸ ਨਾਲੋਂ ਕਿਤੇ ਵੱਧ ਖ਼ਤਰਨਾਕ ਹੈ, ਕਿਉਂਕਿ ਭਾਜਪਾ ਦਾ ਨਿਸ਼ਾਨਾ 'ਹਿੰਦੂ ਰਾਸ਼ਟਰ' ਹੈ, ਜਿਸ ਦਾ ਕਾਂਗਰਸ ਕਿਸੇ ਹੱਦ ਤੱਕ ਵਿਰੋਧ ਕਰਦੀ ਹੈ ਪਰ ਇਨ੍ਹਾਂ ਦਲੀਲਾਂ ਦੇ ਬਾਵਜੂਦ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਕਾਂਗਰਸ ਨਾਲ ਗੱਠਜੋੜ ਲਈ ਤਿਆਰ ਨਜ਼ਰ ਨਹੀਂ ਆ ਰਹੇ। ਹਾਲ ਦੀ ਘੜੀ ਅਕਾਲੀ ਲੀਡਰਸ਼ਿਪ ਦਾ ਦੁਚਿੱਤੀ ਵਿੱਚ ਰਹਿਣਾ ਅਕਾਲੀ ਰਾਜਨੀਤੀ ਲਈ ਸੰਕਟ ਪੈਦਾ ਕਰੇਗਾ। ਹਾਲਾਂ ਕਿ ਭਾਜਪਾ ਦੇ ਕੁਝ ਹਲਕੇ ਇਹ ਸਮਝਦੇ ਹਨ ਕਿ ਭਾਜਪਾ 2023 ਦੇ ਅੰਤ ਵਿੱਚ 5 ਰਾਜਾਂ ਛਤੀਸਗੜ੍ਹ, ਮੱਧ ਪ੍ਰਦੇਸ਼, ਮਿਜ਼ੋਰਮ, ਰਾਜਸਥਾਨ ਤੇ ਤੇਲੰਗਾਨਾ ਤੋਂ ਇਲਾਵਾ ਸੰਭਾਵਿਤ ਰੂਪ ਵਿਚ ਜੰਮੂ-ਕਸ਼ਮੀਰ ਦੀਆਂ ਵਿਧਾਨ ਸਭਾ ਚੋਣਾਂ ਦੇ ਨਤੀਜਿਆਂ ਤੋਂ ਬਾਅਦ ਹੀ ਅਕਾਲੀ ਦਲ ਨਾਲ ਕਿਸੇ ਸਮਝੌਤੇ ਬਾਰੇ ਕੁਝ ਸੋਚੇਗੀ।

****

## ਫਲੋਰਿਡਾ 'ਚ ਵਾਈਲਡ ਲਾਈਫ ਸੈਂਟਰ ਨੂੰ

ਬੈਲਕ ਅਨੁਸਾਰ ਹਾਲਾਂ ਕਿ ਅਮਲਾ ਛੇਤੀ ਹੀ ਅੱਗ ਉਪਰ ਕਾਬੂ ਪਾਉਣ ਵਿੱਚ ਸਫਲ ਰਿਹਾ ਪਰੰਤੂ ਉਦੋਂ ਤੱਕ ਬਦਕਿਸਮਤ ਨਾਲ ਬਹੁਤ ਸਾਰੇ ਪਸ਼ੂ ਤੇ ਪੰਛੀ ਆਪਣੀ ਜਾਨ ਗਵਾ ਚੁੱਕੇ ਸਨ। ਅੱਗ ਨਾਲ ਵਾਈਲਡ ਲਾਈਫ ਸੈਂਟਰ ਦੀ ਇਮਾਰਤ ਨੂੰ ਵੀ ਭਾਰੀ ਨੁਕਸਾਨ ਪੁੱਜਾ ਹੈ। ਸ਼ੈਰਿਫ ਦਫਤਰ ਦੇ ਅਧਿਕਾਰੀ ਡੇਵ ਬਰੈਨ ਨੇ ਕਿਹਾ ਹੈ ਕਿ ਅੱਗ ਕਾਰਨ ਵਾਇਲਡ ਲਾਈਫ ਸੈਂਟਰ ਦੇ ਨਾਲ ਨਾਲ ਖੇਤਰ ਵਿਚਲੇ ਹੋਰ ਕਾਰੋਬਾਰਾਂ ਦਾ ਭਾਰੀ ਨੁਕਸਾਨ ਹੋਇਆ ਹੈ। ਸ਼ੈਰਿਫ ਦਫਤਰ ਅਨੁਸਾਰ ਅੱਗ ਲੱਗਣ ਦੇ ਕਾਰਨ ਦੀ ਜਾਂਚ ਕੀਤੀ ਜਾ ਰਹੀ ਹੈ। ਫਲੋਰਿਡਾ ਦੇ ਸ਼ਹਿਰ ਟੰਪਾ ਦੇ ਦੱਖਣ ਪੱਛਮ ਵਿਚ ਤਕਰੀਬਨ 27 ਮੀਲ ਦੀ ਦੂਰੀ 'ਤੇ ਮੈਡੀਰਾ ਬੀਚ ਸਥਿੱਤ ਹੈ। ਇਥੇ ਰੋਜ਼ਾਨਾ ਭਾਰੀ ਗਿਣਤੀ ਵਿੱਚ ਸੈਲਾਨੀ ਆਉਂਦੇ ਸਨ। ਬੱਚਿਆਂ ਲਈ ਇਸ ਸੈਂਟਰ ਵਿੱਚ ਰੱਖੇ ਪਸ਼ੂ-ਪੰਛੀ ਤੇ ਹੋਰ ਜਾਨਵਰ ਵਿਸ਼ੇਸ਼ ਤੌਰ 'ਤੇ ਖਿੱਚ ਦਾ ਕਾਰਨ ਸਨ।

****

## ਐਨ.ਆਈ.ਏ. ਵੱਲੋਂ 21 ਸਿੱਖਾਂ ਦੀ ਹਿੱਟ ਲਿਸਟ

ਹੱਤਿਆ ਦੇ ਪਿੱਛੇ ਵਿਦੇਸ਼ੀ ਧਰਤੀ 'ਤੇ ਭਾਰਤੀ 'ਰਾਜਕੀ ਅੱਤਵਾਦ' ਨੂੰ ਖੁੱਲ੍ਹੇਆਮ ਉਤਸ਼ਾਹਿਤ ਕਰ ਰਿਹਾ ਹੈ।

ਯੂਕੇ ਵਿੱਚ ਅੱਤਵਾਦ ਵਿਰੋਧੀ ਪੁਲਿਸ ਪਹਿਲਾਂ ਹੀ 15 ਜੂਨ ਨੂੰ ਯੂਕੇ ਅੰਦਰ 35 ਸਾਲਾ ਅਵਤਾਰ ਸਿੰਘ ਖੰਡਾ ਦੀ ਸ਼ੱਕੀ ਮੌਤ ਦੀ ਜਾਂਚ ਕਰ ਰਹੀ ਸੀ, ਜਿਸ ਨੂੰ ਉਸਦੀ ਮੌਤ ਤੋਂ ਪਹਿਲਾਂ ਅਤੇ ਬਾਅਦ ਵਿੱਚ ਐਨਆਈਏ ਦੁਆਰਾ ਜਨਤਕ ਤੌਰ 'ਤੇ ਬਦਨਾਮ ਕੀਤਾ ਗਿਆ ਸੀ। ਐਮਪੀਜ਼ ਨੂੰ 'ਹਿੱਟ ਲਿਸਟ' ਦਾ ਮਾਮਲਾ ਸੀਨੀਅਰ ਪੁਲਿਸ ਅਤੇ ਗ੍ਰਹਿ ਦਫ਼ਤਰ ਅਤੇ ਵਿਦੇਸ਼ ਵਿਭਾਗ ਦੇ ਮੰਤਰੀਆਂ ਕੋਲ ਉਠਾਉਣ ਲਈ ਕਿਹਾ ਗਿਆ ਹੈ ਤਾਂ ਜੋ ਭਾਰਤੀ ਅਧਿਕਾਰੀਆਂ ਨੂੰ ਸਖ਼ਤ ਜਵਾਬ ਦਿੱਤਾ ਜਾ ਸਕੇ ਕਿਉਂਕਿ ਹਿੰਦ ਐਨਆਈਏ ਦੀਆਂ ਗਤੀਵਿਧੀਆਂ ਅਤੇ ਕਾਰਵਾਈਆਂ ਅਸਵੀਕਾਰਨਯੋਗ ਹਨ। ਜਿਕਰਯੋਗ ਹੈ ਕਿ ਯੂਕੇ, ਕੈਨੇਡੀਅਨ ਅਤੇ ਯੂਐਸ ਦੇ ਸਿਆਸਤਦਾਨ ਜਾਣਦੇ ਹਨ ਕਿ ਭਾਰਤੀ ਅਧਿਕਾਰੀ ਹਮੇਸ਼ਾ ਛੋਟੀਆਂ-ਛੋਟੀਆਂ ਘਟਨਾਵਾਂ 'ਤੇ ਜ਼ਿਆਦਾ ਪ੍ਰਤੀਕਿਰਿਆ ਕਰਦੇ ਹਨ। ਉਨ੍ਹਾਂ ਨੂੰ ਇਹ ਸਮਝਣ ਦੀ ਜ਼ਰੂਰਤ ਹੈ ਕਿ ਉਹ ਗੰਭੀਰ ਨਤੀਜਿਆਂ ਤੋਂ ਬਿਨਾਂ ਭਾਰਤੀ ਟੀਵੀ 'ਤੇ ਡਾਇਸਪੋਰਾ ਵਿੱਚ ਸਿੱਖਾਂ ਦੀ 'ਹਿੱਟ ਲਿਸਟ' ਨਹੀਂ ਪਾ ਸਕਦੇ ਹਨ।




## ਲੋਕ ਪੱਖੀ ਸਿਨੇਮਾ ਦਾ ਮਾਡਲ ਖੜ੍ਹਾ

ਸੱਚਾਈ ਮੰਨ ਲੈਂਦੇ ਹਨ। ਸਨਸਨੀਖੇਜ ਤਰੀਕੇ ਨਾਲ਼ ਪੇਸ਼ ਕੀਤੇ ਗਏ ਤੱਥ ਅਸਲੀਅਤ ਦੀ ਥਾਂ ਲੈ ਲੈਂਦੇ ਹਨ, ਅਤੇ ਇੱਕ ਮਿੱਥ ਚੇਤਨਾ ਦੀ ਉਸਾਰੀ ਕਰਦੇ ਹਨ। ਮਿਸਾਲ ਵਜੋਂ, ਭਾਵੇਂ ਦ ਕੇਰਲਾ ਸਟੋਰੀ ਦੇ ਹਦਾਇਤਕਾਰ ਸੁਦੀਪਤੋ ਸੇਨ ਨੇ ਵਿਰੋਧ ਤੋਂ ਬਾਅਦ ਆਪਣੀ ਫਿਲਮ ਦੇ ਵੇਰਵਿਆਂ ਵਿੱਚ ਕੇਰਲਾ ਦੀਆਂ ਆਈਐਸਆਈਐਸ ਵਿੱਚ ਭਰਤੀ ਹੋਣ ਵਾਲ਼ੀਆਂ ਲੜਕੀਆਂ ਦੇ ਅੰਕੜਿਆਂ ਨੂੰ 32,000 ਤੋਂ ਬਦਲ ਕੇ '3' ਕਰ ਦਿੱਤਾ ਹੈ, ਪਰ ਸੋਸ਼ਲ ਮੀਡੀਆ 'ਤੇ ਬਹੁਤੀ ਚਰਚਾ ਪਹਿਲੇ 32000 ਦੇ ਅੰਕੜੇ ਉੱਤੇ ਹੀ ਹੁੰਦੀ ਰਹੀ ਹੈ। ਇਸ ਤਰ੍ਹਾਂ ਫਿਲਮ ਲੋਕਾਂ ਨੂੰ ਇਹ ਭਰੋਸਾ ਦਵਾਉਂਦੀ ਹੈ ਕਿ ਕੇਰਲਾ ਆਈਐਸਆਈਐਸ ਭਰਤੀ ਲਈ ਇੱਕ ਹੌਟਸਪੌਟ ਹੈ। ਇਹ ਤੁਹਾਨੂੰ ਵਿਸ਼ਵਾਸ ਕਰਵਾਉਂਦੀ ਹੈ ਕਿ ਇੱਥੇ ਕਿਤੇ ਕੋਈ ਸਹਿਮਤੀ ਨਾਲ਼ ਅੰਤਰਜਾਤੀ ਵਿਆਹ ਨਹੀਂ ਹੁੰਦੇ ਅਤੇ ਸਾਰੇ ਮੁਸਲਮਾਨ ਦੁਸ਼ਟ ਅਤੇ ਸਾਜਿਸ਼ੀ ਹੁੰਦੇ ਹਨ।

ਪਰ ਇਸ ਸਭ ਕਾਸੇ ਦੇ ਬਾਵਜੂਦ ਸਿਨੇਮਾ ਦੀ ਬੇਹੱਦ ਹਾਂਦਰੂ ਭੂਮਿਕਾ ਰਹੀ ਹੈ ਅਤੇ ਸਦਾ ਰਹੇਗੀ। ਸੋਵੀਅਤ ਸਿਨੇਮਾ ਅਤੇ ਆਇਜ਼ੈਂਸਤਾਈਨ ਨੇ ਇਸ ਨੂੰ ਨਵੀਆਂ ਬੁਲੰਦੀਆਂ 'ਤੇ ਪਹੁੰਚਾਇਆ। ਭਾਰਤ ਵਿੱਚ ਅਜਾਦੀ ਲਈ ਘੋਲ਼ ਦੇ ਦੌਰ ਵੇਲ਼ੇ ਅਤੇ ਉਸ ਤੋਂ ਬਾਅਦ ਦੇ ਸਿਨੇਮਾ ਵਿੱਚ ਵੀ ਅਸੀਂ ਕਈ ਅਗਾਂਹਵਧੂ ਫਿਲਮਾਂ ਵੇਖ ਸਕਦੇ ਹਾਂ। 'ਡਾ. ਕੋਟਨੀਸ ਕੀ ਅਮਰ ਕਹਾਣੀ' ਜਿਹੀਆਂ ਲੋਕਪੱਖੀ ਫਿਲਮਾਂ ਦੀ ਸਿਫਤ ਕੀਤੀ ਜਾਣੀ ਬਣਦੀ ਹੈ। ਭਾਰਤ ਦੇ ਸਿਨੇਮਾ ਵਿੱਚ, ਸਥਾਪਤੀ ਨੂੰ ਚੁਣੌਤੀ ਦੇਣ ਵਾਲ਼ੀਆਂ ਅਤੇ ਘੱਟ ਗਿਣਤੀਆਂ ਦੇ ਜਬਰ 'ਤੇ ਸਵਾਲ ਕਰਨ ਵਾਲ਼ੀਆਂ ਫਿਲਮਾਂ ਵੀ ਮੌਜੂਦ ਹਨ, ਭਾਵੇਂ ਉਹ ਮੁਕਾਬਲਤਨ ਘੱਟ ਗਿਣਤੀ ਵਿੱਚ ਹਨ। ਇੱਕ ਪਾਸੇ ਸੋਵੀਅਤ ਯੂਨੀਅਨ ਵੇਲ਼ੇ ਦੀਆਂ ਫਿਲਮਾਂ ਸਨ ਜਿਹਨਾਂ ਦੀ 1917 ਦੇ ਅਕਤੂਬਰ ਇਨਕਲਾਬ ਤੋਂ ਬਾਅਦ, ਵਲਾਦੀਮੀਰ ਲੈਨਿਨ ਦੀ ਅਗਵਾਈ ਵਾਲ਼ੀ ਬਾਲਸ਼ਵਿਕ ਸਰਕਾਰ ਨੇ ਲੋਕਾਈ ਨੂੰ ਸਿੱਖਿਅਤ ਕਰਨ ਲਈ ਅਤੇ ਇੱਕ ਲੋਕ ਪੱਖੀ ਸਮਾਜ, ਸਮਾਜਵਾਦ ਦੀ ਉਸਾਰੀ ਦੇ ਟੀਚਿਆਂ ਨੂੰ ਅੱਗੇ ਵਧਾਉਣ ਲਈ ਵਰਤੋਂ ਕੀਤੀ। ਦੂਜੇ ਪਾਸੇ ਨਾਜ਼ੀਆਂ ਵੱਲੋਂ ਬਣਾਈਆਂ ਫਿਲਮਾਂ ਰਾਹੀਂ ਆਰਿਅਨਾਂ ਨੂੰ ਵਡਿਆਉਣ ਅਤੇ ਯਹੂਦੀਆਂ ਨੂੰ ਬਦਨਾਮ ਕਰਨ ਅਤੇ ਹਿਟਲਰ ਵੱਲੋਂ ਯਹੂਦੀਆਂ ਦੇ ਕਤਲੇਆਮ ਨੂੰ ਜਾਇਜ ਠਹਿਰਾਉਣ ਵਜੋਂ ਪੇਸ਼ ਕੀਤਾ ਗਿਆ। ਭਾਰਤ ਵਿੱਚ ਸਿਨੇਮਾ ਉੱਤੇ ਇਹਨਾਂ ਦੋਵੇਂ ਰੁਝਾਨਾਂ ਦਾ ਹੀ ਅਸਰ ਵੇਖਿਆ ਜਾ ਸਕਦਾ ਹੈ। 1940-50 ਦੇ ਦਹਾਕੇ ਵਿੱਚ ਭਾਰਤ ਅੰਦਰ ਰਚੇ ਸਿਨੇਮਾ ਉੱਤੇ ਸੋਵੀਅਤ ਸਿਨੇਮਾ ਦਾ ਵੀ ਕਿਸੇ ਹੱਦ ਤੱਕ ਪ੍ਰਭਾਵ ਸੀ। ਪਰ ਅੱਜ ਸਿਨੇਮਾ ਵਿੱਚ ਫਿਰਕੂ ਫਾਸ਼ੀਵਾਦੀ, ਮੁਸਲਮ ਵਿਰੋਧੀ, ਅੰਨ੍ਹੀਂ ਕੌਮਪ੍ਰਸਤੀ ਆਦਿ ਦਾ ਨਫਰਤ ਭਰਿਆ ਪ੍ਰਚਾਰ ਭਾਰਤ ਦੇ ਸਿਨੇਮਾ ਵਿੱਚ ਲਗਾਤਾਰ ਵਧਦਾ ਜਾ ਰਿਹਾ ਹੈ। ਕਸ਼ਮੀਰ ਫਾਈਲਜ ਅਤੇ ਦ ਕੇਰਲਾ ਸਟੋਰੀ ਵਰਗੀਆਂ ਫਿਲਮਾਂ ਦੀ ਮੋਦੀ ਸਮੇਤ ਹੋਰਨਾਂ ਭਾਜਪਾ ਦੇ ਬੁਲਾਰਿਆਂ ਨੇ ਸਰ੍ਹੇਆਮ ਹਮਾਇਤ ਕੀਤੀ ਹੈ। ਏਸੇ ਲਈ ਤਾਂ ਮੋਦੀ ਲਾਣੇ ਵੱਲੋਂ ਪਹਿਲਾਜ ਨਿਹਲਾਨੀ, ਗਜੇਂਦਰ ਚੌਹਾਨ ਅਤੇ ਮੁਕੇਸ਼ ਖੰਨਾ ਵਰਗੇ ਸੰਘੀਆਂ ਨੂੰ ਕੇਂਦਰੀ ਫਿਲਮ ਸਰਟੀਫਿਕੇਟ ਬੋਰਡ, ਫਿਲਮ ਅਤੇ ਟੈਲੀਵੀਜਨ ਇਨਸੀਚਿਊਟ ਆਫ ਇੰਡੀਆ ਅਤੇ ਬਾਲ ਫਿਲਮ ਸੋਸਾਇਟੀ ਦੇ ਮਹੱਤਵਪੂਰਨ ਅਹੁਦੇ ਦਿੱਤੇ ਜਾਂਦੇ ਰਹੇ ਹਨ। ਇਸ ਤਰ੍ਹਾਂ ਅਜਿਹੀਆਂ ਫਿਰਕੂ ਏਜੰਡੇ ਵਾਲ਼ੀਆਂ ਫਿਲਮਾਂ, ਸਮਾਜ ਵਿਚਲੇ ਗੰਭੀਰ ਮਸਲਿਆਂ ਅਤੇ ਉਹਨਾਂ ਦੇ ਅਸਲ ਕਾਰਨਾਂ ਨੂੰ ਸੰਬੋਧਤ ਹੋਣ ਦੀ ਥਾਂ ਲੋਕਾਂ ਨੂੰ ਫਿਰਕੂ ਲੀਹਾਂ ਉੱਤੇ ਆਪਸ ਵਿੱਚ ਭੜਕਾਉਂਦੀਆਂ ਹਨ। ਪਰ ਅਜਿਹੀਆਂ ਫਿਲਮਾਂ (ਕਸ਼ਮੀਰ ਫਾਇਲਜ ਤੇ ਕੇਰਲਾ ਸਟੋਰੀ ਵਰਗੀਆਂ) ਦੀ ਉਮਰ ਬਹੁਤੀ ਲੰਮੀ ਨਹੀਂ ਹੁੰਦੀ ਕਿਉਂਕਿ ਇਹ ਫਿਲਮਾਂ ਇੱਕ ਤਾਂ ਰਾਜ ਸੱਤ੍ਹਾ ਦੇ ਨਿਰਦੇਸ਼ ਹੇਠ ਬਣਦੀਆਂ ਹਨ ਜਿਸ ਕਰਕੇ ਫਿਲਮ ਹਦਾਇਤਕਾਰ, ਫਿਲਮ ਕਥਾ ਲੇਖਕ ਦੀ ਕਲਾ ਆਪਣੇ ਪੂਰੇ ਜਲੌਅ ਵਿੱਚ ਨਿੱਖਰਕੇ ਸਾਹਮਣੇ ਨਹੀਂ ਆਉਂਦੀਤੇ ਦੂਜਾ ਜੋ ਇਹਨਾਂ ਫਿਲਮਾਂ ਨੇ ਪਰੋਸਿਆ ਹੈ ਲੋਕਾਂ ਦੀ ਜਿੰਦਗੀ ਦੀਆਂ ਅਸਲ ਹਕੀਕਤਾਂ ਉਸ ਦੀ ਪੁਸ਼ਟੀ ਨਹੀਂ ਕਰਦੀਆਂ। ਖੁਦ ਕਸ਼ਮੀਰੀ ਪੰਡਤਾਂ ਅਤੇ ਉਹਨਾਂ ਦੀਆਂ ਕਈ ਜਥੇਬੰਦੀਆਂ ਨੇ ਕਸ਼ਮੀਰ ਫਾਈਲਜ ਵਰਗੀਆਂ ਫਿਲਮਾਂ ਨੂੰ ਗਲਤ ਕਿਹਾ ਸੀ। ਪਰ ਇਸਦੇ ਬਾਵਜੂਦ ਇਹਨਾਂ ਫਿਲਮਾਂ ਦੇ ਲੋਕਾਂ ਉੱਤੇ ਪੈਣ ਵਾਲ਼ੇ ਅਸਰ ਨੂੰ ਘਟਾ ਕੇ ਵੀ ਨਹੀਂ ਵੇਖਣਾ ਚਾਹੀਦਾ ਅਤੇ ਸਮੇਂ ਸਮੇਂ 'ਤੇ ਇਹਨਾਂ ਦੀ ਅਸਲੀਅਤ ਲੋਕਾਂ ਸਾਹਮਣੇ ਲਿਜਾਣੀ ਚਾਹੀਦੀ ਹੈ ਅਤੇ ਇੱਕ ਮਜਬੂਤ ਬਦਲਵਾਂ ਲੋਕ ਪੱਖੀ ਸਿਨੇਮਾ ਦਾ ਮਾਡਲ ਖੜ੍ਹਾ ਕਰਨ ਦਾ ਯਤਨ ਵਿੱਢਣਾ ਚਾਹੀਦਾ ਹੈ।

***

## ਸੰਘੋਲ: ਅਤੀਤ, ਵਰਤਮਾਨ ਤੇ ਭਵਿੱਖ

ਉੱਤਰਾਧਿਕਾਰੀ ਨੂੰ ਸੌਂਪਣਾ ਸੀ। ਰਾਜਗੋਪਾਲਾਚਾਰੀ ਨੂੰ ਰਾਜਵੰਡ ਦਾ ਪ੍ਰਬੰਧ ਕਰਨ ਦੀ ਜ਼ਿੰਮੇਵਾਰੀ ਸੌਂਪੀ ਗਈ ਸੀ। ਉਹ ਤਾਮਿਲਨਾਡੂ ਦੇ ਤੰਜੌਰ ਜ਼ਿਲ੍ਹੇ ਵਿੱਚ ਇੱਕ ਮਸ਼ਹੂਰ ਮੱਠ, ਤਿਰੂਵਦੁਥੁਰਾਈ ਅਥੀਨਮ ਤੱਕ ਪਹੁੰਚਿਆ ਅਤੇ ਇਸਦੇ ਨੇਤਾ ਨੇ ਸੰਘੋਲ ਦੇ ਨਿਰਮਾਣ ਦਾ ਕੰਮ ਚੇਨਈ-ਅਧਾਰਤ ਵੁਮੀਦੀ ਬੰਗਾਰੂ ਚੇਟੀ ਜਿਊਲਰਾਂ ਨੂੰ ਸੌਂਪਿਆ। ਜਿਸ ਨੂੰ ਇੱਕ ਸੁਨਹਿਰੀ ਰਾਜਦ ਮਦਰਾਸ ਪ੍ਰੈਜ਼ੀਡੈਂਸੀ ਵਿੱਚ ਮਸ਼ਹੂਰ ਜੌਹਰੀ ਵੁਮੀਦੀ ਬੰਗਾਰੂ ਚੇਟੀ ਦੁਆਰਾ ਤਿਆਰ ਕੀਤਾ ਗਿਆ ਸੀ। ਸੰਘੋਲ ਦੇ ਨਿਰਮਾਤਾ, ਵੁਮੀਦੀ ਏਥੀਰਾਜੁਲੂ (96) ਅਤੇ ਵੁਮੀਦੀ ਸੁਧਾਕਰ (88), ਚੇਨਈ ਵਿੱਚ ਰਹਿ ਰਹੇ ਹਨ।

14 ਅਗਸਤ, 1947 ਨੂੰ ਹੋਏ ਸਮਾਰੋਹ ਦੌਰਾਨ, ਤਿਰੂਵਾਵਡੂਥੁਰਾਈ ਅਧੀਤਮ ਨਾਗਾਸਵਰਮ ਦੇ ਖਿਡਾਰੀ ਰਾਜਰਥਿਨਮ ਪਿੱਲਈ ਅਤੇ ਇੱਕ ਓਧੁਵਰ (ਇੱਕ ਵਿਅਕਤੀ ਜੋ ਤਮਿਲ ਮੰਦਰਾਂ ਵਿੱਚ ਭਗਤੀ ਗੀਤ ਗਾਉਂਦਾ ਹੈ) ਨੇ ਲਾਰਡ ਮਾਊਂਟਬੈਟਨ ਨੂੰ ਰਾਜਵੰਡ ਸਮੇਂ ਦਿਤਾ, ਇਸ ਸੰਘੋਲ ਨੂੰ ਕੋਲਾਰੂ ਪਧੀਗਮ ਵਜੋਂ ਜਾਣਿਆ ਜਾਂਦਾ ਸੀ ਅਤੇ ਫਿਰ ਇਸਨੂੰ ਵਾਪਸ ਲੈ ਲਿਆ। ਬਾਅਦ ਵਿੱਚ ਇਸ ਨੂੰ ਇਕ ਜਲੂਸ ਦੇ ਇਕੱਠ ਵਿੱਚ ਪੰਡਿਤ ਜਵਾਹਰ ਲਾਲ ਨਹਿਰੂ ਦੇ ਘਰ ਲਿਜਾਇਆ ਗਿਆ, ਜਿੱਥੇ ਇਹ ਉਨ੍ਹਾਂ ਨੂੰ ਸੌਂਪਿਆ ਗਿਆ।

ਮੌਜੂਦਾ ਸਮੇਂ ਦੌਰਾਨ ਭਾਰਤੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ 28 ਮਈ, 2023 ਨੂੰ ਸੰਘੋਲ ਨੂੰ ਪਾਰਲੀਮੈਂਟ ਵਿੱਚ ਲਗਾਇਆ ਸੀ। 20,000 ਕਰੋੜ ਰੁਪਏ ਦੇ ਸੈਂਟਰਲ ਵਿਸਟਾ ਪ੍ਰੋਜੈਕਟ ਦੇ ਤਹਿਤ ਬਣੇ, ਨਵੇਂ ਸੰਸਦ ਭਵਨ 'ਚ ਲੋਕ ਸਭਾ ਦੇ ਸਪੀਕਰ ਦੀ ਕੁਰਸੀ ਦੇ ਨੇੜੇ, ਸੰਘੋਲ ਵਜੋਂ ਜਾਣਿਆ ਜਾਂਦਾ ਰਾਜਦੰਡ ਸਥਾਪਤ ਕੀਤਾ ਗਿਆ ਹੈ। ਇਹ ਉਹੀ ਸੰਘੋਲ ਹੈ ਜਿਸ ਦਾ ਸਬੰਧ ਪੰਜਾਬ ਤੇ ਤਾਮਿਲਨਾਡੂ ਦੇ ਉਹਨਾਂ ਰਾਜਿਆਂ ਨਾਲ ਹੈ ਜਿੰਨਾ ਦੇ ਪੂਰਵਜ ਹੁਣ ਵੀ ਪੰਜਾਬ ਵਿੱਚ ਇਸ ਇਤਿਹਾਸ ਨੂੰ ਸਾਂਭੀ ਬੈਠੇ ਹਨ। ਜਿਨ੍ਹਾਂ ਉੱਤੇ ਸੰਘੋਲ ਦਾ ਨਾਮ ਪੰਜਾਬ ਨਾਲ ਜੁੜਿਆ ਹੋਇਆ ਹੈ। ਇਸ ਇਤਿਹਾਸਕ ਸੱਚ ਤੋਂ ਪਰ੍ਹੇ ਕੁਝ ਵੀ ਨਹੀਂ, ਜੇਕਰ ਇਸ ਨੂੰ ਡੂੰਘਾਈ ਵਿੱਚ ਪੜ੍ਹਿਆ ਜਾਵੇ, ਕਿਉਂਕਿ ਦੁਨੀਆਂ 'ਚ ਪੈਦਾ ਹੋਏ ਮਨੁੱਖ ਦਾ ਕਿਸੇ ਨਾ ਕਿਸੇ ਤਰ੍ਹਾਂ ਆਪਸੀ ਸੰਬੰਧ ਹੈ, ਬੇਸ਼ਕ ਸਮੇਂ ਨਾਲ ਉਨਾਂ ਨੇ ਇਕ ਦੂਜੇ ਤੋਂ ਦੂਰੀ ਬਣਾ ਕੇ ਆਪਣਾ ਇਕ ਵੱਖਰਾ ਸੱਭਿਆਚਾਰ ਉਸਾਰ ਲਿਆ ਹੈ।

**ਨੋਟ : ਸੰਪਾਦਕ ਦਾ ਲੇਖਕ ਦੇ ਵਿਚਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।**

****

## ... ਤੇ ਹੁਣ ਬਜ਼ੁਰਗ ਵੀ ਮਾਰ ਚੱਲੇ ਵਿਦੇਸ਼

ਦੂਜੇ ਮੁੰਡੇ ਬਹੂ ਨਾਲ ਪੰਜਾਬ ਵਿੱਚ ਰਹਿ ਰਿਹਾ ਹੈ। ਮਾਲਵਾ ਇਲਾਕੇ ਦੇ ਬਰਨਾਲਾ ਜ਼ਿਲ੍ਹੇ ਦੇ ਪਿੰਡ ਭਦੌੜ , ਸ਼ਹਿਣਾ ਤੋਂ ਦੋਆਬਾ ਇਲਾਕੇ ਦੇ ਜਲੰਧਰ ਜ਼ਿਲ੍ਹੇ ਦੇ ਪਿੰਡਾਂ ਮਿੱਠਾਪੁਰ, ਤੱਲ੍ਹਣ ਅਤੇ ਹੁਸ਼ਿਆਰਪੁਰ ਜ਼ਿਲ੍ਹੇ ਦੇ ਪਿੰਡਾਂ ਮਾਹਿਲਪੁਰ ਅਤੇ ਚੱਬੇਵਾਲ ਦੀ ਆਪਸੀ ਦੂਰੀ ਤਾਂ ਬਹੁਤ ਜਿਆਦਾ ਹੈ ਪਰ ਇਹਨਾਂ ਇਲਾਕਿਆਂ ਵਿੱਚ ਬੀਤੇ ਦਿਨੀਂ ਕੀਤੇ ਗਏ ਸਰਵੇਖਣ ਦੌਰਾਨ ਇਹ ਗਲ ਉਭਰ ਕੇ ਸਾਹਮਣੇ ਆਈ ਕਿ ਇਹਨਾਂ ਇਲਾਕਿਆਂ ਦੇ ਕਈ ਬਜ਼ੁਰਗ ਆਪਣੇ ਬੱਚਿਆਂ ਕੋਲ ਵਿਦੇਸ਼ ਚਲੇ ਗਏ ਹਨ ਜਾਂ ਫਿਰ ਵਿਦੇਸ਼ ਜਾਣ ਦੀ ਤਿਆਰੀ ਕਰ ਰਹੇ ਹਨ।

ਜਦੋਂ ਵਿਦੇਸ਼ ਜਾਣ ਦੇ ਚਾਹਵਾਨ ਬਜ਼ੁਰਗਾਂ ਨਾਲ ਗੱਲ ਕੀਤੀ ਗਈ ਤਾਂ ਉਹਨਾਂ ਕਿਹਾ ਕਿ ਉਹਨਾਂ ਦੇ ਧੀਆਂ ਪੁੱਤ ਵਿਦੇਸ਼ ਵਿੱਚ ਹੀ ਰਹਿੰਦੇ ਹਨ ਅਤੇ ਪੋਤੇ ਦੋਹਤੇ ਵੀ ਵਿਦੇਸ਼ੀ ਹੀ ਹਨ। ਇਸ ਕਰਕੇ ਉਹਨਾਂ ਦਾ ਇਕੱਲਿਆਂ ਦਾ ਪੰਜਾਬ ਵਿੱਚ ਹੁਣ ਜੀ ਨਹੀਂ ਲੱਗਦਾ। ਉਹਨਾਂ ਦਾ ਕਹਿਣਾ ਸੀ ਕਿ ਪੰਜਾਬ ਵਿੱਚ ਤਾਂ ਬਜ਼ੁਰਗਾਂ ਦਾ ਬੁਢਾਪਾ ਰੁਲ ਹੀ ਰਿਹਾ ਹੈ ਅਤੇ ਵਿਦੇਸ਼ਾਂ ਵਿੱਚ ਉਹਨਾਂ ਦਾ ਜੀਵਨ ਤਾਂ ਸੁਰੱਖਿਅਕ ਹੈ। ਇਸ ਤੋਂ ਇਲਾਵਾ ਉਹ ਵਿਦੇਸ਼ਾਂ ਵਿੱਚ ਬਜ਼ੁਰਗਾਂ ਨੂੰ ਮਿਲਦੀਆਂ ਸਹੂਲਤਾਂ ਤੋਂ ਵੀ ਕਾਫ਼ੀ ਉਤਸ਼ਾਹਿਤ ਹਨ।

ਪੰਜਾਬ ਦੇ ਵੱਖ- ਵੱਖ ਪਿੰਡਾਂ, ਸ਼ਹਿਰਾਂ ਤੇ ਕਸਬਿਆਂ ਦਾ ਦੌਰਾ ਕਰਦਿਆਂ ਇਹ ਵੀ ਗੱਲ ਉਭਰ ਕੇ ਸਾਹਮਣੇ ਆਈ ਕਿ ਵੱਡੀ ਗਿਣਤੀ ਬਜ਼ੁਰਗ ਹੁਣ ਵਿਦੇਸ਼ ਜਾਣ ਲਈ ਅੰਗਰੇਜ਼ੀ ਸਿੱਖਣੀ ਵੀ ਸ਼ੁਰੂ ਕਰ ਚੁਕੇ ਹਨ। ਇਹਨਾਂ ਬਜ਼ੁਰਗਾਂ ਦੇ ਘਰਾਂ ਵਿੱਚ ਪੰਜਾਬੀ ਦੇ ਨਾਲ -ਨਾਲ ਅੰਗਰੇਜ਼ੀ ਅਖ਼ਬਾਰ ਵੀ ਆ ਰਹੇ ਹਨ, ਜਿਨ੍ਹਾਂ ਤੋਂ ਇਹ ਅੰਗਰੇਜ਼ੀ ਵਿੱਚ ਮੁਹਾਰਤ ਹਾਸਲ ਕਰ ਰਹੇ ਹਨ। ਇਸ ਤੋਂ ਇਲਾਵਾ ਇਹ ਬਜ਼ੁਰਗ ਹਰ ਦਿਨ ਹੀ ਆਪਣੇ ਵਿਦੇਸ਼ ਰਹਿੰਦੇ ਧੀਆਂ ਪੁੱਤਾਂ ਨੂੰ ਜਲਦੀ ਤੋਂ ਜਲਦੀ ਪੱਕਾ ਵੀਜ਼ਾ ਭੇਜਣ ਲਈ ਵੀ ਕਹਿੰਦੇ ਰਹਿੰਦੇ ਹਨ। ਦਿੱਲੀ ਅੰਤਰਰਾਸ਼ਟਰੀ ਹਵਾਈ ਅੱਡੇ ਉਪਰ ਵੀ ਵੱਡੀ ਗਿਣਤੀ ਪੰਜਾਬੀ ਬਜ਼ੁਰਗ ਵਿਦੇਸ਼ ਉਡਾਰੀ ਮਾਰਨ ਲਈ ਜਹਾਜ਼ਾਂ ਵੱਲ ਜਾਂਦੇ ਆਮ ਹੀ ਹਰ ਦਿਨ ਵੇਖੇ ਜਾਂਦੇ ਹਨ। ਜੇ ਪੰਜਾਬ ਦੇ ਬਜ਼ੁਰਗਾਂ ਦਾ ਵਿਦੇਸ਼ ਜਾਣ ਦਾ ਰੁਝਾਨ ਇਸੇ ਤਰਾਂ ਜਾਰੀ ਰਿਹਾ ਤਾਂ ਇਕ ਦਿਨ ਪੰਜਾਬ ਦੇ ਪਿੰਡਾਂ ਵਿਚਲੇ ਘਰ ਅਤੇ ਪਿੰਡਾਂ ਦੀਆਂ ਸੱਥਾਂ ਇਹਨਾਂ ਬਜ਼ੁਰਗਾਂ ਤੋਂ ਸੱਖਣੀਆਂ ਹੋ ਜਾਣਗੀਆਂ।

***

## ਹੜ੍ਹਾਂ 'ਤੇ ਵੀ ਸਿਆਸਤ ਕਰਨ ਲੱਗ ਪਏ

ਹਰ ਵਰ੍ਹੇ ਸਰਕਾਰਾਂ, ਦਰਿਆਵਾਂ, ਨਦੀਆਂ ਦਾ ਵਹਿਣ ਨਿਰੰਤਰ ਵਗਦਾ ਰਹੇ, ਲਈ ਵੱਡੇ ਫੰਡ ਰਿਜ਼ਰਵ ਕਰਦੀਆਂ ਹਨ। ਪੁਲਾਂ ਹੇਠ ਜਮ੍ਹਾਂ ਗਾਰ ਸਾਫ ਕਰਨ, ਨਦੀਆਂ ਦੇ ਕਿਨਾਰੇ ਸੁਰੱਖਿਅਤ ਕਰਨ ਦੇ ਨਾਮ ਉਤੇ ਅਰਬਾਂ, ਖਰਬਾਂ ਰੁਪਏ ਖਰਚ ਕਰਦੀਆਂ ਹਨ, ਪਰ ਜਦੋਂ ਹੀ ਇੱਕ ਵੱਡਾ ਮੀਂਹ ਪੈਂਦਾ ਹੈ, ਪਾਣੀ ਦਰਿਆਵਾਂ 'ਚ ਵੱਗਦਾ ਹੈ, ਸੱਭੋ ਕੁਝ ਚੌਪਟ ਹੋ ਜਾਂਦਾ ਹੈ। ਗੁਆਂਢੀ ਸੂਬੇ ਇਸ ਔਖੀ ਘੜੀ ਇੱਕ-ਦੂਜੇ ਨਾਲ ਸਿਆਸਤ ਕਰਦੇ ਹਨ। ਇੱਕ-ਦੂਜੇ ਨੂੰ ਦੋਸ਼ ਦਿੰਦੇ ਹਨ ਪਰ ਸਵਾਲ ਉੱਠਦਾ ਹੈ ਕਿ ਸਮਾਂ ਰਹਿੰਦਿਆਂ, ਹੜ੍ਹ ਆਉਣ ਤੋਂ ਪਹਿਲਾਂ ਤਿਆਰੀ ਸਰਕਾਰਾਂ ਕਿਉਂ ਨਹੀਂ ਕਰਦੀਆਂ ? ਕਿਉਂ ਇਹ ਵੇਖਿਆ ਜਾਂਦਾ ਹੈ ਕਿ ਜਦੋਂ ਆਫ਼ਤ ਆਊ, ਉਦੋਂ ਨਿਜੱਠ ਲਵਾਂਗੇ, ਦੇਖੀ ਜਾਊ। ਇਸ ਸਥਿਤੀ ਵਿੱਚ ਆਮ ਲੋਕ ਪਿੱਸੇ ਜਾਂਦੇ ਹਨ।

ਪਹਿਲਾਂ ਹੀ ਗਰੀਬੀ ਗ੍ਰਸੇ ਦੇਸ਼ ਭਾਰਤ 'ਚ ਆਮ ਲੋਕਾਂ ਲਈ ਮੁਸ਼ਕਿਲਾਂ ਦੀ ਘਾਟ ਨਹੀਂ ਹੈ, ਪਰ ਹੜ੍ਹਾਂ ਜਿਹਾ ਕਹਿਰ ਖਾਸ ਕਰਕੇ ਸਧਾਰਨ ਆਦਮੀ ਲਈ ਵੱਡਾ ਕਹਿਰ ਬਣ ਜਾਂਦਾ ਹੈ। ਭਾਵੇਂ ਕਿ ਦੇਸ਼ ਭਾਰਤ ਦੇ ਕੁਝ ਹਿੱਸਿਆਂ 'ਚ ਹੜ੍ਹਾਂ ਦਾ ਆਉਣਾ ਆਮ ਗਿਣਿਆ ਜਾਂਦਾ ਹੈ, ਪਰ ਲੋਕਾਂ ਦੇ ਜਾਨ-ਮਾਲ ਦੀ ਰਾਖੀ ਲਈ ਜਿਸ ਕਿਸਮ ਦੇ ਅਗਾਊਂ ਤੇ ਸਥਾਈ ਪ੍ਰਬੰਧ ਲੋੜੀਂਦੇ ਹਨ, ਉਹਨਾਂ ਪ੍ਰਤੀ ਕੋਈ ਵੀ ਨਿੱਗਰ ਕਾਰਵਾਈ ਨਹੀਂ ਹੁੰਦੀ ਇਹ ਸਿਰਫ਼ ਤੇ ਸਿਰਫ਼ ਨੇਤਾ ਲੋਕਾਂ ਦੀ ਲੋਕਾਂ ਦੇ ਮਸਲਿਆਂ, ਮਾਮਲਿਆਂ ਪ੍ਰਤੀ ਇੱਛਾ ਸ਼ਕਤੀ ਦੀ ਘਾਟ ਅਤੇ ਅਸੰਵੇਦਨਸ਼ੀਲਤਾ ਹੈ।

ਲੋੜ ਹੈ ਲੋਕ ਇਸ ਭਿਅੰਕਰ ਆਫਤ ਦਾ ਟਾਕਰਾ ਕਰਨ ਲਈ ਆਪ ਕਮਰ ਕੱਸੇ ਕਰਨ। ਨਦੀਆਂ ਕਿਨਾਰੇ ਰਹਿੰਦੇ ਲੋਕ ਨਦੀਆਂ ਦੇ ਕੁਦਰਤੀ ਵਹਾਅ ਦੇ ਰਸਤੇ ਰੋਕਣ ਵਾਲੀਆਂ ਵਿਕਾਸ ਯੋਜਨਾਵਾਂ ਦਾ ਵਿਰੋਧ ਕਰਨ। ਪਿੰਡਾਂ ਦੇ ਲੋਕ ਉਹਨਾਂ ਨਜ਼ਦੀਕ ਉਸਾਰੀਆਂ ਜਾ ਰਹੀਆਂ ਵੱਡ ਅਕਾਰੀ ਕਲੋਨੀਆਂ, ਜੋ ਕੁਦਰਤੀ ਪਾਣੀ ਦੇ ਵਹਾਅ 'ਚ ਰੁਕਾਵਟ ਬਨਦੀਆਂ ਹਨ, ਨੂੰ ਬਣਨ ਤੋਂ ਰੋਕਣ। ਉਹ ਖੇਤਰ ਜਿਥੇ ਹਰ ਸਾਲ ਹੜ੍ਹ ਆਉਂਦੇ ਹਨ, ਉਹਨਾਂ ਖੇਤਰਾਂ ਦੇ ਲੋਕ ਆਪਣਾ ਸੁਰੱਖਿਆ ਤੰਤਰ ਆਪ ਕਾਇਮ ਕਰਨ।

ਨੇਤਾ ਲੋਕ ਤਾਂ ਹੜ੍ਹਾਂ 'ਚ ਆਉਣਗੇ, ਰਾਹਤ ਸਮੱਗਰੀ ਵੰਡਣਗੇ, ਵੋਟਾਂ 'ਤੇ ਅੱਖ ਰੱਖਣਗੇ, ਤੁਰ ਜਾਣਗੇ। ਪੀੜ੍ਹਤ ਲੋਕਾਂ ਨੂੰ ਜਿਹਨਾਂ ਦੇ ਸਿਰੋਂ ਛੱਤ ਚਲੇ ਗਈ, ਜਿਹਾਂ ਦੀਆਂ ਫਸਲਾਂ ਤਬਾਹ ਹੋ ਗਈਆਂ, ਉਹ ਤਾਂ ਖ਼ੂਨ ਦੇ ਅੱਥਰੂ ਹੀ ਰੋਣਗੇ।

***

## ਅਮਰੀਕਾ ਤੋਂ ਬਾਅਦ ਯੂਰਪ

ਬਣਾਉਣ ਦੇ ਰੁਝਾਨ ਨੂੰ ਰੋਕਿਆ ਜਾਵੇ।ਇਸ ਮਤੇ ਵਿੱਚ ਸੁਰੱਖਿਆ ਬਲਾਂ ਦੇ ਪੱਖਪਾਤੀ ਰਵੱਈਏ ਦੀ ਵੀ ਗੱਲ ਕੀਤੀ ਗਈ ਹੈ। ਇਸ ਵਿੱਚ ਕਿਹਾ ਗਿਆ ਹੈ ਕਿ ਸੁਰੱਖਿਆ ਬਲਾਂ ਦੇ ਪੱਖਪਾਤੀ ਰਵੱਈਏ ਨੇ ਵੀ ਅਧਿਕਾਰੀਆਂ ਪ੍ਰਤੀ ਲੋਕਾਂ ਵਿੱਚ ਅਵਿਸ਼ਵਾਸ ਤੇ ਗੁਲਾਮੀ ਦਾ ਅਹਿਸਾਸ ਪੈਦਾ ਕੀਤਾ ਹੈ। ਯੂਰਪੀ ਸਾਂਸਦਾਂ ਨੇ ਕਿਹਾ ਹੈ ਕਿ ਭਾਰਤ ਅਤੇ ਯੂਰਪ ਦਰਮਿਆਨ ਮੁਕਤ ਵਪਾਰ ਸਮਝੌਤੇ ਲਈ ਚੱਲ ਰਹੀ ਗੱਲਬਾਤ ਵਿੱਚ ਮਨੁੱਖੀ ਅਧਿਕਾਰ ਦਾ ਮੁੱਦਾ ਅਹਿਮ ਪਹਿਲੂ ਹੋਵੇਗਾ।

ਬੀਤੇ ਦਿਨੀਂ ਪ੍ਰਸਤਾਵ 'ਤੇ ਬਹਿਸ ਦੌਰਾਨ ਸਭ ਤੋਂ ਵੱਡੀ ਜਥੇਬੰਦੀ ਈਪੀਪੀ ਦੇ ਸਵੈਨ ਸਾਈਮਨ ਨੇ ਕਿਹਾ ਕਿ ਅਸੀਂ ਇੱਥੇ ਕਿਸੇ 'ਤੇ ਉਂਗਲ ਨਹੀਂ ਚੁੱਕਣਾ ਚਾਹੁੰਦੇ ਪਰ ਇਸ ਮਤੇ ਰਾਹੀਂ, ਅਸੀਂ ਸਭ ਤੋਂ ਵੱਡੀ ਆਬਾਦੀ ਵਾਲੇ ਲੋਕਤੰਤਰ ਭਾਰਤ ਨੂੰ ਅਪੀਲ ਕਰਦੇ ਹਾਂ ਕਿ ਉਹ ਧਾਰਮਿਕ ਆਜ਼ਾਦੀ ਤੇ ਖਾਸ ਕਰਕੇ ਮਨੀਪੁਰ ਵਿਚ ਈਸਾਈਆਂ ਦੀ ਅਜ਼ਾਦੀ ਬਰਕਰਾਰ ਰੱਖਣ ਲਈ ਆਪਣਾ ਸੰਵਿਧਾਨਕ ਫਰਜ਼ ਨਿਭਾਉਣ।

ਈਸੀਆਰ ਸੰਗਠਨ ਵੱਲੋਂ ਬੋਲਦੇ ਹੋਏ ਬਰਟ ਜਾਨ ਰੂਸਨ ਨੇ ਕਿਹਾ ਕਿ ਸਾਡਾ ਸਾਂਝਾ ਪ੍ਰਸਤਾਵ ਬਹੁਤ ਸਪੱਸ਼ਟ ਹੈ। ਭਾਰਤ ਨੂੰ ਧਾਰਮਿਕ ਅਤੇ ਜਾਤੀ ਹਿੰਸਾ ਖਤਮ ਕਰਨੀ ਚਾਹੀਦੀ ਹੈ, ਦੋਸ਼ੀਆਂ ਨੂੰ ਸਜ਼ਾਵਾਂ ਦੇਣੀਆਂ ਚਾਹੀਦੀਆਂ ਹਨ ਅਤੇ ਹਿੰਦੂ ਕੱਟੜਪੰਥ ਨੂੰ ਖਤਮ ਕਰਨ ਲਈ ਆਪਣੇ ਸੰਵਿਧਾਨਕ ਦਾਇਰੇ ਵਿੱਚ ਸਭ ਕੁਝ ਕਰਨਾ ਚਾਹੀਦਾ ਹੈ । ਇਸ ਮਾਮਲੇ ਵਿੱਚ ਗਾਰੰਟੀ ਤੋਂ ਬਿਨਾਂ, ਅਸੀਂ ਭਾਰਤ ਨਾਲ ਕਿਸੇ ਨਵੇਂ ਵਪਾਰ ਲਈ ਗੱਲਬਾਤ ਨਹੀਂ ਕਰ ਸਕਦੇ।

ਅੰਤ ਵਿੱਚ, ਯੂਰਪੀ ਸੰਘ ਦੀ ਕਮਿਸ਼ਨਰ ਮੈਰੀ ਮੈਕਗਿਨੀਜ਼ ਨੇ ਸੰਸਦ ਮੈਂਬਰਾਂ ਨੂੰ ਦੱਸਿਆ ਕਿ ਯੂਰਪੀਅਨ ਯੂਨੀਅਨ ਮਨੀਪੁਰ ਵਿੱਚ ਸਥਿਤੀ ਦਾ ਬਹੁਤ ਨੇੜਿਓਂ ਦੇਖ ਰਹੀ ਹੈ ਅਤੇ ਮਈ ਵਿੱਚ ਮਨੀਪੁਰ ਵਿੱਚ ਭੜਕੀ ਹਿੰਸਾ ਦੇ ਨਤੀਜੇ ਵਜੋਂ ਵੱਡੀ ਗਿਣਤੀ ਵਿੱਚ ਮੌਤਾਂ ਹੋਈਆਂ ਅਤੇ ਉਜਾੜਾ ਹੋਇਆ ਸੀ। ਇਸ ਬਾਰੇ ਅਸੀਂ ਬਹੁਤ ਦੁਖੀ ਹਾਂ। ਇਸ ਦੇ ਨਾਲ ਹੀ ਉਨ੍ਹਾਂ ਨੇ ਇਹ ਵੀ ਕਿਹਾ ਕਿ ਅਸੀਂ ਮਨੀਪੁਰ ਵਿਚ ਵੱਖ-ਵੱਖ ਸੰਗਠਨਾਂ ਵਿਚਾਲੇ ਸ਼ਾਂਤੀ ਅਤੇ ਵਿਸ਼ਵਾਸ ਕਾਇਮ ਕਰਨ ਦੀ ਦਿਸ਼ਾ ਵਿਚ ਭਾਰਤ ਦੀ ਮੰਗ 'ਤੇ ਸਹਿਯੋਗ ਕਰਨ ਲਈ ਤਿਆਰ ਹਾਂ।

***

## ਦਿੱਲੀ ਦਾ ਮਸ਼ਹੂਰ ਸਟੇਡੀਅਮ

ਉਨ੍ਹਾਂ ਨੇ ਅੱਗੇ ਦੋਸ਼ ਲਗਾਇਆ ਕਿ ਭਾਰਤ ਦੇ ਧਰਮ ਨਿਰਪੱਖ ਲੋਕਤੰਤਰ ਨੂੰ ਮੁੜ ਤੋਂ ਸਥਾਪਿਤ ਕਰਨ ਦਾ ਭਿਆਨਕ ਵਿਚਾਰ ਖਤਰਨਾਕ ਹੈ । ਸਾਡਾ ਇਕੋ ਇੱਕ ਉਦੇਸ਼ ਅਖੰਡ ਹਿੰਦੂ ਭਾਰਤ ਦੀ ਸਥਾਪਨਾ ਕਰਨਾ ਹੋਣਾ ਚਾਹੀਦਾ ਹੈ ।ਕੱਟੜ ਹਿੰਦੂ ਰਾਸ਼ਟਰਵਾਦੀ ਅਤੇ ਵਿਸ਼ਵ ਹਿੰਦੂ ਪ੍ਰੀਸ਼ਦ ਦੇ ਸਾਬਕਾ ਅੰਤਰਰਾਸ਼ਟਰੀ ਪ੍ਰਧਾਨ ਪ੍ਰਵੀਨ ਤੋਗੜੀਆ ਨੇ ਵੀ ਇਸੇ ਸਥਾਨ 'ਤੇ ਸੰਬੋਧਨ ਕਰਦਿਆਂ ਮੁਸਲਮਾਨਾਂ ਨੂੰ ਧਮਕੀ ਦਿੱਤੀ ਕਿ ਅਸੀਂ ਨਾ ਭੱਜਾਂਗੇ, ਨਾ ਮਰਾਂਗੇ, ਅਸੀਂ ਤੁਹਾਡੇ ਸੀਨੇ 'ਤੇ ਪੈਰ ਰੱਖ ਕੇ ਤੁਹਾਡੀ ਨਾਨੀ ਯਾਦ ਕਰਾਵਾਂਗੇ (ਤੁਹਾਨੂੰ ਸਬਕ ਸਿਖਾਵਾਂਗੇ)।

***

## ਫਰਾਂਸ ਦੀ ਬੈਸਟਿਲ ਦਿਵਸ

ਪ੍ਰਧਾਨ ਮੰਤਰੀ ਮੋਦੀ ਨੇ ਮੰਚ ਅੱਗਿਉਂ ਗੁਜ਼ਰਦਿਆਂ ਸਮੇਂ ਭਾਰਤੀ ਟੁੱਕੜੀ ਨੂੰ ਸਲਾਮੀ ਦਿੱਤੀ ਜਿਥੇ ਉਹ ਮੈਕਰੌਂ ਅਤੇ ਹੋਰ ਹਸਤੀਆਂ ਨਾਲ ਵਿਰਾਜਮਾਨ ਸਨ। ਸਾਰੀ ਪਰੇਡ ਦੌਰਾਨ ਫਰਾਂਸੀਸੀ ਰਾਸ਼ਟਰਪਤੀ, ਮੋਦੀ ਨੂੰ ਰਵਾਇਤੀ ਪਰੇਡ ਦੀਆਂ ਵਿਸ਼ੇਸ਼ਤਾਵਾਂ ਤੋਂ ਜਾਣੂ ਕਰਵਾਉਂਦੇ ਰਹੇ। ਫਰਾਂਸੀਸੀ ਕੌਮੀ ਦਿਵਸ ਜਾਂ ਬੈਸਟਿਲ ਦਿਵਸ ਦਾ ਫਰਾਂਸ ਦੇ ਇਤਿਹਾਸ 'ਚ ਇਕ ਵਿਸ਼ੇਸ਼ ਸਥਾਨ ਹੈ ਕਿਉਂਕਿ ਇਹ 1789 'ਚ ਹੋਏ ਫਰਾਂਸੀਸੀ ਇਨਕਲਾਬ ਦੌਰਾਨ ਬੈਸਟਿਲ ਜੇਲ੍ਹ 'ਤੇ ਹੋਏ ਹਮਲੇ ਦੀ ਯਾਦ ਦਿਵਾਉਂਦਾ ਹੈ।

***

## ਬਾਬਾ ਰਾਮਦੇਵ ਦੇ ਮਕੜਜਾਲ

ਅਤੇ ਇਸ ਮਾਮਲੇ ਵਿੱਚ ਦੇਸੀ ਦੇਸੀ ਦਾ ਰੌਲਾ ਪਾਉਣਾ ਬਿਲਕੁਲ ਮੂਰਖਤਾ ਹੈ। ਪਰ ਉਸ ਨੇ ਫਾਰਮਾਸਿਊਟੀਕਲ ਕੰਪਨੀਆਂ ਅਤੇ ਮੈਡੀਕਲ ਸਾਇੰਸ ਦਾ ਅਕਸ ਖਰਾਬ ਕਰਨ ਲਈ ਆਪਣੇ ਸ਼ਿਵਰਾਂ ਦੀ ਸ਼ੁਰੂਆਤ ਕੀਤੀ ਅਤੇ ਜਦੋਂ ਉਸ ਨੂੰ ਮਾਹੌਲ ਅਨੁਕੂਲ ਲੱਗਿਆ ਤਾਂ ਉਸ ਨੇ ਆਯੁਰਵੈਦਿਕ ਦਵਾਈਆਂ ਬਾਜ਼ਾਰ ਵਿੱਚ ਉਤਾਰ ਦਿੱਤੀਆਂ। ਸਾਰਿਆਂ ਨੂੰ ਇਸ ਗੱਲ ਨੂੰ ਚੰਗੀ ਤਰ੍ਹਾਂ ਸਮਝ ਲੈਣਾ ਚਾਹੀਦਾ ਹੈ ਕਿ ਬਾਬੇ ਦੀ ਇੱਕ ਵੀ ਅਜਿਹੀ ਦਵਾਈ ਨਹੀਂ ਵੇਚੀ ਜਾ ਰਹੀ ਜੋ ਪਹਿਲਾਂ ਹੀ ਡਾਬਰ, ਬੈਧਨਾਥ, ਉਂਝਾ, ਹਿਮਾਲਿਆ ਵਰਗੀਆਂ ਸ਼ੁੱਧ ਹਰਬਲ ਦਵਾਈਆਂ ਬਣਾਉਣ ਵਾਲੀਆਂ ਕੰਪਨੀਆਂ ਦੁਆਰਾ ਨਹੀਂ ਬਣਾਈ ਜਾ ਰਹੀ ਹੈ। ਪਰ ਲੋਕਾਂ ਨੂੰ ਇਸ ਤਰ੍ਹਾਂ ਦੱਸਿਆ ਗਿਆ ਜਿਵੇਂ ਇਤਿਹਾਸ ਵਿੱਚ ਇਹ ਪਹਿਲੀ ਵਾਰ ਹੈ ਕਿ ਇਹ ਆਯੁਰਵੈਦਿਕ ਦਵਾਈਆਂ ਬਾਜ਼ਾਰ ਵਿੱਚ ਆਈਆਂ ਹਨ। ਇਸ ਤੋਂ ਬਾਅਦ ਪਤੰਜਲੀ ਦੁਆਰਾ ਵੇਚੀਆਂ ਜਾ ਰਹੀਆਂ ਦਵਾਈਆਂ ਬਾਕੀ ਦੇਸੀ ਆਯੁਰਵੈਦਿਕ ਦਵਾਈਆਂ ਬਣਾਉਣ ਵਾਲੀਆਂ ਕੰਪਨੀਆਂ ਨਾਲੋਂ ਸਸਤੀਆਂ ਵੇਚੀਆਂ ਜਾ ਰਹੀਆਂ ਹਨ।

***

## ਖੇਡਾਂ ਵਿੱਚ ਭਾਰਤ

ਬਾਜ਼ਾਰ ਨੇ ਖੇਡਾਂ 'ਤੇ ਕਬਜ਼ਾ ਕਰ ਲਿਆ ਹੈ ਅਤੇ ਖੇਡਾਂ ਦਾ ਬਾਜ਼ਾਰ ਬਣ ਗਿਆ ਹੈ। ਕ੍ਰਿਕਟ ਖਿਡਾਰੀ ਵੀ ਹੁਣ ਸਿਆਸਤਦਾਨਾਂ ਵਾਂਗ ਜਨਤਾ ਦਾ ਭਰੋਸਾ ਗੁਆ ਚੁੱਕੇ ਹਨ। ਆਮ ਲੋਕ ਉਸ ਦੀ ਖੇਡ ਨੂੰ ਇੱਕ ਤਰ੍ਹਾਂ ਦਾ ਜੂਆ ਸਮਝਦੇ ਹਨ।

ਜੇਕਰ ਭਾਰਤ ਨੇ ਖੇਡ ਜਗਤ 'ਚ ਚੀਨ ਵਾਂਗ ਤਰੱਕੀ ਕਰਨੀ ਹੈ ਤਾਂ ਉਸ ਨੂੰ ਇਸ ਸਥਿਤੀ 'ਤੇ ਕਾਬੂ ਪਾਉਣਾ ਹੋਵੇਗਾ। ਖੇਡਾਂ ਨੂੰ ਖੇਡਾਂ ਸਮਝ ਕੇ ਇਨ੍ਹਾਂ ਦੀ ਪ੍ਰਫੁੱਲਤਾ ਦਾ ਪ੍ਰਬੰਧ ਕਰਨਾ ਜ਼ਰੂਰੀ ਹੈ।

ਇਸ ਦੇ ਲਈ ਸਿਖਲਾਈ ਕੇਂਦਰ ਅਤੇ ਲੋੜੀਂਦੇ ਫੰਡਾਂ ਦਾ ਪ੍ਰਬੰਧ ਕਰਨਾ ਵੀ ਜ਼ਰੂਰੀ ਹੈ। ਸਕੂਲ ਪੱਧਰ ਤੋਂ ਹੀ ਇਸ ਵਿੱਚ ਸੁਧਾਰ ਦੀ ਲੋੜ ਹੈ। ਸਿਆਸੀ ਲੋਕਾਂ ਅਤੇ ਕਾਰੋਬਾਰੀਆਂ ਨੂੰ ਖੇਡਾਂ ਤੋਂ ਦੂਰ ਰੱਖਣ ਦੀ ਲੋੜ ਹੈ। ਖੇਡਾਂ ਦਾ ਕੰਟਰੋਲ ਖੇਡਾਂ ਨੂੰ ਸਮਰਪਿਤ ਲੋਕਾਂ ਨੂੰ ਹੀ ਦਿੱਤਾ ਜਾਣਾ ਚਾਹੀਦਾ ਹੈ।

ਭਾਰਤ ਵੱਖ-ਵੱਖ ਖੇਤਰਾਂ ਵਿੱਚ ਵਿਕਾਸ ਦੇ ਰਾਹ 'ਤੇ ਅੱਗੇ ਵੱਧ ਰਿਹਾ ਹੈ। ਖੇਡਾਂ ਨੂੰ ਨਜ਼ਰਅੰਦਾਜ਼ ਕਰਕੇ ਉਹ ਆਪਣਾ ਟੀਚਾ ਹਾਸਲ ਨਹੀਂ ਕਰ ਸਕਦਾ। ਖੇਡਾਂ ਨੂੰ ਵਿਕਾਸ ਦਾ ਹਿੱਸਾ ਮੰਨ ਕੇ ਹੀ ਭਾਰਤ ਦੁਨੀਆਂ ਦੇ ਹੋਰ ਵਿਕਸਤ ਦੇਸ਼ਾਂ ਨਾਲ ਖੜ੍ਹ ਸਕਦਾ ਹੈ।

***

## ਉਲੰਪਿਕ 'ਚ ਸਿਰਫ ਅਮਰੀਕਾ, ਚੀਨ ਅਤੇ ਬ੍ਰਿਟੇਨ

ਭਾਰਤ ਕੋਲ 2036 ਓਲੰਪਿਕ ਲਈ ਬੋਲੀ ਲਗਾਉਣ ਦਾ ਮੌਕਾ ਹੈ, 2036 ਉਲੰਪਿਕ ਖੇਡਾਂ ਲਈ ਬੋਲੀ 2026 ਵਿੱਚ ਸ਼ੁਰੂ ਹੋਵੇਗੀ।

**ਉਲੰਪਿਕ ਖੇਡਾਂ ਦਾ ਖਰਚ**

ਉਲੰਪਿਕ ਖੇਡਾਂ 'ਤੇ ਅਰਬਾਂ ਡਾਲਰ ਖਰਚ ਕੀਤੇ ਜਾਂਦੇ ਹਨ। 2020 ਟੋਕੀਓ ਉਲੰਪਿਕ 'ਤੇ ਕੁੱਲ ਖਰਚ 15.4 ਬਿਲੀਅਨ ਡਾਲਰ ਸੀ, 2016 ਰੀਓ ਉਲੰਪਿਕ 'ਤੇ ਕੁੱਲ ਖਰਚ 14 ਬਿਲੀਅਨ ਡਾਲਰ ਸੀ, 2012 ਲੰਡਨ ਉਲੰਪਿਕ ਦੀ ਕੁੱਲ ਲਾਗਤ 15 ਬਿਲੀਅਨ ਡਾਲਰ ਸੀ, 2008 ਬੀਜਿੰਗ ਉਲੰਪਿਕ ਦੀ ਕੁੱਲ ਲਾਗਤ 7 ਬਿਲੀਅਨ ਡਾਲਰ ਸੀ।

## ਰੈਡੀਮੇਡ ਭੋਜਨ ਅਤੇ ਡੱਬਾਬੰਦ

ਇਹਨਾਂ ਉਤਪਾਦਾਂ ਦੀ ਖਪਤ ਬਾਰੇ ਦੁਵਿਧਾ ਵਿੱਚ ਹਨ।ਮਾਹਿਰ ਪੁਰਾਣੀ ਦਲੀਲ ਵਿੱਚ ਨਹੀਂ ਖ਼ਰੀਦਦੇ ਹਨ ਕਿ ਸੀਮਤ ਮਾਤਰਾ ਵਿੱਚ ਨਕਲੀ ਮਿਠਾਈਆਂ ਅਤੇ ਹੋਰ ਸਮਾਨ ਨਾਲ ਬਣੇ ਉਤਪਾਦ ਨੁਕਸਾਨਦੇਹ ਨਹੀਂ ਹਨ ਅਤੇ ਵਰਤੇ ਜਾ ਸਕਦੇ ਹਨ। ਬੇਸ਼ੱਕ ਬਹੁ-ਕੌਮੀ ਕੰਪਨੀਆਂ ਆਪਣੇ ਮੁਨਾਫ਼ੇ ਲਈ ਲੋਕਾਂ ਦੀ ਸਿਹਤ ਨਾਲ ਖ਼ਿਲਵਾੜ ਕਰ ਰਹੀਆਂ ਹਨ, ਫਿਰ ਵੀ ਦੁਨੀਆ ਦੇ ਤਾਕਤਵਰ ਮੁਲਕਾਂ ਵਿੱਚ ਕਾਰਗਰ ਸਾਬਤ ਹੋਣ ਵਾਲੀਆਂ ਇਨ੍ਹਾਂ ਕੰਪਨੀਆਂ ਖ਼ਿਲਾਫ਼ ਕੋਈ ਵੀ ਗੱਲ ਕਿੜ ਖ਼ਾਨੇ ਵਿੱਚ ਤੂਤੀ ਦੀ ਆਵਾਜ਼ ਬਣ ਕੇ ਰਹਿ ਜਾਂਦੀ ਸੀ।ਅਜਿਹੀਆਂ ਕੰਪਨੀਆਂ ਭਾਰਤ ਵਿੱਚ ਵੀ ਤੇਜ਼ੀ ਨਾਲ ਫੈਲ ਰਹੀਆਂ ਹਨ।

ਇੰਸਟੈਂਟ ਨੂਡਲਜ਼, ਆਲੂ ਦੇ ਚਿਪਸ, ਕੋਲਡ ਡਰਿੰਕਸ ਨੇ ਭਾਰਤੀ ਪਰਿਵਾਰਾਂ ਵਿੱਚ ਹਲ ਚਲ ਮਚਾ ਦਿੱਤੀ ਹੈ, ਇਹ ਸਾਰੇ ਖਾਣ-ਪੀਣ ਦੀਆਂ ਵਸਤਾਂ ਭਾਵੇਂ ਸਵਾਦਿਸ਼ਟ ਹੋਣ ਪਰ ਇਨ੍ਹਾਂ ਦਾ ਸੇਵਨ ਸਿਹਤ ਨੂੰ ਬਰਬਾਦ ਕਰ ਰਿਹਾ ਹੈ।ਉਨ੍ਹਾਂ ਦੀ ਲੋਕਪ੍ਰਿਅਤਾ ਵਧ ਰਹੀ ਹੈ, ਆਖਿਰ ਕਿਉਂ ਨਾ ਵਧੇ, ਸਾਡੇ ਸਾਰੇ ਵੱਡੇ ਸੁਪਰਸਟਾਰ ਉਨ੍ਹਾਂ ਦੀ ਮਸ਼ਹੂਰੀ ਕਰਦੇ ਹਨ। ਆਖ਼ਰਕਾਰ, ਇੱਕ ਉਤਪਾਦ ਕਿਵੇਂ ਨੁਕਸਾਨਦਾਇਕ ਹੋ ਸਕਦਾ ਹੈ ਜੇਕਰ ਇਸ ਦੇ ਇਸ਼ਤਿਹਾਰਾਂ ਵਿੱਚ ਇੱਕ ਪਿਆਰੇ ਬੱਚੇ ਦੀ ਆਵਾਜ਼ ਹੋਵੇ ਜਾਂ ਜਨਮਦਿਨ ਤੋਂ ਲੈ ਕੇ ਵਿਆਹ ਤੱਕ ਹਰ ਮੌਕੇ ਲਈ 'ਲਵ ਯੂਅਰ ਦਾਦਾ-ਦਾਦੀ', 'ਕੁਝ ਮਿੱਠਾ' ਵਰਗੇ ਇਸ਼ਤਿਹਾਰਾਂ ਵਿੱਚ ਭਾਵਨਾਤਮਕ ਕਦਰਾਂ-ਕੀਮਤਾਂ ਨਾਲ ਖੇਡਣ ਵਾਲੇ ਲੋਕ ਹੁੰਦੇ ਹਨ।ਜੇਕਰ ਅਸੀਂ ਇਨ੍ਹਾਂ ਇਸ਼ਤਿਹਾਰਾਂ 'ਤੇ ਯਕੀਨ ਕਰੀਏ ਤਾਂ ਪਤਾ ਲੱਗੇਗਾ ਕਿ ਕੈਡਬਰੀ, ਚਿਪਸ ਅਤੇ ਕੋਲਡ ਡਰਿੰਕ ਦਾ ਸੇਵਨ ਕਰਨ ਵਾਲੇ ਲੋਕ ਆਮ ਲੋਕਾਂ ਨਾਲੋਂ ਜ਼ਿਆਦਾ ਪਿਆਰੇ, ਸੱਭਿਅਕ, ਆਧੁਨਿਕ ਅਤੇ ਸੰਵੇਦਨਸ਼ੀਲ ਹੁੰਦੇ ਹਨ ਅਤੇ ਤੁਸੀਂ ਬਰਗਰ ਅਤੇ ਫਰਾਈਡ ਚਿਕਨ ਦੇ ਕਾਰਨ ਬਿਹਤਰ ਦੋਸਤ ਸਾਬਤ ਹੋ ਸਕਦੇ ਹੋ। ਤਾਂ ਆਖ਼ਰਕਾਰ ਮਾਮਲਾ ਕੀ ਹੈ? ਕੈਡਬਰੀ ਕਾਰਨ ਭਾਰਤੀ ਦੇਸੀ ਮਿਠਾਈਆਂ ਦੇ ਭਵਿੱਖ 'ਤੇ ਬੱਦਲ ਛਾ ਗਏ ਹਨ।

ਸਿਹਤ ਸਥਿਤੀ ਬਹੁਤ ਚਿੰਤਾਜਨਕ ਹੈ।ਭਾਰਤੀ ਮੱਧ ਵਰਗ ਦੀ ਖੁਰਾਕ ਦਿਨੋਂ ਦਿਨ ਬਦ ਤੋਂ ਬਦਤਰ ਹੁੰਦੀ ਜਾ ਰਹੀ ਹੈ। ਜਿਵੇਂ-ਜਿਵੇਂ ਮੱਧ ਵਰਗ ਦੀ ਆਮਦਨ ਅਤੇ ਖਰਚਾ ਵਧ ਰਿਹਾ ਹੈ, ਉਸ ਨੂੰ ਆਪਣੇ ਸਰੀਰ ਵਿੱਚ ਕੈਲੋਰੀ ਦੀ ਮਾਤਰਾ ਵਧਾਉਣ ਦੇ ਵਧੇਰੇ ਮੌਕੇ ਮਿਲ ਰਹੇ ਹਨ। ਵੈਸੇ ਵੀ, ਭਾਰਤੀ ਰਵਾਇਤੀ ਤੌਰ 'ਤੇ ਭੋਜਨ ਪ੍ਰੇਮੀ ਹਨ।ਅਜਿਹੇ 'ਚ ਜੇਕਰ ਸਵਾਦਿਸ਼ਟ ਪਰ ਸਸਤੇ ਭੋਜਨ ਆਸਾਨੀ ਨਾਲ ਮਿਲ ਜਾਣ ਤਾਂ ਕੀ ਕਹੀਏ।ਭਾਵੇਂ ਇਹ ਸੁਆਦ ਜ਼ਹਿਰੀਲਾ ਹੀ ਕਿਉਂ ਨਾ ਹੋਵੇ। ਇਸ ਵਿੱਚ ਜਾਗਰੂਕਤਾ ਦੀ ਘਾਟ ਅਤੇ ਅਨੈਤਿਕ ਇਸ਼ਤਿਹਾਰਬਾਜ਼ੀ ਸੱਭਿਆਚਾਰ ਨੂੰ ਜੋੜੋ, ਤਾਂ ਸਾਨੂੰ ਪਤਾ ਲੱਗੇਗਾ ਕਿ ਅਸੀਂ ਇੱਕ ਡਰਾਉਣੀ ਸਥਿਤੀ ਵੱਲ ਵਧ ਰਹੇ ਹਾਂ। ਸਾਨੂੰ ਇਹ ਜਾਂਚਣ ਲਈ ਕਿਸੇ ਪ੍ਰਯੋਗਸ਼ਾਲਾ ਅਧਿਐਨ ਦੀ ਲੋੜ ਨਹੀਂ ਹੈ ਕਿ ਅਸੀਂ ਜੋ ਕੁਝ ਖਾ ਰਹੇ ਹਾਂ, ਉਹ ਸਾਡੀ ਸਿਹਤ ਲਈ ਅਸਲ ਵਿੱਚ ਹਾਨੀਕਾਰਕ ਹਨ।ਇੱਕ ਜੂਸ ਬ੍ਰਾਂਡ ਇੱਕ ਜੂਸ ਵੇਚਦਾ ਹੈ ਜਿਸ ਵਿੱਚ ਪ੍ਰਤੀ ਗਲਾਸ ਅੱਠ ਚਮਚੇ ਚੀਨੀ ਹੋ ਸਕਦੀ ਹੈ। ਤਤਕਾਲ ਨੂਡਲਜ਼ ਦਾ ਇੱਕ ਪੈਕ ਅਸ਼ੁੱਧ ਅਤੇ ਅਸ਼ੁੱਧ ਸਟਾਰਚ ਤੋਂ ਵੱਧ ਕੁਝ ਨਹੀਂ ਹੈ। ਜੌਂ ਤੋਂ ਬਣੇ ਅਖੌਤੀ ਪੌਸ਼ਟਿਕ ਭੋਜਨ, ਜੋ ਦੁੱਧ ਦੇ ਨਾਲ ਬੱਚਿਆਂ ਨੂੰ ਖੁਆਈ ਜਾਂਦੇ ਹਨ, ਚੀਨੀ ਨਾਲ ਭਰਪੂਰ ਹੁੰਦੇ ਹਨ। ਨਾਸ਼ਤੇ ਵਿੱਚ ਜੋ ਮਹਿੰਗੇ ਖਾਣ-ਪੀਣ ਦੀਆਂ ਵਸਤੂਆਂ ਲਈਆਂ ਜਾਂਦੀਆਂ ਹਨ, ਉਨ੍ਹਾਂ ਦੀ ਸਿਹਤ ਦਾ ਮੁੱਲ ਇੱਕ ਸਾਦੀ ਰੋਟੀ ਜਿੰਨੀ ਵੀ ਨਹੀਂ ਹੈ।ਤਲੇ ਹੋਏ ਆਲੂ ਦੇ ਚਿਪਸ ਅਤੇ ਪੈਟੀ ਬਰਗਰ ਯਕੀਨੀ ਤੌਰ 'ਤੇ ਸਿਹਤਮੰਦ ਵਸਤੂਆਂ ਨਹੀਂ ਹਨ। ਇਸ ਦੇ ਬਾਵਜੂਦ ਇਨ੍ਹਾਂ ਉਤਪਾਦਾਂ ਦੇ ਨਿਰਮਾਤਾ ਸਾਡੇ ਮਨਾਂ ਵਿੱਚ ਇਨ੍ਹਾਂ ਉਤਪਾਦਾਂ ਦੀ ਇੱਛਾ ਪੈਦਾ ਕਰਨ ਲਈ ਬ੍ਰਾਂਡ ਟੀਵੀ ਇਸ਼ਤਿਹਾਰਾਂ 'ਤੇ ਕਰੋੜਾਂ ਰੁਪਏ ਖਰਚ ਕਰਦੇ ਹਨ।

ਇਨ੍ਹਾਂ ਉਤਪਾਦਾਂ ਕਾਰਨ ਸਾਡਾ ਭਾਰ ਵਧਦਾ ਜਾ ਰਿਹਾ ਹੈ, ਤਣਾਅ ਅਤੇ ਉਦਾਸੀ ਦਾ ਜੀਵਨ ਵਧ ਰਿਹਾ ਹੈ, ਸ਼ੂਗਰ ਦੇ ਮਰੀਜ਼ ਸਿਖਰਾਂ 'ਤੇ ਪਹੁੰਚ ਰਹੇ ਹਨ, ਇਨ੍ਹਾਂ ਖਾਧ ਪਦਾਰਥਾਂ ਦੇ ਵਧਦੇ ਪ੍ਰਚਲਣ ਕਾਰਨ ਦਿਲ ਦੀਆਂ ਬਿਮਾਰੀਆਂ ਦੇ ਅੰਕੜੇ ਵੀ ਹੈਰਾਨ ਕਰਨ ਵਾਲੇ ਹਨ।ਯਕੀਨੀ ਤੌਰ 'ਤੇ ਨਕਲੀ ਮਿਠਾਈਆਂ, ਪੈਕ ਕੀਤੇ ਉਤਪਾਦਾਂ ਅਤੇ ਜੰਕ ਫੂਡ ਦੇ ਨੁਕਸਾਨਦੇਹ ਪ੍ਰਭਾਵਾਂ ਬਾਰੇ ਪੂਰੀ ਦੁਨੀਆ ਵਿੱਚ ਇੱਕ ਨਵੀਂ ਬਹਿਸ ਹੋਵੇਗੀ। ਇਹ ਸਿਰਫ਼ ਬਹੁ-ਰਾਸ਼ਟਰੀ ਕੰਪਨੀਆਂ ਦੇ ਉਤਪਾਦਾਂ, ਮਿਠਾਈਆਂ ਅਤੇ ਨਮਕੀਨਾਂ ਦੀ ਗੱਲ ਨਹੀਂ ਹੈ ਜਿਨ੍ਹਾਂ ਨੂੰ ਅਸੀਂ ਆਪਣੀ ਰਵਾਇਤੀ ਵਿਰਾਸਤ ਦਾ ਹਿੱਸਾ ਮੰਨਦੇ ਹਾਂ, ਘਰਾਂ ਅਤੇ ਰੈਸਟੋਰੈਂਟਾਂ ਵਿੱਚ ਪਰੋਸੇ ਜਾਣ ਵਾਲੇ ਮਸਾਲੇਦਾਰ ਬਰੋਥ, ਰੇਲਵੇ ਸਟੇਸ਼ਨਾਂ 'ਤੇ ਵਿਕਣ ਵਾਲੇ ਸਮੋਸੇ ਅਤੇ ਪਕੌੜਿਆਂ ਦੀ ਕਿਸਮ ਹੈ, ਉਹ ਹਨ। ਸਾਰੇ ਸਾਡੇ ਲਈ ਹਾਨੀਕਾਰਕ ਹਨ।ਪਰ ਨਾ ਤਾਂ ਸਰਕਾਰ, ਨਾ ਇਹ ਕੰਪਨੀਆਂ, ਨਾ ਹੀ ਸਾਨੂੰ ਇਸ ਦੀ ਚਿੰਤਾ ਹੈ।ਸਾਨੂੰ ਆਉਣ ਵਾਲੇ ਸਾਲਾਂ ਵਿੱਚ ਇਸ ਦੀ ਕੀਮਤ ਚੁਕਾਉਣੀ ਪੈ ਸਕਦੀ ਹੈ।ਅੱਜ ਜਿਸ ਖੁਸ਼ਹਾਲੀ 'ਤੇ ਅਸੀਂ ਮਾਣ ਕਰਦੇ ਹਾਂ, ਉਹ ਸਾਡੇ ਲਈ ਮਹਿੰਗੀ ਸਾਬਤ ਹੋ ਸਕਦੀ ਹੈ।ਜਿਨ੍ਹਾਂ ਲੋਕਾਂ ਕੋਲ ਖਾਣ ਲਈ ਕੁਝ ਨਹੀਂ ਹੈ, ਉਹ ਭੋਜਨ ਨੂੰ ਮੁੱਢਲੀ ਲੋੜ ਸਮਝਦੇ ਹਨ, ਪਰ ਜਿਨ੍ਹਾਂ ਨੂੰ ਰੋਜ਼ੀ-ਰੋਟੀ ਦੀ ਕੋਈ ਸਮੱਸਿਆ ਨਹੀਂ ਆਉਂਦੀ, ਉਹ ਇਸ ਨੂੰ ਆਨੰਦ ਦਾ ਦੂਜਾ ਸਾਧਨ ਸਮਝਦੇ ਹਨ। ਜੇ ਵਪਾਰੀ ਅਤੇ ਕੰਪਨੀਆਂ ਕੋਈ ਅਜਿਹੀ ਚੀਜ਼ ਵੇਚ ਰਹੇ ਹਨ ਜਿਸ ਦੇ ਲੰਬੇ ਸਮੇਂ ਦੇ ਘਾਤਕ ਨਤੀਜੇ ਹੋ ਸਕਦੇ ਹਨ, ਤਾਂ ਉਹਨਾਂ ਨੂੰ ਇਸ ਦਾ ਖੁਲਾਸਾ ਕਰਨਾ ਚਾਹੀਦਾ ਹੈ।ਸਾਡੇ ਬੱਚਿਆਂ ਨੂੰ ਕਬਾੜ ਵੇਚਣ ਵਾਲੀਆਂ ਕੰਪਨੀਆਂ ਤੋਂ ਬਚਾਇਆ ਜਾਣਾ ਚਾਹੀਦਾ ਹੈ।ਇਸ਼ਤਿਹਾਰਾਂ ਨੂੰ ਨਿਯਮਾਂ ਦੇ ਦਾਇਰੇ ਵਿੱਚ ਲਿਆਂਦਾ ਜਾਣਾ ਚਾਹੀਦਾ ਹੈ।ਭੋਜਨ ਵਿੱਚ ਮਿੱਠਾ ਜ਼ਹਿਰ ਮਿਲਾ ਕੇ ਵੇਚਣਾ ਦੇਸ਼ ਦੇ ਲੋਕਾਂ ਲਈ ਇੱਕ ਵੱਡਾ ਖ਼ਤਰਾ ਹੈ, ਇਸ ਖ਼ਤਰੇ ਤੋਂ ਲੋਕਾਂ ਨੂੰ ਬਚਾਉਣ ਲਈ ਇਸ ਨੂੰ ਸਿਰਫ਼ ਵਪਾਰਕ ਜਾਂ ਪ੍ਰਣਾਲੀਗਤ ਸਮੱਸਿਆ ਸਮਝ ਕੇ ਹੱਲ ਕਰਨਾ ਉਚਿਤ ਨਹੀਂ ਹੈ, ਸਗੋਂ ਸਖ਼ਤ ਅਤੇ ਨਿਰਪੱਖ ਕਾਨੂੰਨ ਵਿਵਸਥਾ ਬਣਾਈ ਜਾਣੀ ਚਾਹੀਦੀ ਹੈ।

***

## ਸੇਵਾ ਤੇ ਸਿੱਖ ਧਰਮ

ਲੰਗਰਾਂ ਦੀ ਸੇਵਾ ਤੋਂ ਉਪਰ ਦਵਾਈਆਂ ਅਤੇ ਸਿਹਤ ਸਹੂਲਤਾਂ ਸਬੰਧੀ ਵਸਤੂਆਂ ਵਿੱਚ ਵੀ ਯੋਗਦਾਨ ਪਾਇਆ ਹੈ। ਸਿਹਤ ਸੇਵਾਵਾਂ ਨਾਲ ਜੁੜੇ ਅਮਲਾ ਅਧਿਕਾਰੀਆਂ ਦੀ ਬਾਂਹ ਵੀ ਫੜੀ ਹੈ।

ਵੱਡੇ ਕਾਰੋਬਾਰੀ ਸਿੱਖਾਂ ਨੇ ਆਪਣੇ ਕਾਰੋਬਾਰੀ ਥਾਂਵਾਂ ਹਸਪਤਾਲਾਂ ਅਤੇ ਸਿਹਤ ਕਰਮਚਾਰੀਆਂ ਨੂੰ ਮੁਹਈਆ ਕਰਨ ਦਾ ਸੱਦਾ ਦਿੱਤਾ।ਆਪਣੇ ਨਿਜ ਸਵਾਰਥ ਤੋਂ ਉਪਰ ਉਠ ਕ ਜਦੋਂ ਰਿਸ਼ਤੇ ਵੀ ਭੈ ਭੀਤ ਹੋ ਗਏ। ਆਪਣਿਆਂ ਨੇ ਕਰੋਨਾ ਨਾਲ ਹੋਈਆਂ ਮੌਤਾਂ ਦੇ ਸਸਕਾਰ ਨਾ ਕੀਤੇ ਤਾਂ ਸਿੱਖ ਸੰਗਤਾਂ ਨੇ ਆਪਣੀ ਜਾਨ ਤੇ ਖੇਡ ਕੇ ਅਨਜਾਣ ਲਾਸ਼ਾਂ ਦੇ ਸਸਕਾਰ ਵੀ ਕੀਤੇ। ਮਨੁੱਢ ਸੇਵਾ ਦੇ ਸਿਧਾਂਤ ਅਤੇ ਗੁਰ ਉਪਦੇਸ਼ ਨੂੰ ਸੰਸਾਰ ਸਾਹਮਣੇ ਰਖਿਆ। ਸਿੱਖੀ ਦੀ ਹੋਂਦ ਵਿੱਚ ਖ਼ਾਲਸਾ ਬਣਿਆ ਹੀ ਮਜਲੂਮਾਂ ਅਤੇ ਲੋੜਵੰਦਾਂ ਦੀ ਸੇਵਾ ਲਈ ਹੈ। ਇਸ ਤਰਾਂ ਸੇਵਾ ਦੀ ਅਨੂਠੀ ਮਿਸਾਲ ਕਾਇਮ ਕੀਤੀ।

ਇਸ ਸਮੇਂ ਇਹ ਸੁਨੇਹਾ ਹੈ ਕਿ ਸਿਹਤ ਵਿਗਿਆਨ ਦੇ ਨਿਯਮਾਂ ਅਨੁਸਾਰ ਆਪਣਾ ਧਿਆਨ ਰਖੋ। ਇਸ ਮਹਾਂਮਾਰੀ ਦੇ ਸਮੇਂ ਘਰ ਵਿੱਚ ਹੀ ਰਹਿ ਕੇ ਬਚਾਓ ਕਰੋ। ਜਿਹੜੇ ਆਪਣੀ ਜਾਨ ਤੇ ਖੇਡ ਕੇ ਮਨੁਖੀ ਸੇਵਾ ਨਿਭਾਅ ਰਹੇ ਹਨ, ਉਹਨਾਂ ਦੀ ਹੌਸਲਾ ਅਫਜਾਈ ਕਰੋ, ਉਹਨਾਂ ਦਾ ਸਾਥ ਦੇਵੋ। ਖਾਸ ਕਰਕੇ ਸਿਹਤ ਖੇਤਰ ਵਿੱਚ ਜੁੜੇ ਅਮਲੇ, ਕਰਮਚਾਰੀਆਂ ਨੂੰ ਸਲਾਮ ਕਰੋ, ਆਪਣੇ ਅਕੀਦੇ ਵਿੱਚ ਵਿਸ਼ਵਾਸ ਰਖੋ। ਘਰ ਵਿਚ ਹੀ ਨਾਮ ਜੱਪੋ, ਸਰਬੱਤ ਦੇ ਭਲੇ ਲਈ ਅਰਦਾਸ ਕਰੋ। ਗੁਰਮਤਿ ਸਾਹਿਤ ਪੜ੍ਹੋ ਬੱਚਿਆਂ ਨਾਲ ਵਿਚਾਰੋ। ਆਪਣੇ ਗੌਰਵਮਈ ਵਿਰਸੇ ਨਾਲ ਜੁੜੋ। ਇਤਿਹਾਸ ਦੀ ਖੋਜ਼ ਕਰੋ, ਲਿਖੋ ਅਤੇ ਪ੍ਰਚਾਰ ਕਰੋ। ਸਿੱਖੀ ਸਿਧਾਂਤਾਂ ਦੀ ਰਹਿਨੁਮਾਈ ਤੋਂ ਹੌਸਲਾ ਮਿਲੇਗਾ। ਸਾਦਾ ਜਿੰਦਗੀ ਜਿਉਣ ਦਾ ਉਤਸ਼ਾਹ ਮਿਲੇਗਾ।

ਸਮੁੱਚੇ ਤੌਰ ਤੇ ਮਨੁੱਖੀ ਜੀਵਨ ਤੇ ਮੁੜ ਵਿਚਾਰ ਕਰਨ ਦਾ ਮੌਕਾ ਹੈ। ਜਦਿਕ ਇਨਸਾਨ ਬੇਵੱਸ ਹੋ ਕੇ ਰਹਿ ਗਿਆ ਹੈ। ਜਦਕਿ ਕੁਦਰਤ ਦੀ ਸੰਭਾਲ ਨੂੰ ਭੁੱਲ ਕੇ ਤਰੱਕੀ ਦੇ ਰਾਹ ਤੇ ਅਸਮਾਨ ਤਕ ਪਹੁੰਚ ਰਖਦਾ ਹੈ। ਇਸ ਸੋਚ ਨੇ ਜੋ ਵਿਕਾਸ ਕੀਤਾ ਹੈ। ਅਸਲ ਵਿੱਚ ਵਿਨਾਸ਼ਾ ਬਣਕੇ ਸਾਹਮਣੇ ਆਇਆ ਹੈ। ਕੁਦਰਤ ਦੇ ਜੀਵਾਂ ਨੂੰ ਭੁੱਲ ਕੇ ਮਾਨਸਿਕ ਅਤੇ ਸਰੀਰਕ ਬਿਮਾਰੀ ਦਾ ਸ਼ਿਕਾਰ ਹੋਇਆ ਹੈ।

ਕਰੋਨਾ ਦੀ ਮਾਰ ਨੇ ਉਸ ਨੂੰ ਮੁੜ ਵਿਚਾਰ ਕਰਨ ਦਾ ਮੌਕਾ ਦਿਤਾ ਹੈ ਕਿ ਆਉਂਦੇ ਖਤਰਿਆਂ ਵਿੱਚ ਕੁਦਰਤ ਵਿਕਾਸ ਦੀ ਲੋੜ ਹੈ। ਜੰਗੀ ਮਾਰੂ ਹਥਿਆਰ ਐਟਮੀ ਸ਼ਕਤੀ ਦੇ ਸਮਾਨ ਬਣਾਉਣ ਦੀ ਥਾਂ ਮਨੁੱਖ ਕਲਿਆਣਾ ਸਿਹਤ ਸੰਭਾਲ ਦਾ ਸਾਜੋ ਸਮਾਨ ਬਨਾਉਣ ਵੱਲ ਮੁੜਨਾ ਪਵੇਗਾ। ਸਮੁੱਚੇ ਸੰਸਾਰ ਦੀਆਂ ਸ਼ਕਤੀਆਂ ਨੂੰ ਐਸੋ ਆਰਾਮ ਦਾ ਸਮਨ ਬਣਾਉਣ ਦੀ ਥਾਂ ਤੇ ਦਵਾਈਆਂ ਹਸਪਤਾਲ ਸਿਹਤ ਇਲਾਜ ਨਾਲ ਜੁੜੇ ਉਪਕਰਨਾਂ ਦਾ ਉਤਪਾਦਨ ਕਰਨਾ ਪਵੇਗਾ। ਮਨੁੱਖੀ ਜੀਵਨ ਜੀਵ ਦੀ ਰੱਖਿਆ ਲਈ ਵਸਤਾਂ ਦਾ ਉਤਪਾਦਨ ਕਰਨਾ ਪਵੇਗਾ। ਸਿਹਤ ਦਵਾਈਆਂ ਦੀ ਖੋਜ, ਇਲਾਜ ਤੇ ਖਰਚਾ ਕਰਨਾ ਪਵੇਗਾ। ਇਹ ਮਹਾਂਮਾਰੀ ਸਾਰੇ ਸੰਸਾਰ ਦੀ ਸਾਂਝੀ ਦੁਸਮਣ ਹੈ। ਇਸਦਾ ਟਾਕਰਾ ਵੀ ਇੱਕ ਮੁੱਠ ਹੋ ਕੇ ਕਰਨਾ ਪਵੇਗਾ।

ਸਮਾਜਿਕ ਜਿੰਮੇਵਾਰੀਆਂ ਵਿੱਚ ਖੇਤੀ ਅਤੇ ਉਦਯੋਗ, ਚੰਗੀ ਖੇਤੀ, ਚੰਗੀ ਸਿਹਤ ਦੀ ਤਰੱਕੀ ਲਈ ਕੰਮ ਕਰਨਾ ਪਵੇਗਾ। ਮਨੁੱਖੀ ਖਾਧ ਖੁਰਾਕ ਵਿੱਚ ਸੁਧਾਰ ਕਰਕੇ ਬਿਮਾਰੀ ਨਾਲ ਲੜਨ ਦੀ ਸ਼ਕਤੀ ਪੈਦਾ ਕਰਨੀ ਹੋਵੇਗੀ। ਕਰੋਨਾ ਦੀ ਮਾਰ ਨੇ ਮਨੁੱਖ ਨੂੰ ਘਰਾਂ ਵਿੱਚ ਕੈਦ ਕਰ ਛੱਡਿਆ ਹੈ। ਤਦ ਹੀ ਹਵਾ ਇੱਕ ਤਾਜਾ ਦਮ ਹੋ ਗਈ ਹੈ। ਅਸਮਾਨ ਸਾਫ, ਝੀਲਾਂ ਸਮੁੰਦਰ ਦਰਿਆ ਨਿਰਮਲ ਹੋ ਗਏ ਹਨ। ਜੰਗਲੀ ਪਰਿੰਦੇ ਚਹਿਕ ਉਠੇ ਹਨ। ਉਹ ਹੁਣ ਬਸਤੀਆਂ ਬਨੇਰਿਆਂ 'ਤੇ ਆਣ ਢੁੱਕੇ ਹਨ। ਚੌਗਿਰਦਾ ਪ੍ਰਦੂਸ਼ਣ ਮੁਕਤ ਹੋ ਕੇ ਸ਼ਾਂਤ ਹੋ ਗਿਆ ਹੈ। ਇਸ ਸਭ ਨੂੰ ਪ੍ਰਦੂਸ਼ਨ ਕਰਨ ਦਾ ਦੋਸ਼ੀ ਮਨੁੱਖ ਹੀ ਸੀ।

ਅੰਤਿਕਾ : ਹੇ ਮੇਰੇ ਮਨ, ਹੁਣ ਮਨੁੱਖਾ ਜਨਮ ਮਿਲਣ ਤੇ ਨਾਮ ਬੀਜਣ ਦਾ ਸਮਾਂ ਤੈਨੂੰ ਮਿਲਿਆ ਹੈ। ਆਪਣੇ ਹਿਰਦੇ ਦੀ ਪੈਲੀ ਵਿੱਚ ਸਿਰਫ਼ ਹਰਿ ਨਾਮ ਬੀਜ, ਮਨੁੱਖਾ ਜੀਵਨ ਤੋਂ ਬਿਨਾਂ ਕਿਸੇ ਹੋਰ ਜਨਮ ਵਿੱਚ ਪਰਮਾਤਮਾ ਦਾ ਨਾਮ ਨਹੀਂ ਬੀਜਿਆ ਜਾ ਸਕੇਗਾ। ਹੇ ਮੇਰੇ ਮਨ! ਵੇਖੀ ਮਾਇਆ ਦੀ ਭੱਜ ਦੌੜ ਵਿਚ ਪੈ ਕੇ ਕਿਤੇ ਕੁਰਾਹੇ ਨਾ ਪੈ ਜਾਈਂ। ਹੇ ਮਨ! ਇਹ ਮਨੁੱਖਾ ਜਨਮ ਹੀ ਨਾਮ ਬੀਜਣ ਦਾ ਸਮਾਂ ਹੈ। ਪਰ ਹੇ ਮਨ! ਗੁਰੂ ਨੂੰ ਮਿਲ ਕੇ ਹੀ ਹਰਿ ਨਾਮ ਪ੍ਰਾਪਤ ਕੀਤਾ ਜਾ ਸਕਦਾ ਹੈ। ਹੇ ਨਾਨਕ! ਜਿਸ ਮਨੁੱਖ ਦੇ ਮੱਥੇ ਤੇ ਧੁਰੋਂ ਨਾਮ ਦੀ ਪ੍ਰਾਪਤੀ ਦਾ ਲੇਖ ਉਘੜਦਾ ਹੈ, ਉਹ ਮਨੁੱਖ ਹੀ ਸਦਾ ਪਰਮਾਤਮਮਾ ਦੇ ਗੁਣ ਉਚਾਰਦਾ ਹੈ। ਅੰਗ 1185

ਅਬ ਕਲੂ ਆਇਓ ਰੇ॥ ਇਕੁ ਨਾਮੁ ਬੋਵਹੁ ਬੋਵਹੁ॥

***

## ਬਾਗ਼ੀ ਕਸ਼ਮੀਰ ਤੇ ਰਾਸ਼ਟਰੀ

ਭਲੀ-ਭਾਂਤ ਸਮਝਦੇ ਹਨ, ਪਰ ਉਨ੍ਹਾਂ ਨੂੰ ਇਹ ਬਰਦਾਸ਼ਤ ਨਹੀਂ ਕਿ ਇਹ ਜਨਤਕ ਤੌਰ 'ਤੇ ਇਹ ਦਿਖਾਈ ਦੇਵੇ ਕਿ ਕੁਝ ਲੋਕ ਹਨ ਜੋ ਉਨ੍ਹਾਂ ਲਈ ਸਤਿਕਾਰ ਨਹੀਂ ਰੱਖਦੇ ਅਤੇ ਉਹ ਉਸ ਦਾ ਦਿਖਾਵਾ ਵੀ ਨਹੀਂ ਕਰਨਾ ਚਾਹੁੰਦੇ।

ਅਦਾਲਤ ਅਤੇ ਕਾਨੂੰਨੀ ਮੁੱਦੇ ਨੂੰ ਵੀ ਪਾਸੇ ਛੱਡ ਕੇ ਅਸਲ ਮੁੱਦੇ 'ਤੇ ਗੱਲ ਕਰੀਏ। ਆਖ਼ਰਕਾਰ, ਅਸੀਂ ਕਿਵੇਂ ਕਲਪਨਾ ਕਰ ਸਕਦੇ ਹਾਂ ਕਿ ਜੰਮੂ-ਕਸ਼ਮੀਰ ਦੇ ਲੋਕਾਂ ਨੂੰ ਭਾਰਤ ਨਾਲ ਜੁੜੇ ਕਿਸੇ ਅਜਿਹੇ ਚਿੰਨ੍ਹ ਲਈ ਸਤਿਕਾਰ ਜਾਂ ਪਿਆਰ ਹੋਵੇਗਾ। ਭਾਰਤ ਦਾ ਮਤਲਬ ਕਸ਼ਮੀਰ ਦੇ ਲੋਕਾਂ ਲਈ ਫੌਜ, ਜੇਲ੍ਹ, ਜ਼ੁਲਮ ਹੈ। ਇਹ ਇੱਕ ਕਿਸਮ ਦੀ ਬਸਤੀਵਾਦੀ ਸ਼ਕਤੀ ਹੈ ਜਿਸ ਦਾ ਕਸ਼ਮੀਰੀਆਂ ਨਾਲ ਜਬਰਦਸਤੀ ਰਿਸ਼ਤਾ ਹੈ। ਧਾਰਾ 370 ਨੂੰ ਖਤਮ ਕਰਨ ਅਤੇ ਜੰਮੂ-ਕਸ਼ਮੀਰ ਨੂੰ ਦੋ ਹਿੱਸਿਆਂ ਵਿੱਚ ਵੰਡ ਕੇ ਰਾਜ ਦਾ ਦਰਜਾ ਖੋਹਣ ਦੇ ਅਪਮਾਨਜਨਕ ਕਾਰੇ ਤੋਂ ਬਾਅਦ, ਭਾਰਤ ਜਾਂ ਭਾਰਤੀਆਂ ਲਈ ਕਸ਼ਮੀਰੀਆਂ ਦੇ ਮਨਾਂ ਵਿੱਚ ਕੋਈ ਥਾਂ ਰੱਖਣ ਦੀ ਇੱਛਾ ਰਖਣਾ ਮੂਰਖਤਾ ਤੋਂ ਇਲਾਵਾ ਕੁਝ ਨਹੀਂ ਹੈ। ਭਾਰਤੀ ਰਾਜ ਅਤੇ ਬਹੁਤੇ ਭਾਰਤੀਆਂ ਨੇ ਇਹ ਸਾਬਤ ਕਰ ਦਿੱਤਾ ਹੈ ਕਿ ਉਹ ਕਸ਼ਮੀਰ ਨੂੰ ਸਿਰਫ਼ ਜ਼ਮੀਨ ਅਤੇ ਹੋਰ ਵਸੀਲਿਆਂ 'ਤੇ ਕਬਜ਼ਾ ਕਰਨ ਲਈ ਦੇਖਦੇ ਹਨ। ਹੁਣੇ ਜਿਹੇ ਬੇਜ਼ਮੀਨੇ ਨੂੰ ਜ਼ਮੀਨ ਦੇਣ ਦੀ ਸਰਕਾਰੀ ਯੋਜਨਾ ਅਸਲ ਵਿੱਚ ਕਸ਼ਮੀਰ ਦੀ ਆਬਾਦੀ ਦਾ ਚਿਹਰਾ ਬਦਲਣ ਦੀ ਕੋਸ਼ਿਸ਼ ਦਾ ਇੱਕ ਹਿੱਸਾ ਹੈ। ਕਸ਼ਮੀਰ ਵਿੱਚ ਹਰ ਕਿਸੇ ਦੇ ਹੱਥ-ਪੈਰ ਬੰਨ੍ਹੇ ਹੋਏ ਹਨ ਅਤੇ ਹਰ ਇੱਕ ਦੀ ਜ਼ੁਬਾਨ ਨੂੰ ਤਾਲਾ ਲੱਗਾ ਹੋਇਆ ਹੈ। ਕੋਈ ਵੀ ਅਖ਼ਬਾਰ ਅਸਲ ਖ਼ਬਰ ਨਹੀਂ ਦੇ ਸਕਦਾ ਅਤੇ ਕੋਈ ਵੀ ਆਪਣੀ ਸੁਤੰਤਰ ਰਾਏ ਨਹੀਂ ਰੱਖ ਸਕਦਾ। ਸੱਜਾਦ ਗੁਲ ਅਤੇ ਫਹਾਦ ਸ਼ਾਹ ਦੀਆਂ ਗ੍ਰਿਫ਼ਤਾਰੀਆਂ ਤੋਂ ਇਲਾਵਾ ਪ੍ਰੈੱਸ ਕਲੱਬ 'ਤੇ ਕਬਜ਼ਾ ਕਰਨ ਅਤੇ ਉਸ ਤੋਂ ਪਹਿਲਾਂ 'ਕਸ਼ਮੀਰ ਟਾਈਮਜ਼' 'ਤੇ ਛਾਪੇਮਾਰੀ ਕਰਕੇ ਇਸ ਨੂੰ ਨਾਕਾਮ ਕਰਨ ਦੀਆਂ ਘਟਨਾਵਾਂ ਪੁਰਾਣੀਆਂ ਨਹੀਂ ਹੋਈਆਂ।

ਹੁਣੇ ਜਿਹੇ ਕਸ਼ਮੀਰ ਵਿੱਚ ਹੋਏ ਜੀ-20 ਸਮਾਰੋਹ ਵਿੱਚ, ਇੱਕ ਵਿਦੇਸ਼ੀ ਨੇ ਸਹੀ ਕਿਹਾ ਕਿ ਲੱਗਦਾ ਹੈ ਕਿ ਕਸ਼ਮੀਰ ਦੀਆਂ ਸੜਕਾਂ ਤੋਂ ਸਭ ਕੁਛ ਘਸੀਟਕੇ ਬਾਹਰ ਕਰ ਦਿਤਾ ਗਿਆ ਹੈ, ਇੱਥੋਂ ਤੱਕ ਕਿ ਇੱਥੋਂ ਦੇ ਲੋਕਾਂ ਨੂੰ ਵੀ। ਕਸ਼ਮੀਰ ਬਾਰੇ ਫੈਸਲਾ ਕਸ਼ਮੀਰ ਦੇ ਲੋਕ ਨਹੀਂ ਕਰ ਰਹੇ ਹਨ ਅਤੇ ਲੈਫਟੀਨੈਂਟ ਗਵਰਨਰ ਭਾਰਤ ਦਾ ਨੁਮਾਇੰਦਾ ਹੈ ਜੋ ਕਸ਼ਮੀਰ ਦੇ ਲੋਕਾਂ ਲਈ ਹਮਲਾਵਰ ਹੈ। ਇਹ ਉਮੀਦ ਕਰਨਾ ਕਿ ਕਸ਼ਮੀਰੀ ਉਸ ਦੀ ਮੌਜੂਦਗੀ ਵਿੱਚ ਉਸ ਦਾ ਜਾਂ ਕਿਸੇ ਭਾਰਤੀ ਚਿੰਨ੍ਹ ਦਾ ਸਨਮਾਨ ਕਰਨਗੇ ਤਾਂ ਇਹ ਗਲਤ ਹੈ।

ਕਸ਼ਮੀਰ ਨਾਲ ਭਾਰਤ ਦਾ ਸਬੰਧ ਮਨੁੱਖੀ ਸਬੰਧ ਨਹੀਂ ਹੈ। ਇਹ ਤਾਕਤਵਰ ਅਤੇ ਕਮਜ਼ੋਰ ਦਾ ਰਿਸ਼ਤਾ ਹੈ। ਜਦੋਂ ਕਮਜ਼ੋਰ ਚੀਕ ਨਹੀਂ ਸਕਦਾ, ਤਾਂ ਉਹ ਚੁੱਪ ਰਹਿ ਕੇ ਆਪਣਾ ਵਿਰੋਧ ਦਰਜ ਕਰ ਲੈਂਦਾ ਹੈ। ਬਲਵਾਨਾਂ ਕੋਲ ਇਸ ਲਈ ਉਸਨੂੰ ਸਜ਼ਾ ਦੇਣ ਦੀ ਸ਼ਕਤੀ ਹੈ। ਇਸੇ ਲਈ ਭਾਰਤੀ ਪੁਲਿਸ ਨੇ 11 ਕਸ਼ਮੀਰੀਆਂ ਨੂੰ ਜੇਲ੍ਹ ਵਿੱਚ ਡੱਕ ਦਿੱਤਾ ਹੈ। ਇਸ ਨਾਲ ਭਾਰਤ ਬਾਰੇ ਕਸ਼ਮੀਰੀਆਂ ਵਿਚ ਡਰ ਵਧੇਗਾ, ਪਰ ਇਸ ਨਾਲ ਉਸ ਦਾ ਸਨਮਾਨ ਵਧੇਗਾ, ਕੀ ਇਹ ਸੋਚਿਆ ਜਾ ਸਕਦਾ ਹੈ?

***

## ਗੁ. ਸ੍ਰੀ ਨਾਨਕਮਤਾ ਸਾਹਿਬ

ਇਸ ਹਾਲਾਤ ਤੋਂ ਜਾਣੂ ਕਰਵਾ ਸਕੇ। ਸੰਗਤ ਦੀ ਮਨਜ਼ੂਰੀ ਨਾਲ ਗੁਰਦੁਆਰਾ ਨਾਨਕਮਤਾ ਸੁਧਾਰ ਕਮੇਟੀ ਦਾ ਗਠਨ ਕੀਤਾ ਗਿਆ ਜਿਸ ਵਿੱਚ ਪ੍ਰਧਾਨ, ਸ. ਹਰਨਾਮ ਸਿੰਘ ਇੰਜਨੀਅਰ; ਮੀਤ ਪ੍ਰਧਾਨ, ਸ. ਰਘਬੀਰ ਸਿੰਘ; ਸਕੱਤਰ, ਸ. ਤੇਜ ਸਿੰਘ, ਬਰੇਲੀ; ਮੀਤ ਸਕੱਤਰ, ਸ. ਨਰਿੰਜਨ ਸਿੰਘ ਦਕੋਹੀਆ ਅਤੇ ਖ਼ਜ਼ਾਨਚੀ, ਸ. ਜਗਤ ਸਿੰਘ ਨੂੰ ਚੁਣਿਆ ਗਿਆ। 4 ਜੂਨ 1933 ਨੂੰ ਇਹ ਕਮੇਟੀ ਗੁਰਦੁਆਰਾ ਸਾਹਿਬ ਦੀ ਜਾਣਕਾਰੀ ਪ੍ਰਾਪਤ ਕਰਨ ਲਈ ਨਾਨਕਮਤਾ ਸਾਹਿਬ ਆਈ ਅਤੇ ਹਾਲਾਤ ਦੇ ਮੱਦੇਨਜ਼ਰ ਇਸ ਨੇ ਉੱਤਰ ਪ੍ਰਦੇਸ਼ ਦੇ ਗਵਰਨਰ ਨੂੰ ਇਕ ਚਿੱਠੀ ਲਿਖ ਕੇ ਇਸ ਨੂੰ ਵਕਫ਼ ਦੀ ਜਾਇਦਾਦਘੋਸ਼ਿਤ ਕਰਨ ਦੀ ਬੇਨਤੀ ਕਰ ਦਿੱਤੀ ਸੀ।

ਇਸ ਗੁਰਦੁਆਰਾ ਸਾਹਿਬ ਦੇ ਨਾਂ ਬਹੁਤ ਸਾਰੀ ਜ਼ਮੀਨ ਮੌਜੂਦ ਸੀ ਜਿਸ ਵਿੱਚ ਅਵਧ ਦੇ ਨਵਾਬ ਮਹਿੰਦੀ ਅਲੀ ਖ਼ਾਨ ਵੱਲੋਂ 1803 ਵਿੱਚ ਲੰਗਰ ਲਈ ਭੇਟ ਕੀਤੀ 4500 ਏਕੜ ਜ਼ਮੀਨ ਵੀ ਸ਼ਾਮਲ ਸੀ। 1962 ਵਿੱਚ ਉੱਤਰ ਪ੍ਰਦੇਸ਼ ਦੀ ਸਰਕਾਰ ਵੱਲੋਂ ਇਸ ਵਿਚੋਂ 3200 ਏਕੜ ਜ਼ਮੀਨ 'ਤੇ ਨਾਨਕ ਸਾਗਰ ਡੈਮ ਦੀ ਉਸਾਰੀ ਕਰ ਲਈ ਸੀ। 1933 ਵਿੱਚ ਜਦੋਂ ਮਹੰਤ ਨਾਲ ਮਰਯਾਦਾ ਅਤੇ ਗੁਰਦੁਆਰਾ ਸਾਹਿਬ ਦੀ ਸਾਂਭ ਸੰਭਾਲ ਨੂੰ ਲੈ ਕੇ ਵਿਵਾਦ ਖੜ੍ਹਾ ਹੋਇਆ ਤਾਂ ਉਸ ਸਮੇਂ ਇਸ ਗੁਰਧਾਮ ਦੀ ਹਾਲਤ ਨਿਘਾਰ ਦੀ ਦਿਸ਼ਾ ਵਿੱਚ ਸੀ। ਲੱਖਾਂ ਰੁਪਏ ਦੀ ਆਮਦਨ ਹੋਣ ਦੇ ਬਾਵਜੂਦ ਵੀ ਗੁਰਦੁਆਰਾ ਸਾਹਿਬ ਦੀ ਡਿੱਗਦੀ ਜਾ ਰਹੀ ਇਮਾਰਤ ਨੂੰ ਦੇਖ ਕੇ ਸਿੱਖਾਂ ਦੇ ਮਨ ਨੂੰ ਭਾਰੀ ਠੇਸ ਪੁੱਜ ਰਹੀ ਸੀ। ਇਸੇ ਸਾਲ ਦੀਵਾਲੀ ਦੇ ਧਾਰਮਿਕ ਦੀਵਾਨ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧ ਕਮੇਟੀ, ਚੀਫ਼ ਖ਼ਾਲਸਾ ਦੀਵਾਨ ਅਤੇ ਯੂ.ਪੀ. ਸੈਂਟਰਲ ਸਿੱਖ ਦੀਵਾਨ ਦੇ ਪਤਵੰਤੇ ਸੱਜਣ ਸ਼ਾਮਲ ਹੋਏ ਜਿਨ੍ਹਾਂ ਨੇ ਗੁਰਦੁਆਰਾ ਸਾਹਿਬ ਦੇ ਹਾਲਾਤ ਨੂੰ ਦੇਖਦੇ ਹੋਏ ਅਦਾਲਤ ਦਾ ਸਹਾਰਾ ਲੈਣ ਦਾ ਮਨ ਬਣਾ ਲਿਆ ਸੀ।

ਸਿੱਖਾਂ ਵਿੱਚ ਪੈਦਾ ਹੋਈ ਬੇਚੈਨੀ ਦੀ ਜਾਣਕਾਰੀ ਮਹੰਤ ਨੂੰ ਵੀ ਪ੍ਰਾਪਤ ਹੋ ਗਈ ਸੀ ਅਤੇ ਸਿੱਖਾਂ ਦੇ ਰੁਖ ਨੂੰ ਦੇਖਦੇ ਹੋਏ ਉਹ ਮਾਰਚ 1934 ਵਿੱਚ ਗੁਰਦੁਆਰਾ ਸਾਹਿਬ ਨੂੰ ਛੱਡ ਕੇ ਚਲਾ ਗਿਆ ਸੀ। ਉਸ ਦੀ ਗ਼ੈਰ ਹਾਜ਼ਰੀ ਵਿੱਚ ਅਦਾਲਤ ਨੇ ਇਕ ਰਿਸੀਵਰ ਨਿਯੁਕਤ ਕੀਤਾ ਜਿਸ ਨੇ ਅਗਸਤ 1934 ਵਿੱਚ ਆਪਣਾ ਕਾਰਜ ਸ਼ੁਰੂ ਕਰ ਦਿੱਤਾ ਸੀ। ਗੁਰਦੁਆਰਾ ਸਾਹਿਬ ਦਾ ਪ੍ਰਬੰਧ ਲੈਣ ਲਈ 29 ਸਤੰਬਰ 1934 ਨੂੰ ਚਾਰ ਸਿੱਖਾਂ - ਸ. ਸੰਤੋਖ ਸਿੰਘ, ਸ. ਇੰਦਰਜੀਤ ਸਿੰਘ, ਸ. ਰਾਮ ਸਿੰਘ ਅਤੇ ਸ. ਬਲਵੰਤ ਸਿੰਘ ਨੇ ਕਮਾਊਂ ਦੀ ਜ਼ਿਲ੍ਹਾ ਅਦਾਲਤ ਵਿੱਚ ਅਰਜ਼ੀ ਦਾਖ਼ਲ ਕਰ ਦਿੱਤੀ। 20 ਅਗਸਤ 1935 ਨੂੰ ਜ਼ਿਲ੍ਹਾ ਜੱਜ ਨੇ ਆਪਣੇ ਫ਼ੈਸਲੇ ਵਿੱਚ ਗੁਰਦੁਆਰਾ ਸਾਹਿਬ ਦਾ ਪ੍ਰਬੰਧ ਪੰਜ ਸਿੱਖਾਂ ਦੇ ਹਵਾਲੇ ਕਰ ਦਿੱਤਾ ਸੀ ਜਿਸ ਵਿੱਚ ਚਾਰ ਪਟੀਸ਼ਨਰਾਂ ਨੂੰ ਸ਼ਾਮਲ ਕਰਦੇ ਹੋਏ ਪੰਜਵਾਂ ਮੈਂਬਰ ਨੈਨੀਤਾਲ ਦੇ ਡਿਪਟੀ ਕਮਿਸ਼ਨਰ ਵੱਲੋਂ ਚਾਰ ਪਟੀਸ਼ਨਰਾਂ ਦੀ ਸਲਾਹ ਨਾਲ ਲਾਉਣ ਦਾ ਆਦੇਸ਼ ਕਰ ਦਿੱਤਾ ਗਿਆ ਸੀ। ਮੁੱਢਲੇ ਰੂਪ ਵਿੱਚ ਪੰਜ ਮੈਂਬਰੀ ਕਮੇਟੀ ਹੋਂਦ ਵਿੱਚ ਆ ਗਈ ਸੀ। ਮੌਜੂਦ ਸਮੇਂ ਵਿੱਚ 30 ਮੈਂਬਰੀ ਕਮੇਟੀ ਇਸ ਗੁਰਧਾਮ ਦੀ ਸੇਵਾ ਸੰਭਾਲ ਲਈ ਕਾਰਜਸ਼ੀਲ ਹੈ ਅਤੇ ਡਾ. ਹਰਬੰਸ ਸਿੰਘ ਚੁੱਘ ਇਸ ਦੇ ਪ੍ਰਧਾਨ ਹਨ।

***

## ਫ਼ਿਲਮ ਦੇ 'ਇੰਟਰਵੈੱਲ' ਦੌਰਾਨ

ਉਨ੍ਹਾਂ ਨੇ ਉਸ ਨੂੰ ਟੈਂਪੂ 'ਚ ਬੈਠੇ ਦੇਖਿਆ ਹੈ। ਇਸ ਤੋਂ ਬਾਅਦ ਉਹ ਟੈਂਪੂ ਸਟੈਂਡ 'ਤੇ ਗਿਆ ਅਤੇ ਬੱਸ ਸਟੈਂਡ 'ਤੇ ਵੀ ਕਾਫੀ ਭਾਲ ਕੀਤੀ ਪਰ ਉਸ ਦੀ ਗੁੰਮ ਹੋਈ ਪਤਨੀ ਦਾ ਪਤਾ ਨਹੀਂ ਲੱਗਾ। ਫਿਰ ਉਹ ਆਦਰਸ਼ ਨਗਰ ਥਾਣੇ ਗਿਆ ਅਤੇ ਆਪਣੀ ਪਤਨੀ ਦੀ ਗੁੰਮਸ਼ੁਦਗੀ ਦੀ ਰਿਪੋਰਟ ਦਰਜ ਕਰਵਾਈ।

ਰਿਪੋਰਟ ਲਿਖਣ ਤੋਂ ਬਾਅਦ ਜਦੋਂ ਪੁਲਿਸ ਨੇ ਲੜਕੀ ਦੀ ਭਾਲ ਕੀਤੀ ਤਾਂ ਉਹ ਸ਼ਾਹਪੁਰਾ ਸਥਿਤ ਆਪਣੇ ਘਰੋਂ ਹੀ ਮਿਲੀ। ਜਦੋਂ ਪੁਲਿਸ ਨੇ ਉਸ ਨੂੰ ਪੁੱਛਿਆ ਕਿ ਉਹ ਆਪਣੇ ਪਤੀ ਨੂੰ ਛੱਡ ਕੇ ਕਿਉਂ ਭੱਜ ਗਈ ਹੈ ਤਾਂ ਲੜਕੀ ਨੇ ਜਵਾਬ ਦਿੱਤਾ ਕਿ ਉਹ ਜਾਣਬੁੱਝ ਕੇ ਆਪਣੇ ਪਤੀ ਨੂੰ ਛੱਡ ਗਈ ਹੈ ਕਿਉਂਕਿ ਉਹ ਇਸ ਵਿਆਹ ਤੋਂ ਖੁਸ਼ ਨਹੀਂ ਸੀ।

***

## ਧਰਮ ਪ੍ਰਚਾਰ ਲਈ ਗੁਰੂ ਘਰਾਂ ਨੂੰ

ਕੁਝ ਗੁਰਪੁਰਬਾਂ ਦਾ ਪ੍ਰਬੰਧ ਨੌਜਵਾਨਾਂ ਨੂੰ ਦਿੱਤਾ ਜਾਵੇ: ਅੱਜ ਨੌਜਵਾਨ ਬੱਚਿਆਂ ਨੂੰ ਗੁਰਦੁਆਰਾ ਸਾਹਿਬ ਨਾਲ ਜੋੜ ਕੇ ਰੱਖਣ ਦੀ ਵਧੀਕ ਲੋੜ ਹੈ। ਕੁਝ ਪੁਰਬ ਨੌਜਵਾਨ ਮਨਾਉਣ ਜਿਵੇਂ ਚਾਰ ਸਾਹਿਬਜ਼ਾਦਿਆਂ ਦਾ ਸ਼ਹੀਦੀ ਪੁਰਬ, ਬੰਦੀ ਛੋੜ ਦਿਵਸ (ਦੀਵਾਲੀ), ਨਵੇਂ ਸਾਲ ਦੀ ਆਰੰਭਤਾ ਦਾ ਸਮਾਗਮ ਹੋਵੇ ਅਤੇ ਕੁਝ ਸਿੱਖ ਯੋਧਿਆਂ ਦੇ ਦਿਨ-ਦਿਹਾੜੇ ਨੌਜਵਾਨਾਂ ਨੂੰ ਸਮਰਪਿਤ ਕੀਤੇ ਜਾਣ। ਇਸ ਤਰ੍ਹਾਂ ਵਿਰਸੇ ਤੇ ਵਿਰਾਸਤ ਦਾ ਮਾਣ ਵਧੇਗਾ।ਇਹ ਸਭ ਲਾਗੂ ਤਾਂ ਹੋ ਸਕਦਾ ਹੈ, ਜੇਕਰ ਸਮੂਹ ਗੁਰਦੁਆਰਿਆਂ ਦੇ ਪ੍ਰਬੰਧਕ ਭਾਵਨਾ ਵਾਲੇ ਹੋਣ। ਅਸੀਂ ਧੜੇਬੰਦੀਆਂ ਤੋਂ ਉਪਰ ਉਠਾਂਗੇ ਤਾਂ ਭਲਾ ਹੋਵੇਗਾ। ਕਿਤੇ ਵੀ ਜਾਤ-ਪਾਤ ਦਾ ਵਿਤਕਰਾ ਨਾ ਹੋਵੇ। ਪਤਿਤ ਸਿੱਖਾਂ ਨੂੰ ਵੀ ਕਲਾਵੇ 'ਚ ਲਈਏ। ਨਫ਼ਰਤਵਾਦੀ ਪ੍ਰਚਾਰ ਨਾਲ ਸਭ ਧਰਮਾਂ 'ਚ ਖੜ੍ਹੋਤ ਆਵੇਗੀ, ਇਸ ਲਈ ਬਚਣਾ ਜ਼ਰੂਰੀ ਹੈ। ਗੁਰੂ ਘਰ ਵਿੱਚ ਇੰਨੀ ਸ਼ਕਤੀ ਹੈ ਕਿ ਨੇਕ ਨੀਅਤ ਨਾਲ ਕੀਤੇ ਕਾਰਜ ਸਦਾ ਸਫਲ ਹੋਣਗੇ।

**

## ਯੂਨੀਫਾਰਮ ਸਿਵਲ ਕੋਡ

ਇਨ੍ਹਾਂ ਹਾਲਾਤ ਵਿੱਚ ਸਾਹਮਣੇ ਆ ਰਹੇ ਸਾਮਾਨ ਨਾਗਰਿਕਤਾ ਜ਼ਾਬਤੇ ਸਬੰਧੀ ਸਿੱਖ ਪੰਥ ਦਾ ਕੀ ਦ੍ਰਿਸ਼ਟੀਕੋਣ ਹੋਏ, ਇਹ ਇਕ ਵੱਡਾ ਪ੍ਰਸ਼ਨ ਹੈ। ਜ਼ਾਹਿਰ ਹੈ ਕਿ ਸਿੱਖਾਂ ਨੂੰ ਆਪਣੀ ਹਰ ਤਰਜ਼ ਦੀਆਂ ਆਜ਼ਾਦੀਆਂ ਅਤੇ ਹੋਂਦ ਨੂੰ ਬਚਾਉਣ ਲਈ ਅਤੇ ਵਿਸ਼ਾਲ ਹਿੰਦੂ ਰਾਜ ਤੋਂ ਬਚਣ ਲਈ ਹੁਣ ਵੱਡੇ ਫੈਸਲੇ ਲੈਣੇ ਹੋਣਗੇ। ਉਨ੍ਹਾਂ ਨੂੰ ਜਿੱਥੇ ਇਸ ਸੰਭਾਵੀ ਬਿਲ ਦਾ ਵਿਰੋਧ ਕਰਦਿਆਂ ਦੂਜੀਆਂ ਭਾਰਤੀ ਧਾਰਮਿਕ-ਸਮਾਜਿਕ ਘੱਟਗਿਣਤੀਆਂ ਨਾਲ ਖੜ੍ਹਾ ਹੋਣਾ ਪਏਗਾ, ਉੱਥੇ ਪੰਥਕ ਸੁਰ ਵਾਲੇ ਕਾਨੂੰਨੀ ਮਾਹਿਰਾਂ ਨੂੰ ਵੱਖਰਾ ਸਿੱਖ ਪਰਸਨਲ ਲਾਅ ਕੋਡ ਬਣਾਉਣ ਦੀ ਦਿਸ਼ਾ ਵਿੱਚ ਅੱਗੇ ਵੱਧਣਾ ਹੋਏਗਾ। ਯਕੀਨਨ ਉਨ੍ਹਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਵਿਸਮਾਦੀ ਫਿਲਾਸਫੀ ਦੀ ਮੂਲ ਭਾਵਨਾ ਅਨੁਸਾਰ ਬਹੁਲਤਾ ਅਤੇ ਇਕਸੁਰਤਾ ਦੇ ਸਿਧਾਂਤਾਂ ਨੂੰ ਬਣਾਈ ਰੱਖਣ ਲਈ ਵੱਡੇ ਬਹੁ-ਪਰਤੀ ਸੰਘਰਸ਼ ਲੜਨੇ ਹੋਣਗੇ। ਉਨ੍ਹਾਂ ਨੂੰ ਮਨੁੱਖਤਾ ਨੂੰ ਕੁਦਰਤ ਅਨੁਸਾਰੀ ਜੀਵਨ ਜੀਊਣ ਲਈ ਸੰਸਾਰ ਪੱਧਰ 'ਤੇ ਵੱਡੀ ਲਹਿਰ ਖੜ੍ਹੀ ਕਰਨੀ ਹੋਏਗੀ।


ਰੋਜ਼ਾਨਾ ਦੇਸ਼-ਵਿਦੇਸ਼ ਦੇ ਰਾਜਨੀਤਕ, ਧਾਰਮਿਕ ਜਾਂ ਸੱਭਿਆਚਾਰਕ ਮੁੱਦਿਆਂ ਬਾਰੇ
ਜਾਣੋ ਪਲ ਪਲ ਦੀ ਖਬਰ
AJJ DA MUDDA
ON
jus PUNJABI HD
sling
CREDIBILITY
RELIABILITY
Minute to Minute Coverage of Punjab Elections
Punjabi Super Pack
20 channels for only $25/month on
sling
SCAN ME TO SUBSCRIBE
Get 30% off ANY Pack for the first month! w/code: SLINGER854
To Subscribe Call: +1-718-752-9290
Visit: sling.com/juspunjabi
for advertisement & more information call: +1-718-752-9293
www.jusbroadcasting.com